ਮਾਸਿਕ

# ਸੀਸ ਗੰਜ

## SISGANJ

Volume 59 January 2022 Issue 1 Rs. 5



# ਇਸ ਮਹੀਨੇ ਦਾ ਵਿਚਾਰ

ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ॥
ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ॥
ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ॥
ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ॥
ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ॥
ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ॥
ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ॥
ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਣੁ॥
ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ॥੧੨॥

(ਅੰਗ ੧੩੫-੧੩੬)

**: ਅਰਥ :**

ਮਾਘ ਦਾ ਮਹੀਨਾ ਠੰਡਾ ਤੇ ਅਤਿ ਦਾ ਬਰਫ਼ੀਲਾ ਹੁੰਦਾ ਹੈ ਪਰ ਰੁੱਤ ਕੁੱਝ ਬਦਲ ਖਲੋਂਦੀ ਹੈ। ਬਸੰਤ ਦਾ ਕੁੱਝ ਆਗਮਨ ਵੀ ਆਉਣਾ ਮੰਨਿਆ ਖਿਆਲ ਕੀਤਾ ਜਾਂਦਾ ਹੈ। ਇਸ ਮਹੀਨੇ ਵਿੱਚ ਪਤੀ ਪ੍ਰਾਪਤ ਸੁਹਾਗਣ ਦੇ ਰੂਪ ਵਿੱਚ ਮਿਲੇ ਪਏ ਸੰਤ ਦਾ ਵਰਨਣ ਹੈ। ਇਸ ਮਹੀਨੇ ਵਿੱਚ ਪ੍ਰਯਾਗ ਆਦਿ ਤੀਰਥਾਂ 'ਤੇ ਇਸ਼ਨਾਨ ਦਾ ਮਹਾਤਮ ਕਥਨ ਕੀਤੇ ਗਏ ਹਨ। ਗੁਰੂ ਜੀ ਉਸੇ ਰੂਪਕ ਵਿੱਚ ਸਾਧੂ ਦੇ ਸੰਗ ਰੂਪੀ ਤੀਰਥ ਦਾ ਇਸ਼ਨਾਨ ਪ੍ਰਾਪਤੀ ਦਾ ਵਸੀਲਾ ਦੱਸਦੇ ਹਨ। ਉਨ੍ਹਾਂ ਤੋਂ ਨਾਮ ਲੈ ਕੇ ਆਪ ਜਪੁ ਤੇ ਅੱਗੇ ਜਪਾ।

**: ਭਾਵਾਰਥ :**

ਮਾਘ ਵਿੱਚ ਇਸ਼ਨਾਨ ਇਹ ਕਰ ਕਿ ਸਾਧੂਆਂ ਦੇ ਸੰਗ ਵਿੱਚ ਰਹੁ ਤੇ ਉਹਨਾਂ ਦੀ ਚਰਨ ਧੂੜੀ ਵਿੱਚ ਇਸ਼ਨਾਨ ਕਰ। ਵਾਹਿਗੁਰੂ ਜੀ ਦੇ ਨਾਮ (ਆਪ) ਸਿਮਰ ਤੇ ਸੁਣ ਤੇ ਇਹ ਨਾਮ ਅੱਗੋਂ ਸਾਰਿਆਂ ਨੂੰ ਸੁਣਾ। ਇਸ ਨਾਮ ਨਾਲ ਜਨਮਾਂ ਕਰਮਾਂ ਦੀ ਮੈਲ ਉੱਤਰ ਜਾਏਗੀ। ਮਨ ਤੋਂ ਹੰਕਾਰ ਮਿੱਟ ਜਾਵੇਗਾ। ਕਾਮ ਕ੍ਰੋਧ ਭੀ ਤੈਨੂੰ ਠੱਗ ਨਹੀਂ ਸਕੇਗਾ ਅਤੇ ਲੋਭ ਵੀ ਨਾਸ ਹੋ ਜਾਵੇਗਾ। ਇਸ ਸੱਚੇ ਮਾਰਗ 'ਤੇ ਚੱਲਦਿਆਂ ਸਾਰਾ ਜਹਾਨ ਤੇਰੀ ਉਸਤਤੀ ਕਰੇਗਾ।

ਅਠਾਹਠ ਤੀਰਥਾਂ ਦੇ ਇਸ਼ਨਾਨ ਦਾ ਫਲ ਸਾਰੇ ਪੁੰਨਾਂ ਦਾ ਫਲ, ਜੀਅਦਾਨ,(ਭਾਵ ਦਾਨਾਂ ਦਾ ਫਲ) ਜੋ ਪ੍ਰਮਾਣਿਕ ਮੰਨੇ ਗਏ ਹਨ, ਉਸ ਸੱਚੇ ਨਾਮ ਦੇ ਮਾਰਗ 'ਤੇ ਚੱਲਣ ਵਾਲੇ ਨੂੰ ਪ੍ਰਾਪਤ ਹੋ ਜਾਂਦੇ ਹਨ। ਜਿਸ ਨੂੰ ਵਾਹਿਗੁਰੂ ਦਇਆ ਕਰਕੇ ਨਾਮ ਸਿਮਰਨ ਦਿੰਦਾ ਹੈ, ਉਹੀ ਪੁਰਖ ਸੁਜਾਨ ਹੁੰਦਾ ਹੈ।


ਜਿਨ੍ਹਾਂ ਨੂੰ ਪ੍ਰਭੂ ਨਾਮ ਦੁਆਰਾ ਮਿਲ ਪਿਆ, ਨਾਨਕ ਉਨ੍ਹਾਂ ਤੋਂ ਕੁਰਬਾਨ ਹੈ। ਮਾਘ ਮਹੀਨੇ ਦਾ ਅਰਥ ਹੈ ਕਿ ਉਹੀ ਪੁਰਖ ਪਵਿੱਤਰ ਮੰਨੇ ਜਾਂਦੇ ਹਨ ਜਿਨ੍ਹਾਂ ਉੱਤੇ ਗੁਰੂ ਮਿਹਰਵਾਨ ਹੁੰਦਾ ਹੈ।

ਟੀਕਾਕਾਰ : ਭਾਈ ਸਾਹਿਬ ਭਾਈ ਡਾ. ਵੀਰ ਸਿੰਘ ਜੀ

# ਸੀਸ ਗੰਜ

ਜਿਲਦ - 59, ਨੰਬਰ - 1

ਜਨਵਰੀ - 2022, ਪੋਹ/ਮਾਘ 2078



ਐਡੀਟੋਰੀਅਲ ਬੋਰਡ:

ਸ. ਮਨਜਿੰਦਰ ਸਿੰਘ ਸਿਰਸਾ

ਸ. ਹਰਮੀਤ ਸਿੰਘ ਕਾਲਕਾ

ਸ. ਹਰਵਿੰਦਰ ਸਿੰਘ ਕੇ.ਪੀ.

| | |
|---|---|
| ਮੁੱਖ ਸੰਪਾਦਕ | : ਸ. ਮਨਜਿੰਦਰ ਸਿੰਘ ਸਿਰਸਾ |
| ਸੰਪਾਦਕ | : ਸ. ਪਰਮਜੀਤ ਸਿੰਘ ਰਾਣਾ |
| ਸਹਿ-ਸੰਪਾਦਕ | : ਸ. ਜਤਿੰਦਰਪਾਲ ਸਿੰਘ ਨਰੂਲਾ<br>ਡਾ. ਮਨਪ੍ਰੀਤ ਸਿੰਘ |
| ਪ੍ਰਿੰਟਰ ਤੇ ਪਬਲਿਸ਼ਰ | : ਧਰਮਿੰਦਰ ਸਿੰਘ, ਜਨਰਲ ਮੈਨੇਜਰ |

‘ਸੀਸ ਗੰਜ’ ਮਾਸਕ ਵਿੱਚ ਪ੍ਰਕਾਸ਼ਤ ਲੇਖਾਂ ਵਿੱਚ ਪ੍ਰਗਟ ਕੀਤੇ ਗਏ ਵਿਚਾਰਾਂ ਅਤੇ ਖੋਜਾਂ ਨਾਲ ਸੰਪਾਦਕ ਅਤੇ ਐਡੀਟੋਰੀਅਲ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ। ਇਹ ਵਿਚਾਰ ਉਨ੍ਹਾਂ ਦੇ ਨਿੱਜੀ ਹਨ।

ਸਭ ਵਾਦ-ਵਿਵਾਦ ਦਿੱਲੀ ਕੋਰਟ ਵਿੱਚ ਹੀ ਨਿਪਟਾਏ ਜਾਣਗੇ।



Printer and Publisher Dharminder Singh – General Managar for Delhi Sikh Gurdwara Management Committee composed and printed at Gurupdesh Printers, Guru Granth Sahib Bhawan, Gurdwara Rakab Ganj Sahib and published from office, Guru Gobind Singh Bhawan, Gurdwara Rakab Ganj Sahib, New Delhi – 110001.

| | | |
|---|---|---|
| Email | : | dsgmcdelhi@gmail.com |
| Website | : | www.dsgmc.in |
| For Enquiry | : | 23712580-81-82<br>23737328-29<br>104 (Extn.) |
| Total Pages | : | 1 to 64 (With Cover) |


## ਸੀਸ ਗੰਜ ਦੇ ਇਸ ਅੰਕ ਵਿੱਚ...


ਸੰਪਾਦਕੀ

**ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ ॥** 4




ਡਾ. ਮਨਪ੍ਰੀਤ ਸਿੰਘ

**ਖ਼ੂਨੀ ਸਾਕਾ : ਸਾਹਿਬਜ਼ਾਦਾ ਜ਼ੋਰਾਵਰ ਸਿੰਘ...** 6




ਰਜਿੰਦਰ ਸਿੰਘ ਜੌਲੀ

**ਗੁਰੂ ਨਾਨਕ ਦੇਵ ਜੀ ਬੰਗਾਲ ਵਿਚ** 18



ਕਰਨਲ ਡਾ. ਦਲਵਿੰਦਰ ਸਿੰਘ ਗਰੇਵਾਲ

**ਬੇਦਾਵੇ ਤੋਂ ਲੈ ਕੇ ਖਿਦਰਾਣੇ ਦੀ ਢਾਬ ਤੀਕ** 26



ਡਾ. ਜਸਬੀਰ ਸਿੰਘ ਸਰਨਾ

**ਭਾਈ ਮਰਦਾਨਾ ਜੀ** 30



ਡਾ. ਹਰਬੰਸ ਕੌਰ ਸੱਗੂ

**ਵਿਸਮਾਦੀ ਸਾਸ਼ਕੀ ਵਿਵਸਥਾ ਮਾਡਲ....** 51



ਵਿਕਰਮਜੀਤ ਸਿੰਘ ਤਿਹਾੜਾ

ਸਰਗਰਮੀਆਂ 54
ਧਰਮ ਪ੍ਰਚਾਰ ਕਮੇਟੀ ਤੇ ਦਿੱ.ਸਿੱ.ਗੁ.ਪ੍ਰ. ਕਮੇਟੀ

ਚਿੱਠਾ ਆਮਦਨ ਖਰਚ 59
ਅਕਾਊਂਟਸ ਵਿਭਾਗ

ਸਿੱਖ ਇਤਿਹਾਸਕ ਘਟਨਾਵਾਂ 61

ਸਰਬੰਸਦਾਨੀ (ਕਵਿਤਾ) 63
ਸ. ਹਰਚਰਨ ਸਿੰਘ ਸੂਦਨ



### ਚੰਦੇ ਦਾ ਵੇਰਵਾ

| | | | |
|---|---|---|---|
| ਭੇਟਾ ਇੱਕ ਕਾਪੀ | 5/-ਰੁਪਏ | ਸਾਲਾਨਾ ਚੰਦਾ ਦੇਸ਼ | 50/-ਰੁਪਏ |
| ਲਾਈਫ਼ ਮੈਂਬਰ ਦੇਸ਼ | 500/-ਰੁਪਏ | ਸਾਲਾਨਾ ਚੰਦਾ ਵਿਦੇਸ਼ | 500/-ਰੁਪਏ |
| ਲਾਈਫ਼ ਮੈਂਬਰ ਵਿਦੇਸ਼ | 5000/-ਰੁਪਏ | | |

### ਚੰਦਾ ਭੇਜਣ ਦਾ ਪਤਾ

ਜਨਰਲ ਮੈਨੇਜਰ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

ਗੁਰੂ ਗੋਬਿੰਦ ਸਿੰਘ ਭਵਨ, ਗੁਰਦੁਆਰਾ ਰਕਾਬ ਗੰਜ ਸਾਹਿਬ, ਨਵੀਂ ਦਿੱਲੀ-1

ਨੋਟ : ਚੈਕ ‘ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ’ ਦੇ ਨਾਂਅ ’ਤੇ ਬਣਾਏ ਜਾਣ ।

ਸੰਪਾਦਕੀ....

# ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ ॥



ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਤੁਲਨਾ ਇਸ ਧਰਤੀ ਉਪਰ ਮੌਜੂਦ ਕਿਸੇ ਵੀ ਮਹਾਪੁਰਸ਼, ਔਲੀਆ, ਪੈਗੰਬਰ ਜਾਂ ਸੰਪੂਰਨ ਮਨੁੱਖ ਨਾਲ ਨਹੀ ਕੀਤੀ ਜਾ ਸਕਦੀ । ਗੁਰੂ ਸਾਹਿਬ ਦੇ ਜੀਵਨ ਵਿਚ ਕੀਤੇ ਹੋਏ ਕਾਰਜਾਂ ਦਾ ਕਦ ਇਨਾ ਉੱਚਾ ਹੈ ਕਿ ਉਸਦੀ ਮਿਸਾਲ ਜਾਂ ਬਰਾਬਰੀ ਕੋਈ ਸ਼ਖਸੀਅਤ ਜਾਂ ਕੋਈ ਅਖਰ ਨਹੀ ਕਰ ਸਕਦੇ। ਗੁਰੂ ਨਾਨਕ ਸਾਹਿਬ ਜੀ ਦੀ ਆਮਦ ਤੋਂ ਪਹਿਲਾ ਇਸ ਧਰਤੀ 'ਤੇ ਮੁਰੀਦ ਕਦੀ ਮੁਰਸ਼ਦ ਨਹੀ ਸੀ ਹੋਇਆ ਪਰ ਗੁਰੂ ਘਰ ਦੀ ਬਰਕਤ ਅਤੇ ਰਹਿਮਤ ਨੇ ਉਹ ਕਰ ਦਿਖਾਇਆ ਜੋ ਕਦੀ ਕਿਸੇ ਨੇ ਚਿਤਵਿਆ ਨਹੀ ਸੀ। **"ਖਾਲਸਾ ਗੁਰੂ ਗੁਰੂ ਖਾਲਸਾ ਕੀਨੋ ਮੈਂ ਅਬ ਜੈਸੇ ਗੁਰੂ ਨਾਨਕ ਅੰਗਦ ਕਉ ਕੀਨ"** ਦਾ ਕਰਾਮਾਤੀ ਸਚ ਇਸੇ ਘਰ ਵਰਤਿਆ ਤੇ ਦਸ਼ਮੇਸ਼ ਪਿਤਾ ਜੀ ਨੇ ਉਨ੍ਹਾਂ ਪਿਆਰਿਆਂ ਅਗੇ ਸਿਰ ਝੁਕਾ ਕੇ ਅੰਮ੍ਰਿਤ ਦੀ ਦਾਤ ਮੰਗੀ ਜਿਨ੍ਹਾਂ ਨੂੰ ਸਤਿਗੁਰੂ ਜੀ ਨੇ ਅੰਮ੍ਰਿਤ ਦੀ ਦਾਤ ਬਖਸ਼ ਕੇ ਖਾਲਸਾ ਸਜਾਇਆ। ਜਿਨ੍ਹਾਂ ਨੂੰ ਸਮਾਜ ਦੀਆਂ ਜਾਤਾਂ ਪਾਤਾਂ ਕਰਕੇ ਨੀਚ ਆਖਿਆ ਜਾਂਦਾ ਸੀ ਉਨ੍ਹਾਂ ਨੂੰ ਦਸ਼ਮੇਸ਼ ਪਿਤਾ ਜੀ ਨੇ ਸਰਦਾਰੀਆਂ ਬਖਸ਼ੀਆਂ। ਉਨ੍ਹਾਂ ਗੁਰੂ ਪਿਆਰਿਆਂ ਨੇ ਗੁਰੂ ਪਾਤਿਸ਼ਾਹ ਸਨਮੁਖ ਇਹੀ ਬੇਨਤੀ ਕੀਤੀ ਹੋਵੇਗੀ ਕਿ..

**ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥**
**ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ ॥**
**ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀ ਢਰੈ ॥**
**ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ ॥**

ਗੁਰੂ ਗੋਬਿੰਦ ਸਿੰਘ ਜੀ ਭਾਰਤ ਦੇਸ਼ ਦੇ ਲੋਕਾਂ ਨੂੰ ਹਜ਼ਾਰਾਂ ਵਰ੍ਹੇ ਦੀ ਗੂੜ੍ਹੀ ਨੀਂਦਰ ਤੋਂ ਜਗਾਉਣ ਵਾਲੇ ਤੇਜ ਪ੍ਰਕਾਸ਼ ਮਈ ਸੂਰਜ ਹਨ; ਅਜ਼ਾਦੀ ਦੀ ਪਰੀ ਨੂੰ ਵਰਨ ਲਈ ਸਿਰ-ਧੜ ਦੀ ਬਾਜ਼ੀ ਲਾ ਕੇ ਮੈਦਾਨ ਵਿਚ ਉਤਰਨ ਵਾਲੇ ਸੈਨਾਨੀਆਂ ਦੇ ਸੈਨਾਪਤੀ ਹਨ; ਚਿੜੀਆਂ ਵਰਗੀ ਕੌਮ ਵਿਚ ਬਾਜ਼ ਨਾਲ ਟੱਕਰ ਲੈਣ ਦੀ ਸਮਰੱਥਾ ਪੈਦਾ ਕਰਨ ਵਾਲੇ ਸੰਪੂਰਨ-ਮਨੁਖ ਦੇ ਘੜਨਹਾਰ ਹਨ। ਉਨ੍ਹਾਂ ਵਰਗਾ ਦੁਨੀਆ ਵਿਚ ਹੋਰ ਕੋਣ ਹੋਵੇਗਾ, ਜਿਨ੍ਹਾ ਦੇ ਪਿਤਾ ਸ਼ਹੀਦ, ਮਾਤਾ ਸ਼ਹੀਦ ਤੇ ਜਿਨ੍ਹਾ ਦੇ ਚਾਰੇ ਦੇ ਚਾਰੇ ਸਾਹਿਬਜ਼ਾਦੇ ਵੀ ਸ਼ਹੀਦ ਹੋਏ ਹੋਣ।

ਆਪ ਜੀ ਇਕ ਪਾਸੇ ਗਹਿਰ ਗੰਭੀਰ ਧਾਰਮਿਕ ਆਗੂ, ਬੰਦਗੀ ਦੇ ਸਿਖ਼ਰ ਦੀ ਮੂਰਤਿ, ਤੀਰ-ਤਲਵਾਰ ਨਾਲ ਰਣ-ਤੱਤੇ ਵਿਚ ਉਤਰਨ ਵਾਲੇ ਜੋਧੇ ਅਤੇ ਕਲਗੀਆਂ ਵਾਲੇ ਹੁੰਦਾ ਹੋਇ ਵੀ **'ਨਾ ਸਾਜ਼ੋ ਨਾ ਬਾਜ਼ੋ ਨਾ ਫੌਜੋ ਨਾ ਫਰਸ਼'** ਭਾਵ ਫਰਸ਼ਾਂ ਉਤੇ ਸੌਣ ਵਾਲੇ ਫਕੀਰ। ਆਪ ਜੀ ਧੜੱਲੇਦਾਰ ਕਵੀ ਅਤੇ ਕਵੀਆਂ ਦੇ ਕਦਰਦਾਨ ਵੀ ਹਨ। ਗੁਰੂ ਗੋਬਿੰਦ ਸਿੰਘ ਜੀ ਦੀ ਆਮਦ ਇਸ ਧਰਤੀ ਉਤੇ ਇਕ ਖਾਸ ਉਦੇਸ਼ ਨੂੰ ਮੁੱਖ ਰਖ ਕੇ ਅਕਾਲ ਪੁਰੱਖ ਵਾਹਿਗੁਰੂ ਵਲੋ ਕੀਤੀ ਗਈ ਸੀ। ਗੁਰੂ ਸਾਹਿਬ ਜੀ ਅਪਣੇ ਬਚਨਾ ਅਨੁਸਾਰ ਅਕਾਲ ਪੁਰਖ ਦੀ ਕ੍ਰਿਪਾ ਨਾਲ ਹੀ ਅਸੀ ਇਸ ਧਰਮ ਕਾਰਜ ਲਈ ਧਰਤੀ ਨੂੰ ਤਾਰਨ ਆਏ ਹਾਂ। ਇਸ ਬਾਰੇ ਗੁਰੂ ਗੋਬਿੰਦ ਸਿੰਘ ਆਪਣੀ ਬਾਣੀ ਵਿਚ ਹੀ ਦਸਦੇ ਹਨ ਕਿ:-

**ਹਮ ਇਹ ਕਾਜ ਜਗਤ ਮੋ ਆਏ ॥**
**ਧਰਮ ਹੇਤ ਗੁਰਦੇਵਿ ਪਠਾਏ ॥**
**ਜਹਾ ਤਹਾ ਤੁਮ ਧਰਮ ਬਥਾਰੋ ॥**
**ਦੁਸਟ ਦੋਖਯਨਿ ਪਕਰਿ ਪਛਾਰੋ ॥**

ਗੁਰੂ ਸਾਹਿਬ ਦਾ ਇਸ ਧਰਤੀ 'ਤੇ ਆਓਣ ਦਾ ਉਦੇਸ਼ ਨਾ ਸਿਰਫ ਧਰਮ ਦੀ ਸਿਖਿਆਂਵਾਂ ਨੂੰ ਪ੍ਰਚਾਰਨਾ ਸੀ ਬਲਕਿ ਧਰਮ ਦੀ ਖਿਲਾਫਤ ਕਰਨ ਵਾਲੇ ਜ਼ਾਲਮ ਦੀ ਜੜ੍ਹ ਪੱਟਣੀ ਅਤੇ ਜ਼ੁਲਮ ਦਾ ਨਾਸ਼ ਕਰਨਾ ਸੀ।

ਗੁਰੂ ਸਾਹਿਬ ਜੀ ਨੇ ਆਪਣੇ ਪਿਤਾ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਦ ਗੁਰਤਾਗਦੀ ਉਪਰ ਬੈਠਣ ਉਪਰੰਤ ਹੀ ਇਹ ਦ੍ਰਿੜ੍ਹ ਨਿਸ਼ਚਾ ਕਰ ਲਿਆ ਸੀ ਕਿ ਹੁਣ ਜ਼ੁਲਮ ਦਾ ਟਾਕਰਾ ਕਰਨ ਲਈ ਗੁਰੂ ਨਾਨਕ ਸਾਹਿਬ ਜੀ ਦੇ ਸਿੱਖੀ ਸਿਧਾਂਤਾਂ ਨੂੰ ਅੱਮਲੀ ਰੂਪ ਦੇਣ ਦੀ ਲੋੜ੍ਹ ਹੈ। ਉਸ ਵੇਲੇ ਦੀ ਸਭ ਤੋਂ ਵੱਡੀ ਸਮਾਜਿਕ ਕੁਰੀਤੀ ਜ਼ਾਤ ਪ੍ਰਥਾ ਨੂੰ ਠੱਲ ਪਾਉਣ ਲਈ ਗੁਰੂ ਸਾਹਿਬ ਜੀ ਨੇ ਆਪਸੀ ਭਾਈਚਾਰੇ ਦੀ ਸਾਂਝ ਨੂੰ ਦ੍ਰਿੜ੍ਹ ਕਰਨ ਉਪਰ ਜ਼ੋਰ ਦਿਤਾ। ਜ਼ੁਲਮ ਦੇ ਖਿਲਾਫ ਅਵਾਜ਼ ਚੁਕੱਣ, ਜ਼ੁਲਮ ਨਾਲ ਟਾਕਰਾ ਲੈਣ ਅਤੇ ਉਸ ਨੂੰ ਖਤਮ ਕਰਨ ਲਈ ਅਪਣਾ ਆਪ ਕੁਰਬਾਨ

ਕਰ ਦੇਣ ਵਾਲੀ ਸੈਨਿਕ ਸ਼ਕਤੀ ਅਤੇ ਸੈਨਿਕਵਾਦ ਨੂੰ ਧਰਮ ਦੀ ਇਕ ਵਸਤੂ ਕਰਕੇ ਅੰਤਿਮ ਰੂਪ ਵਿਚ ਅਪਣਾ ਲੈਣਾ ਅਤੇ ਗੁਰੂ ਨਾਨਕ ਸਹਿਬ ਅਤੇ ਬਾਕੀ ਗੁਰੂ ਸਾਹਿਬਾਨਾ ਜੀ ਵਲੋਂ ਬਖ਼ਸ਼ੀ ਰੂਹਾਨੀਅਤ ਭਰਪੂਰ ਬਾਣੀ ਨੂੰ ਹਿਰਦੇ ਵਿਚ ਵਸਾ ਕੇ ਸੰਤ ਸਿਪਾਹੀ ਦੇ ਰੂਪ ਵਿਚ ਦੁਨੀਆ ਦੇ ਸਾਹਮਣੇ ਪ੍ਰਗਟ ਕੀਤਾ। ਮਸੰਦਾਂ ਦੀ ਉਚਤਾ ਅਤੇ ਪੁਜਾਰੀਪੁਣੇ ਦੀ ਸੰਸਥਾ ਦੇ ਅੰਤ ਅਤੇ ਇਕ ਅਕਾਲ ਪੁਰਖ ਵਾਹਿਗੁਰੂ ਉਤੇ ਆਸਥਾ ਅਤੇ ਪੂਰਨ ਵਿਸ਼ਵਾਸ ਰਖਣ ਦੀ ਤਾਕੀਦ ਕੀਤੀ। ਇਸ ਸਾਰੇ ਕਾਰਜਾਂ ਨੂੰ ਅਮਲੀ ਰੂਪ ਦੇਣ ਵਜੋਂ ਗੁਰੂ ਸਾਹਿਬ ਜੀ ਨੇ ਖ਼ਾਲਸਾ ਸਾਜਨਾ ਕੀਤੀ। ਪਰੰਤੂ ਭਾਵੇਂ ਕਿ ਵਿਚਾਰਧਾਰਾ ਨਵੀ ਸੀ ਪਰ ਇਸ ਦੀ ਉਸਾਰੀ ਪੁਰਵਵਰਤੀ ਗੁਰੂ ਸਾਹਿਬਾਨਾਂ ਦੀ ਵਿਚਾਰਧਾਰਾ ਉੱਤੇ ਹੀ ਕੀਤੀ ਗਈ ਸੀ ਅਤੇ ਖਾਲਸੇ ਨਾਲ ਸੰਬੰਧਿਤ ਬਹਤ ਸਾਰੇ ਵਿਚਾਰ ਕਾਫੀ ਚਿਰ ਪਹਿਲੋਂ ਹੀ ਸਿਖ ਮਤ ਵਿਚ ਵਿਕਸਿਤ ਹੋ ਚੁਕੇ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਦੀ ਚੋਣ ਕਰਕੇ ਪੰਜ ਸਿਖਾਂ ਨੂੰ ਖਾਲਸੇ ਦੀ ਪ੍ਰਤੀਨਿਧਤਾ ਕਰਨ ਦੇ ਯੋਗ ਬਣਾ ਦਿਤਾ ਸੀ ਅਤੇ ਸਿਖਾਂ ਨੂੰ ਦ੍ਰਿੜਾਇਆ ਕਿ ਜਿੱਥੇ ਰਹਿਤਵਾਨ ਪੰਜ ਸਿਖ ਇਕਠੇ ਹੋਣਗੇ, ਗੁਰੂ ਉਨ੍ਹਾਂ ਵਿਚ ਹਾਜ਼ਰ ਹੋਣਗੇ। ਗੁਰੂ ਗੋਬਿੰਦ ਸਿੰਘ ਜੀ ਦਾ ਦੇਸ਼, ਕੌਮ ਅਤੇ ਸਰਬੱਤ ਲਈ ਸਰਬੰਸ ਵਾਰਨਾ ਇਸ ਧਰਤੀ ਅਤੇ ਧਰਤੀ ਦੇ ਵਸਨੀਕਾਂ ਲਈ ਵੱਡਾ ਕਰਮ ਹੈ ਅਤੇ ਨਾਲ ਹੀ ਸ਼ਬਦ ਗੁਰੂ ਨੂੰ ਗੁਰਿਆਈ ਬਖ਼ਸ਼ਣੀ ਅਤੇ ਖਾਲਸੇ ਅਤੇ ਅਪਣੇ ਆਪ ਵਿਚ ਕੋਈ ਭੇਤ ਨਾ ਰਖਣਾ, ਇਕ ਰੂਪ ਕਰ ਦੇਣਾ ਹੀ ਗੁਰੂ ਗੋਬਿੰਦ ਸਿੰਘ ਜੀ ਨੂੰ ਬਾਕੀ ਧਾਰਮਿਕ ਮੁਰਸ਼ਦਾਂ ਨਾਲੋ ਨਵੇਕਲਾ ਬਣਾਉਦਾ ਹੈ। ਗੁਰੂ ਗੋਬਿੰਦ ਸਿੰਘ ਜੀ ਸਿਰਫ ੪੨ ਸਾਲ ਦੀ ਸਰੀਰਕ ਉਮਰ ਵਿਚ ਇਨ੍ਹੇ ਵੱਡੇ ਕਾਰਜ ਕਰ ਗਏ ਜੋ ਕਿ ਕਿਸੀ ਵੀ ਵਿਦਵਾਨ ਦੀ ਕਲਮ ਤੋਂ ਪੂਰਨ ਤੌਰ ਤੇ ਬਿਆਨ ਨਹੀ ਕੀਤੇ ਜਾ ਸਕਦੇ। ਤਾਈਂਓ ਹਕੀਮ ਅਲ੍ਹਾ ਯਾਰ ਖਾਂ ਜੋਗੀ ਨੂੰ ਕਹਿਣਾ ਪਿਆ ਕਿ ਜੇ ਕੋਈ ਇਨਸਾਫ ਦੀ ਤਕੜੀ ਲੈ ਕੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਜੀਵਨ ਨੂੰ ਬਿਆਨ ਕਰੇ ਤੇ ਉਹ ਗੁਰੂ ਸਾਹਿਬ ਜੀ ਦੇ ਬਖਸ਼ਿਸ਼ ਭਰਪੂਰ ਕਰਾਮਾਂਤਾਂ ਨੂੰ ਬਿਆਨ ਨਹੀ ਕਰ ਸਕੇਗਾ। ਅਤੇ ਗੁਣਾਂ ਤੋਂ ਭਰਪੂਰ ਵਿਸ਼ਾਲ ਸਾਗਰ ਵਰਗੇ ਗੁਰੂ ਗੋਬਿੰਦ ਸਿੰਘ ਜੀ ਦਾ ਕੋਈ ਵੀ ਅੰਤ ਨਹੀ ਪਾਇਆ ਜਾ ਸਕਦਾ।

**ਇਨਸਾਫ ਕਰੇ ਜੀਅ ਮੇ ਜ਼ਮਾਨਾਂ ਤੋ ਯਕੀਂ ਹੈ,**
**ਕਹਿਦੇ ਗੁਰੂ ਗੋਬਿੰਦ ਕਾ ਸਾਨੀ ਹੀ ਨਹੀ ਹੈ।**
**ਕਰਤਾਰ ਕੀ ਸੌਗੰਦ ਹੈ ਗੁਰੂ ਨਾਨਕ ਕੀ ਕਸਮ ਹੈ,**
**ਜਿਤਨੀ ਭੀ ਹੋ ਤਾਰੀਫ ਗੁਰੂ ਗੋਬਿੰਦ ਕੀ ਵੋ ਕਮ ਹੈ।**

ਭਾਈ ਨੰਦ ਲਾਲ ਜੀ ਵੀ ਗੁਰੂ ਸਾਹਿਬ ਦੀ ਉਸਤੱਤ ਕਰਦੇ ਹੋਏ ਲਿਖਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਅਕਾਲ ਪੁਰਖ ਵਾਹਿਗੁਰੂ ਦੇ ਦਰ ਤੋਂ ਕਬੂਲ ਹੋਏ ਹਨ ਅਤੇ ਗੁਰੂ ਪਾਤਿਸ਼ਾਹ ਕੋਲ ਅਕਾਲ ਪੁਰਖ ਦੇ ਰੂਹਾਨੀ ਖ਼ਜ਼ਾਨੇ ਦੀ ਚਾਬੀ ਹੈ।

**ਨਾਸਰੋ ਮਨਸੂਰ ਗੁਰੁ ਗੋਬਿੰਦ ਸਿੰਘ,**
**ਏਜ਼ਦੀ ਮਨਜ਼ੂਰ ਗੁਰੁ ਗੋਬਿੰਦ ਸਿੰਘ**
**ਹਕਰਾ ਗਨਜ਼ੂਰ ਗੁਰੁ ਗੋਬਿੰਦ ਸਿੰਘ**
**ਜ਼ੁਮਲਾ ਫੈਜ਼ਏ ਨੂਰ ਗੁਰੁ ਗੋਬਿੰਦ ਸਿੰਘ ।**

ਬੇਅੰਤ ਗੁਣਾਂ ਦੇ ਖ਼ਜ਼ਾਨੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਸਿਫਤ ਬਿਆਨ ਤੋਂ ਪਰਾਂ ਹੈ। ਉਨ੍ਹਾਂ ਦਾ ਰੂਹਾਨੀ ਜੀਵਨ ਬਿਆਨ ਕਰੀਏ, ਉਨ੍ਹਾਂ ਦੀ ਸੂਰਮਤਾਈ ਗਤੀ ਨੂੰ ਬਿਆਨ ਕਰੀਏ, ਉਨ੍ਹਾਂ ਦੀ ਦਰਿਆਦਿਲੀ ਉਨ੍ਹਾਂ ਦੀ ਵਿਦੱਵਤਾ ਨੂੰ ਬਿਆਨ ਕਰੀਏ, ਉਨ੍ਹਾਂ ਦੇ ਅਸੀਮ ਦਾਨੀ ਅਤੇ ਸਰਬੰਸ ਦਾਨੀ ਸੁਭਾ ਨੂੰ ਬਿਆਨ ਕਰੀਏ ਜਾਂ ਗੁਰੂ ਸਾਹਿਬ ਦਾ ਆਪਣੇ ਸਿਖਾਂ ਸੇਵਕਾਂ ਪ੍ਰਤੀ ਪਿਆਰ ਬਿਆਨ ਕਰੀਏ। ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦਾ ਕੋਈ ਵੀ ਪੱਖ ਬਿਆਨ ਕਰਨ ਦੀ ਕੋਸ਼ਿਸ਼ ਤੇ ਕੀਤੀ ਜਾ ਸਕਦੀ ਹੈ ਪਰ ਪੂਰਨ ਤੋਰ ਤੇ ਬਿਆਨ ਨਹੀ ਕੀਤਾ ਜਾ ਸਕਦਾ। ਗੁਰੂ ਗੋਬਿੰਦ ਸਿੰਘ ਜੀ ਦੇ ਉਪਕਾਰ ਅਤੇ ਦੂਰਅੰਦੇਸ਼ੀ ਸੋਚ ਨੂੰ ਸੱਚੇ ਦਿਲੋਂ ਪ੍ਰਣਾਮ ਹੀ ਕੀਤਾ ਜਾ ਸਕਦਾ ਹੈ।

ਗੁਰੂ ਪਾਤਿਸ਼ਾਹ ਜੀ ਵਲੋਂ ਚਮਕੌਰ ਦੀ ਜੰਗ ਤੋਂ ਪਹਿਲੀ ਰਾਤ ਅਪਨੇ ਪਿਆਰੇ ਸਿਖਾਂ ਨੂੰ ਸਾਰੀ ਰਾਤ ਰੀਝ ਨਾਲ ਤਕਨਾ ਅਤੇ ਕਦੀ ਉਨ੍ਹਾਂ ਗੂੜੀ ਨੀਂਦ ਸੁਤੇ ਸਿਖਾਂ ਦੀ ਦਸਤਾਰਾਂ ਨੂੰ ਸਵਾਰਨਾ ਕਦੇ ਉਨ੍ਹਾਂ ਦੇ ਮਥੇ ਚੁਮਨੇ ਕਦੇ ਹਥ ਅਤੇ ਗੁਰੂ ਸਾਹਿਬ ਦੀ ਸਿਖਾਂ ਪ੍ਰਤੀ ਪ੍ਰੀਤ ਦਾ ਸਿਖਰ ਕਿ ਜਦ ਸਿਖਾਂ ਦੇ ਪੈਰਾਂ ਵਲ ਗਏ ਤੇ ਪੈਰਾਂ ਨੂੰ ਵੀ ਚੁਮਿਆ। ਇਹ ਸਿਰਫ ਜੋਗੀ ਜੀ ਦੀ ਪਰਵਾਜ ਦੀ ਉਡਾਰੀ ਨਹੀ ਬਲਕਿ ਇਹ ਗੁਰੂ ਜੀ ਦੇ ਸਿਖਾਂ ਲਈ ਸੁੱਚੇ ਜਿਹੇ ਪ੍ਰੇਮ ਦੀ ਸੂਖਸ਼ਮ ਜਿਹੀ ਮਿਸਾਲ ਹੀ ਹੈ।

**ਜਿਨ ਸਿਖੋਂ ਨੇ ਕਲ ਮੌਤ ਕੇ ਸਾਹਿਲ ਥਾ ਉਤਰਨਾ,**
**ਕਲ ਸੁਬਹ ਥਾ ਜਿਨ ਖਾਲਸੋ ਨੇ ਜੰਗ ਮੇ ਮਰਨਾ**
**ਬਾਲੀ ਸੇ ਸ਼ਹੀਦੋਂ ਕੇ ਹੁਆ ਜਬਕਿ ਗੁਜਰਨਾ,**
**ਮੁਸ਼ਕਿਲ ਹੁਆ ਇਸ ਜਾ ਸੇ ਕਦਮ ਆਗੇ ਕੋ ਧਰਨਾ**
**ਚੂਮਾ ਕਭੀ ਹਲਕੂਮ ਦਹਨ ਚੂਮਨੇ ਬੈਠੇ,**
**ਜਬ ਪਾਇਤੀ ਆਏ ਤੋ ਚਰਨ ਚੂਮਨੇ ਬੈਠੇ।**

ਤੇਜ ਰਫਤਾਰ ਘੋੜੇ ਉਪਰ ਸਵਾਰ ਹੋਕੇ ਵੀ ਗੁਰੂ ਸਾਹਿਬ ਜੀ ਦੇ ਸੰਪੂਰਨ ਜੀਵਨ 'ਤੇ ਪੂਰੀ ਝਾਂਤ ਨਹੀ ਮਾਰੀ ਜਾ ਸਕਦੀ। ਬਤਾਲੀ ਸਾਲ ਕੁਝ ਮਹੀਨੇ ਦੇ ਗੁਰੂ ਸਾਹਿਬ ਦੇ ਸਰੀਰਕ ਜਾਮੇ ਵਿਚ ਕੀਤੇ ਹੋਏ ਕਾਰਜਾਂ ਨੂੰ ਕਦੀ ਵੀ ਸੰਪੂਰਨ ਬਿਆਨ ਨਹੀ ਕੀਤਾ ਜਾ ਸਕਦਾ।

-ਡਾ. ਮਨਪ੍ਰੀਤ ਸਿੰਘ (ਸਹਿ-ਸੰਪਾਦਕ)





# ਖ਼ੂਨੀ ਸਾਕਾ

## ਸਾਹਿਬਜ਼ਾਦਾ ਜ਼ੋਰਾਵਰ ਸਿੰਘ ਅਤੇ ਸਾਹਿਬਜ਼ਾਦਾ ਫ਼ਤਿਹ ਸਿੰਘ ਜੀ

'ਸਾਕਾ' ਸਸੰਕ੍ਰਿਤ ਭਾਸ਼ਾ ਦੇ ਸ਼ਬਦ ਸ਼ਕ ਸੰਮਤ ਤੋਂ ਪੰਜਾਬੀ ਭਾਸ਼ਾ ਵਿੱਚ ਗ੍ਰਹਿਣ ਕੀਤਾ ਅੱਖਰ ਹੈ। ਕਿਸੇ ਦੇਸ਼ ਜਾਂ ਕੌਮ ਵਿਚ ਵਾਪਰੀ ਕੋਈ ਅਜਿਹੀ ਘਟਨਾ, ਜੋ ਦੇਸ਼ ਦੇ ਇਤਿਹਾਸ ਵਿਚ ਅਮਰ ਜਾਂ ਪ੍ਰਸਿਧ ਹੋਣ ਦੀ ਸਮਰੱਥਾ ਰਖਦੀ ਹੋਵੇ, ਉਸ ਨੂੰ ਪੰਜਾਬੀ ਜ਼ੁਬਾਨ ਵਿਚ 'ਸਾਕਾ/ਸਾਕੇ' ਨਾਮ ਨਾਲ ਜਾਣਿਆ ਜਾਂਦਾ ਹੈ. ਜਿਨ੍ਹਾਂ ਘਟਨਾਵਾਂ ਵਿੱਚ ਬਹਾਦੁਰਾਂ ਜਾਂ ਨਿਦੋਸਿਆਂ ਦਾ ਖ਼ੂਨ ਡੁਲ੍ਹਿਆ, ਸਿੱਖ ਇਤਿਹਾਸ ਵਿਚ ਉਹ ਘਟਨਾਵਾਂ ਖ਼ੂਨੀ ਸਾਕੇ/ਸਾਕਿਆਂ ਦੇ ਨਾਮ ਨਾਲ ਜਾਣੀਆਂ ਜਾਂਦੀਆਂ ਹਨ। ਸਿੱਖ ਇਤਿਹਾਸ ਨੂੰ ਗੌਰ ਨਾਲ ਵਿਚਾਰਨ ਵਾਲਾ, ਲਾਸਾਨੀ ਸਿੱਖ ਫ਼ਲਸਫੇ ਕਾਰਨ ਜੇਕਰ ਸਿੱਖੀ ਨੂੰ 'ਕ੍ਰਾਂਤੀਕਾਰੀ ਕੌਮ' ਦਾ ਨਾਮ ਦੇਣਾ ਚਾਹੇ ਤਾਂ ਇਹ ਅਤਕਥਨੀ ਵੀ ਨਹੀਂ ਕਹਾਏਗੀ। ਸਿੱਖ ਇਤਿਹਾਸ 'ਤੇ ਨਜ਼ਰਸਾਨੀ ਕਰਦਿਆਂ ਸਹਿਜੇ ਹੀ ਗਿਆਨ ਹੋ ਜਾਂਦਾ ਹੈ ਕਿ ਗੁਰੂ ਦਾ ਸਿੱਖ ਕਹਾਉਣ ਵਾਲਾ ਹਰ ਪ੍ਰਾਣੀ ਮਰਦ, ਔਰਤ ਜਾਂ ਫਿਰ ਇੱਕ ਬੱਚਾ, ਆਪਣੇ-ਆਪ ਵਿਚ ਇੱਕ ਕ੍ਰਾਂਤੀ ਸਮੋਏ ਬੈਠਾ ਹੈ। ਹਾਲਾਤਾਂ ਤੋਂ ਉਪਜੀ ਸਥਿਤੀ ਵਿੱਚ, ਮੌਤ ਤੋਂ ਬਚਣ ਜਾਂ ਭੱਜਣ ਦੀ ਥਾਂ, ਹਰ ਸਿੱਖ ਜਾਨ ਦੀ ਕੁਰਬਾਨੀ ਦੇਣ ਨੂੰ ਤਿਆਰ-ਬਰ ਤਿਆਰ ਮਿਲਿਆ ਹੈ। ਹਾਲਾਤਾਂ ਦੇ ਅਧੀਨ ਕਿਰਦਾਰ ਦੀ ਉਮਰ ਜਾਂ ਭੂਮਿਕਾ ਛੋਟੀ ਜਾਂ ਵੱਡੀ ਹੋਣਾ ਇਕ ਇਤਫ਼ਾਕ ਹੋ ਸਕਦਾ ਹੈ। ਅਸਲ ਗੱਲ, ਹਾਲਾਤਾਂ ਦਾ ਸਾਹਮਣਾ ਕਰਦਿਆਂ, ਕਿਰਦਾਰ ਦੁਆਰਾ ਕੀਤੀ ਜਾਣ ਵਾਲੀ ਪ੍ਰਤੀਕ੍ਰਿਆ ਦਾ ਹੀ ਮਹੱਤਵ ਹੁੰਦਾ ਹੈ। ਦੁਨੀਆਂ ਜਾਣਦੀ ਹੈ ਕਿ ਸਿੱਖ ਕੌਮ ਨੂੰ ਆਪਣੇ ਆਦਿ ਤੋਂ ਹੀ ਸੰਘਰਸ਼ ਦੇ ਦੌਰ ਚੋਂ ਲੰਘਣਾ ਪਿਆ ਹੈ। ਗੁਰੂ ਸਾਹਿਬਾਨ ਦੁਆਰਾ ਦਰਸਾਏ ਰਾਹ ਦੇ ਪਾਂਧੀ ਬਣ, ਸਿੱਖ ਕੌਮ ਦੇ ਪੁਰਖਿਆਂ ਨੇ ਅਣਗਿਣਤ ਸਾਕਿਆਂ ਅਤੇ ਘੱਲੂਘਾਰਿਆਂ ਦੇ ਸ਼ਾਨਾਂਮੱਤੇ ਇਤਿਹਾਸ ਦੀ ਰਚਨਾ ਕੀਤੀ। ਜ਼ਾਲਮ ਹਾਕਮਾਂ ਦੀ ਈਨ ਮੰਨਣ ਦੀ ਥਾਂ, ਸਿੱਖ ਕੌਮ ਦਿਆਂ ਪ੍ਰਵਾਨਿਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਬਾਣੀ ਦੇ ਮਹਾਵਾਕ: "**ਤਨੁ ਮਨੁ ਧਨੁ ਸਭ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ॥** ( ਰਾਮਕਲੀ ਮ:੩ ਅਨੰਦੁ, ਅੰਗ ੯੧੭-੯੨੨ ਸ੍ਰੀ ਗੁ ਗ੍ਰ ਸਾ ) ਵਿਚ ਵਿਸ਼ਵਾਸ ਦਰਸਾਉਂਦਿਆਂ, ਲੋੜ ਪੈਣ ਵੇਲੇ ਆਪਣੀ ਚੜ੍ਹਦੀ

ਕਲਾ ਦਾ ਸਬੂਤ ਦਿੱਤਾ। ਸਿੱਖ ਕੌਮ ਦੁਆਰਾ ਅੰਜਾਮ ਦਿੱਤੇ ਗਏ ਅਨੇਕਾਂ ਖ਼ੂਨੀ ਸਾਕਿਆਂ ਵਿੱਚ ਇੱਕ ਅਜਿਹਾ ਸਾਕਾ ਵੀ ਦਰਪੇਸ਼ ਹੋਇਆ ਜਿਸ ਨੂੰ ਅੰਜਾਮ ਦੇਣ ਵਾਲੇ, ਗੁਰੂ ਗੋਬਿੰਦ ਸਿੰਘ ਜੀ ਦੇ ਦੋਵੇਂ ਮਾਸੂਮ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫ਼ਤਹਿ ਸਿੰਘ ਜੀ ਦੁਆਰਾ ਪ੍ਰਦਰਸ਼ਿਤ ਕੀਤੀ ਬੇਬਾਕ ਅਣਖ ਭਰੀ ਦਲੇਰੀ ਨੇ ਮੁਖ਼ਾਲਫ਼ ਅਤੇ ਜ਼ਾਲਿਮ ਦਿਲਾਂ ਨੂੰ ਵੀ ਹਲੂਣ ਕੇ ਰੱਖ ਦਿੱਤਾ ਸੀ।

ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ (ਉਮਰ 9 ਸਾਲ) ਦਾ ਜਨਮ ਮੱਘਰ ਸੁਦੀ 3, ਸੰਮਤ 1753 ਨੂੰ ਅਨੰਦਪੁਰ ਸਾਹਿਬ ਵਿਖੇ ਅਤੇ ਸਾਹਿਬਜ਼ਾਦਾ ਫ਼ਤਹਿ ਸਿੰਘ ਜੀ (ਉਮਰ 6 ਸਾਲ – ਜਨਮ ਫਗੱਣ ਸੁਦੀ ਸੱਤ, ਸੰਮਤ 1755 ਅਨੰਦਪੁਰ ਸਾਹਿਬ ਵਿਖੇ ਹੋਇਆ)। ਗੁਰੂ ਗੋਬਿੰਦ ਸਿੰਘ ਜੀ ਦੀ ਵਧਦੀ ਮਕਬੂਲੀਅਤ ਤੋਂ ਉਪਜੀ ਈਰਖਾ ਅਤੇ ਖ਼ੌਫ਼ ਕਾਰਨ, ਪਹਾੜੀ ਰਾਜੇ ਤਿੰਨ ਵਾਰ ਅਨੰਦਪੁਰ ਸਾਹਿਬ ਕਿਲ੍ਹੇ ਤੇ ਹਮਲਾ ਕਰ ਕੇ ਵੀ ਹਾਰ ਦਾ ਮੂੰਹ ਦੇਖਣ ਨੂੰ ਮਜਬੂਰ ਹੋਏ। ਆਪਣੀ ਹਾਰ ਦਾ ਬਦਲਾ ਲੈਣ ਲਈ, ਪਹਾੜੀ ਰਾਜਿਆਂ ਨੇ, ਗੁਰੂ ਗੋਬਿੰਦ ਸਿੰਘ ਜੀ ਨੂੰ ਜ਼ਿੰਦਾ ਪਕੜਨ ਜਾਂ ਸ਼ਹੀਦ ਕਰਨ ਦੇ ਇਰਾਦੇ ਨਾਲ, ਮੁਗ਼ਲਾਂ ਦੀ ਸ਼ਰਣ ਵਿਚ ਜਾਣ ਤੋਂ ਵੀ ਸੰਕੋਚ ਨਾ ਕੀਤਾ। ਚੌਥੀ ਵਾਰ 03 ਮਈ ਸੰਨ 1705ਈ( ਕੁਝ ਇਤਿਹਾਸਕਾਰ ਇਸ ਨੂੰ 1704ਈ ਮੰਨਦੇ ਹਨ) ਤੋਂ 4 ਦਸੰਬਰ, 1705ਈ (1704ਈ) ਦੇ ਤਕਰੀਬਨ ਸੱਤ ਮਹੀਨਿਆਂ ਦੇ ਲਗਾਤਾਰ ਘੇਰਾ ਪਾਏ ਰਖੱਣ ਮਗਰੋਂ ਵੀ ਸਾਂਝੀਆਂ ਫ਼ੌਜਾਂ ਨੂੰ ਅਨੰਦਪੁਰ ਸਾਹਿਬ ਕਿਲ੍ਹੇ ਵਿਚ ਦਾਖਿਲ ਹੋਣ ਵਿਚ ਸਫਲਤਾ ਨਾ ਮਿਲੀ। ਤਕਰੀਬਨ ਸੱਤ ਮਹੀਨੇ ਦੇ ਘੇਰੇ ਕਾਰਨ, ਰਸਦ ਸਪਲਾਈ ਬੰਦ ਹੋਣ ਕਾਰਨ, ਕਿਲ੍ਹੇ ਵਿਚ ਭੁੱਖਮਰੀ ਦੇ ਹਾਲਾਤ ਪੈਦਾ ਹੋ ਗਏ ਸਨ। ਇਧਰ ਸ਼ਰਮਿੰਦਗੀ ਦੇ ਅਹਿਸਾਸ ਹੇਠਾਂ, ਪਹਾੜੀ ਰਾਜਿਆਂ ਅਤੇ ਮੁਗ਼ਲਾਂ ਨੇ ਛੱਲ ਦਾ ਆਸਰਾ ਲੈਣ ਦੀ ਵਿਉਂਤ ਬਣਾਈ। ਰਾਜਾ ਭੀਮ ਸੈਨ ਕਹਿਲੂਰੀ ਦੇ ਪੁਰੋਹਿਤ ਪੰਮਾ( ਪੂਰਾ ਨਾਮ ਪਰਮਾਨੰਦ) ਨੂੰ ਸ਼ਾਤੀ ਦੂਤ ਬਣਾ ਕੇ ਭੇਜਿਆ। ਸ਼ਾਤੀ ਦੂਤ ਰਾਹੀਂ ਕੁਰਾਨ ਅਤੇ ਗਊਆਂ ਦੀਆਂ ਝੂਠੀਆਂ ਸੌਹਾਂ ਖਾ ਕੇ ਗੁਰੂ ਗੋਬਿੰਦ ਸਿੰਘ ਜੀ ਅਤੇ ਸਿੰਘਾਂ ਨੂੰ ਸੁਰੱਖਿਅਤ ਕਿਲ੍ਹੇ ਚੋਂ ਬਾਹਰ ਜਾਣ ਦਾ ਵਚਨ ਦਿੱਤਾ। ਸੰਮਤ ੧੭੬੧ ਦੇ ਪੋਹ ਮਹੀਨੇ ਦੀ ੬ ਤਾਰੀਖ ਅੱਧੀ ਰਾਤ ਤੋਂ ਬਾਅਦ, ੭ ਪੋਹ ਰਾਤ ਦੇ ਪਹਿਲੇ ਪਹਿਰ,(The Shrines of Anandpur Sahib and Kiratpur Sahib ਟ੍ਰੈਕਟ ਵਿਚ ਦਿੱਤੀ ਜਾਣਕਾਰੀ ਅਨੁਸਾਰ, 5 ਦਸੰਬਰ, ਸੰਨ 1705ਈ) ਗੁਰੂ ਗੋਬਿੰਦ ਸਿੰਘ ਜੀ ਅਤੇ ਸਿੰਘਾਂ ਦੁਆਰਾ ਅਨੰਦਪੁਰ ਸਾਹਿਬ ਕਿਲ੍ਹਾ ਛੱਡਦਿਆਂ ਹੀ, ਮੁਗ਼ਲਾਂ ਅਤੇ ਪਹਾੜੀ ਰਾਜਿਆਂ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਕੀਤੇ ਆਪਣੇ ਕੌਲ ਭੁਲਾ ਕੇ ਸਿੰਘਾਂ ਅਤੇ ਸਿੱਖ ਪਰਿਵਾਰਾਂ 'ਤੇ ਪਿੱਛੋਂ ਹਮਲਾ ਕਰ ਦਿੱਤਾ। ਸਰਸਾ, ਕਹਿਣ ਨੂੰ ਭਾਵੇਂ ਨਾਲਾ ਸੀ, ਪਹਾੜਾਂ ਵਿਚ ਹੋਈ ਭਾਰੀ ਬਾਰਿਸ਼ ਕਾਰਨ ਇਕ ਤੂਫ਼ਾਨੀ ਨਦੀ ਦਾ ਰੂਪ ਧਾਰਨ ਕਰ ਚੁਕਿਆ ਸੀ। ਸਰਸਾ ਪਾਰ ਕਰਨ ਤੋਂ ਪਹਿਲਾਂ ਸਰਸਾ ਦੇ ਕੰਢੇ ਸਿੰਘਾਂ ਦੀ ਸਾਂਝੀ ਮੁਖਾਲਫ ਫੋਜਾਂ ਨਾਲ ਭਾਰੀ ਮੁਠਭੇੜ ਕਾਰਨ ਮੱਚੀ ਭਗਦੜ ਵਿਚ ਮਾਤਾ ਗੁਜਰੀ ਜੀ, ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ ਅਤੇ ਸਾਹਿਬਜ਼ਾਦਾ ਫ਼ਤਹਿ ਸਿੰਘ ਜੀ, ਬਾਕੀ ਦੇ ਗੁਰੂ ਕਾਫਲੇ ਤੋਂ ਵਿਛੜ ਗਏ। (ਉਸ ਸਥਾਨ ਤੇ ਹੁਣ, ਗੁਰਦਵਾਰਾ ਪਰਵਾਰ ਵਿਛੋੜਾ ਸੁਭਾਇਮਾਨ ਹੈ)



ਅਨੰਦਪੁਰ ਸਾਹਿਬ ਕਿਲ੍ਹਾ ਛੋੜਨ ਤੋਂ ਪਹਿਲਾਂ ਬਣਾਈ ਵਿਉਂਤ ਅਨੁਸਾਰ, ਕਿਸੇ ਕਾਰਨ ਕਾਫਲੇ ਤੋਂ ਜੁਦਾ ਹੋ ਜਾਣ ਦੀ ਸੂਰਤ ਵਿਚ, ਕੋਈ ਪਿੰਡ ਜਾਂ ਆਬਾਦੀ ਭਾਲਣ ਦੀ ਸੰਭਾਵਨਾ ਵਿਚ, ਸਰਸਾ ਦੇ ਕੰਢੇ ਕੰਢੇ ਚਲਦੇ ਰਹਿਣਾ ਤੈਅ ਕੀਤਾ ਗਿਆ ਸੀ। ਮਾਤਾ ਗੁਜਰੀ ਜੀ, ਦਸੰਬਰ ਮਹੀਨੇ ਦੀ ਬਰਫ਼ੀਲੀ ਰਾਤ ਦੇ ਹਨੇਰੇ ਅਤੇ ਬਰਸਾਤੀ ਮੌਸਮ ਵਿਚ ਛੋਟੇ ਸਾਹਿਬਜ਼ਾਦਿਆਂ ਦੇ ਨਾਲ, ਸਰਸਾ ਦੇ ਕਿਨਾਰੇ ਕਿਨਾਰੇ ਚਲਦੇ, ਇਕ ਝੁੱਗੀ ਕੋਲ ਪੁਜੇ। ਝੁੱਗੀ 'ਚੋਂ ਦੀਵੇ ਦੀ ਰੌਸ਼ਨੀ

ਦਿੱਸਣ ਕਾਰਨ ਮਾਤਾ ਗੁਜਰੀ ਜੀ ਨੇ ਝੁੱਗੀ ਕੋਲ ਜਾ ਕੇ ਆਵਾਜ਼ ਦਿੱਤੀ। ਕਿਸੇ ਵੇਲੇ ਗੁਰੂ ਘਰ ਦੇ ਰਹਿ ਚੁੱਕੇ ਸੇਵਾਦਾਰ, ਕੁੱਮਾਂ ਮਾਸ਼ਕੀ (ਪੂਰਾ ਨਾਮ ਕਰੀਮ ਬਖ਼ਸ਼) ਨੇ ਮਾਤਾ ਜੀ ਨੂੰ ਵੇਖਦਿਆਂ ਪਹਿਚਾਨ ਲਿਆ। ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਨੂੰ ਆਪਣੀ ਝੁੱਗੀ ਵਿਚ ਲੈ ਗਿਆ। ਗੁਰਦਵਾਰਾ ਕੋਤਵਾਲੀ ਸਾਹਿਬ, ਮੋਰਿੰਡਾ ਦੇ ਬਾਹਰ ਲਿਖਤ ਇਤਿਹਾਸ ਤੋਂ ਪਤਾ ਚਲਦਾ ਹੈ ਕਿ ਝੁੱਗੀ ਵਿਚ ਰਹਿਣ ਸਮੇਂ,



ਲਛਮੀ ਨਾਮਕ ਇੱਕ ਬ੍ਰਾਹਮਣੀ ਨੇ ਮਾਤਾ ਜੀ ਤੇ ਸਾਹਿਬਜ਼ਾਦਿਆਂ ਦੇ ਰੋਟੀ ਪਾਣੀ ਦੀ ਸੇਵਾ ਨਿਭਾਈ। ਜ਼ਾਹਰ ਹੈ, ਕੁੰਮਾਂ ਮਾਸ਼ਕੀ ( ਪੂਰਾ ਨਾਮ ਕਰੀਮ ਬਖ਼ਸ਼) ਨੇ ਇਸ ਸੇਵਾ ਲਈ ਇੰਤਜ਼ਾਮ ਕੀਤਾ ਹੋਏਗਾ। ਕਰੀਮ ਬਖ਼ਸ਼ ਤੋਂ ਖਬਰ ਪਾ ਕੇ ਗੰਗੂ ਬ੍ਰਾਹਮਣ (ਜੋ ਕਿਸੇ ਸਮੇਂ ਗੁਰੂ ਘਰ ਦਾ ਸੇਵਕ ਰਹਿ ਚੁੱਕਿਆ ਸੀ) ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਆਪਣੇ ਪਿੰਡ (ਹੇੜੀ) ਲੈ ਗਿਆ। ਗੰਗੂ, ਮਾਤਾ ਜੀ ਦੇ ਪਾਸ ਗਹਿਣਿਆਂ ਦੀ ਗਠੜੀ (ਖੁਰਜੀ) ਵੇਖ ਕੇ ਲਾਲਚ ਵਸ਼ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਨੂੰ ਰੋਟੀ ਵਿਚ ਜ਼ਹਿਰ ਮਿਲਾ ਕੇ ਦੇਣ ਤੇ ਉਤਾਰੂ ਹੋ ਗਿਆ। ਗੰਗੂ ( ਪੂਰਾ ਨਾਮ ਗੰਗਾ ਰਾਮ ਕੌਲ)ਦੀ ਮਾਤਾ ਸ਼ੋਭੀ ਨੇ, ਇਸ ਕੁਕਰਮ ਵਿਚ ਗੰਗੂ ਦਾ ਸਾਥ ਦੇਣ ਦੀ ਥਾਂ, ਉਸ ਨੂੰ ਵਾਸਤਾ ਪਾਇਆ ਕਿ ਤੂੰ ੧੯ ਸਾਲ ਗੁਰੂ ਘਰ ਦਾ ਲੂਣ ਖਾਧਾ ਹੈ, ਅਜਿਹਾ ਕੁਕਰਮ ਤੈਨੂੰ ਸ਼ੋਭਾ ਨਹੀਂ ਦਿੰਦਾ। ਮਾਤਾ ਦੀ ਦਲੀਲ ਗੰਗੂ ਦੇ ਦਿਮਾਗ਼ ਨੂੰ ਕਾਇਲ ਤਾਂ ਕਰ ਰਹੀ ਸੀ ਪਰ, ਗੰਗੂ ਦਾ ਦਿਲ ਲਾਲਚ ਦੇ ਅਧੀਨ ਸੋਚ ਦਾ ਸਾਥ ਦੇਣ ਤੋਂ ਇਨਕਾਰੀ ਸੀ। ਗੰਗੂ ਨੇ ਦਿਲ ਦੇ ਆਖੇ ਲਗ ਕੇ ਮਾਤਾ ਗੁਜਰੀ ਜੀ ਦੇ ਗਹਿਣੇ ਅਤੇ ਸੋਨੇ ਦੀਆਂ ਮੋਹਰਾਂ ਚੁਰਾ ਲਈਆਂ। ਗੰਗੂ ਦੀ ਮਾਤਾ ਸ਼ੋਭੀ ਦੁਆਰਾ ਮਨ੍ਹਾ ਕਰਨ ਦੇ ਬਾਵਜੂਦ, ਦੂਜੇ ਦਿਨ ਸਵੇਰੇ, ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਕਮਰੇ ਵਿਚ ਬੰਦ ਕਰ ਕੇ, ਵੱਡੇ ਇਨਾਮ ਦੇ ਲਾਲਚ ਵਿਚ, ਪਿੰਡ ਦੇ ਚੌਧਰੀ ਨੂੰ ਨਾਲ ਲੈ ਕੇ ਮੋਰਿੰਡੇ ਕੋਤਵਾਲੀ ਦੇ ਅਧਿਕਾਰੀਆਂ ਜਾਨੀ ਖਾਨ ਤੇ ਮਾਨੀ ਖਾਨ ਭਰਾਵਾਂ ਨੂੰ ਖਬਰ ਕਰ ਕੇ, ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਨੂੰ ਪਕੜਵਾਉਣ ਦਾ ਅਧਰਮ ਕਰ ਬੈਠਾ। ਭਾਈ ਕਾਨ੍ਹ ਸਿੰਘ ਨਾਭਾ ਇਸ ਬਿਰਤਾਂਤ ਬਾਰੇ ਲਿਖਦੇ ਹਨ "ਹੇੜੀ-ਸਹੇੜੀ, ਜ਼ਿਲਾ ਅੰਬਾਲਾ, ਤਸੀਲ ਰੋਪੜ, ਥਾਣਾ ਮੋਰੰਡਾ ਦਾ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਸਰਹਿੰਦ ਤੋਂ 11 ਮੀਲ ਤੇ ਈਸ਼ਾਨ ਕੋਣ ਹੈ। ਇਸ ਪਿੰਡ ਤੋਂ ਪਛੱਮ ਵੱਲ ਤਕਰੀਬਨ ਇਕ ਫਰਲਾਂਗ ਤੇ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬ ਫਤਹਿ ਸਿੰਘ ਜੀ ਦਾ ਗੁਰਦਵਾਰਾ ਹੈ। ਇਹ ਗੰਗੂ ਬ੍ਰਾਹਮਣ ਦਾ ਪਿੰਡ ਸੀ। ਗੰਗੂ, ਮਾਤਾ ਜੀ ਨੂੰ, ਦੋਹਾਂ ਸਾਹਿਬਜ਼ਾਦਿਆਂ ਸਮੇਤ ਇਹ ਅਕ੍ਰਿਤਘਨ ਇੱਥੇ ਹੀ ਨਾਲ ਲੈ ਆਇਆ। ਮੋਰਿੰਡੇ ਦੇ ਹਾਕਮ ਨੂੰ ਖਬਰ ਦੇ ਕੇ ਤੇਹਾਂ ਨੂੰ ਫੜਾ ਦਿੱਤਾ। (ਪੰਨਾ 105 ਮਹਾਨ ਸ਼ਬਦ-ਕੋਸ਼)। ਸ਼ਾਇਰ ਹਕੀਮ ਅਲਹ ਯਾਰ ਖਾਨ ਜੋਗੀ, ਗੰਗੂ ਦੀ ਇਸ ਘਿਣੌਨੀ ਕਰਤੂਤ ਬਾਰੇ ਇਉਂ ਲਿਖਦੇ ਹਨ:

**" ਬਦਜ਼ਾਤ ਬਦ-ਸਿਫਾਤ ਵੁਹ ਗੰਗੂ ਨਮਕ ਹਰਾਮ,**
**ਟੁਕਰੋਂ ਪਹ ਜੋ ਸਤਿਗੁਰੂ ਕੇ ਪਲਤਾ ਰਹਾ ਮੁਦਾਮ,**
**ਘਰ ਲੇ ਕੇ ਸਾਹਿਬਜ਼ਾਦੋਂ ਕੋ ਆਯਾ ਜੋ ਬਦਲਗਾਮ,**
**ਥਾ ਜ਼ਰ ਲੂਟਨੇ ਕੋ ਕੀਯਾ ਸਬ ਯੇਹ ਇੰਤਜ਼ਾਮ**
**ਦੁਨੀਆਂ ਮੇਂ ਅਪਨੇ ਨਾਮ ਕੋ ਬਦਨਾਮ ਕਰ ਗਯਾ।"**

ਇਨਸਾਨੀ ਚਰਿੱਤਰ ਨੂੰ ਮੂਲਾਂਕਣ ਕਰਨ ਦੇ ਕੁਦਰਤ ਦੇ ਆਪਣੇ ਤਰੀਕੇ ਹਨ। ਕੁਦਰਤ ਨੇ ਗੁਰੂ ਘਰ/ਦਰਬਾਰ ਨਾਲ ਸੰਬੰਧਿਤ ਦੋ ਵੱਖ ਵੱਖ ਵਿਅਕਤੀਆਂ (ਕੁੰਮਾ ਮਾਸ਼ਕੀ ਉਰਫ ਕਰੀਮ ਬਖ਼ਸ਼ ਅਤੇ ਗੰਗੂ( ਗੰਗਾ

ਰਾਮ ਕੌਲ) ਨੂੰ ਇੱਕੋ ਜਿਹੇ ਹਾਲਾਤ ਵਿਚ ਸਾਡੇ ਸਾਹਮਣੇ ਲਿਆਂਦਾ ਹੈ। ਜ਼ਾਹਰ ਹੈ ਕੁੰਮਾ ਮਾਸ਼ਕੀ ਨੇ ਵੀ, ਝੁੱਗੀ ਵਿਚ ਵਿਸ਼ਰਾਮ ਕਰਨ ਸਮੇਂ ਨਾ ਸਿਰਫ਼ ਮਾਤਾ ਜੀ ਦੇ ਗਹਿਣੇ ਆਦਿ ਦੇਖੇ ਹੋਣਗੇ, ਸਗੋਂ ਪੁਲਿਸ ਨੂੰ ਇਤਲਾਹ ਦੇ ਕੇ ਇਨਾਮ ਹਾਸਲ ਕਰਨ ਦਾ ਵਿਕਲਪ ਵੀ ਉਸ ਦੇ ਕੋਲ ਹੈ ਸੀ। ਗੁਰੂ ਘਰ ਦੀ ਸੇਵਾ ਦਾ ਸਤਿਕਾਰ ਕਰਦਿਆਂ, ਕੁੰਮਾ ਮਾਸ਼ਕੀ ਨੇ ਮਾਤਾ ਜੀ ਦੇ ਗਹਿਣਿਆਂ ਨੂੰ ਅਮਾਨਤ ਜਾਣਿਆ। ਪੁਲਿਸ ਨੂੰ ਖ਼ਬਰ ਕਰਨ ਦਾ ਵਿਕਲਪ ਹੁੰਦਿਆਂ ਅਜਿਹੇ ਕੁਕਰਮ ਬਾਰੇ ਸੋਚਿਆ ਤਕ ਨਹੀਂ। ਕਰੀਮ ਬਖ਼ਸ਼ ਨੇ ਆਪਣੀ ਨਜ਼ਰ ਅਤੇ ਜ਼ਮੀਰ ਮੈਲੇ ਨਾ ਹੋਣ ਤੋਂ ਬਚਾ ਕੇ ਖ਼ੁਦ ਨੂੰ ਖ਼ੁਦਾ ਪ੍ਰਸਤ ਸਾਬਤ ਕੀਤਾ। ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਦਾ ਆਪਣੀ ਝੁੱਗੀ ਵਿਚ ਰੱਖਣ ਸਮੇਂ ਇੱਕ ਚੰਗੇ ਜਜਮਾਨ ਵਾਂਗ ਆਪਣੇ ਮਹਿਮਾਨਾਂ ਦੇ ਖ਼ਾਣ-ਪੀਣ ਦਾ ਇੰਤਜ਼ਾਮ ਆਪਣੀ ਹੈਸੀਅਤ ਤੋਂ ਵੱਧ ਕੇ ਕੀਤਾ। ਇਸ ਦੇ ਉਲਟ ਗੰਗੂ( ਗੰਗਾ ਰਾਮ ਕੌਲ) ਨੇ ਮਾਤਾ ਜੀ ਦੇ ਗਹਿਣੇ ਵੇਖਦਿਆਂ ਹੀ ਆਪਣੀ ਮਾਂ ਸ਼ੋਭੀ ਨੂੰ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਦੇ ਖਾਣੇ ਵਿਚ ਜ਼ਹਿਰ ਮਿਲਾ ਕੇ ਦੇਣ ਦੀ ਗੱਲ ਕੀਤੀ। ਆਪਣੀ ਮਾਂ ਦੇ ਵਿਰੋਧ ਦੇ ਬਾਵਜੂਦ, ਗੰਗੂ ਨੇ ਨਾ ਸਿਰਫ ਗਹਿਣੇ ਹੀ ਚੁਰਾਏ, ਸਗੋਂ ਵੱਡਾ ਇਨਾਮ ਪਰਾਪਤ ਕਰਨ ਦੀ ਲਾਲਸਾ ਵਿਚ ਲੂਣ ਹਰਾਮੀ ਬਣ ਕੇ ਪੁਲਿਸ ਨੂੰ ਖਬਰ ਕਰਦਿਆਂ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਪਕੜਵਾ ਦਿੱਤਾ। ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ ਦਾ ਕਲੰਕ ਆਪਣੇ ਸਿਰ ਲੈਣ ਦਾ ਅਪਰਾਧੀ ਵੀ ਬਣਿਆ।

ਪੁਲਿਸ ਨੇ ਦੋਵੇਂ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਨੂੰ, ਇਕ ਰਾਤ ਮੋਰਿੰਡੇ ਕੋਤਵਾਲੀ ਵਿਚ ਰੱਖਿਆ। (ਉਸ ਸਥਾਨ ਤੇ ਅਜਕਲ੍ਹ ਸਿੱਖ ਵਿਰਾਸਤ 'ਗੁਰਦਵਾਰਾ ਕੋਤਵਾਲੀ ਸਾਹਿਬ' ਸੁਭਾਇਮਾਨ ਹੈ। ਗੁਰਦਵਾਰਾ ਸਾਹਿਬ ਭਵਨ ਦੀ ਦਿੱਖ ਨੂੰ ਸੁਰਜੀਤ ਕਰਨ ਲਈ, ਅੱਜ ਕਲ੍ਹ ਕਾਰ ਸੇਵਾ ਚਲ ਰਹੀ ਹੈ। ਅਸੀਂ ਆਸ ਕਰਦੇ ਹਾਂ ਕਿ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਦੇ ਪਦ-ਚਿਨ੍ਹਾਂ ਦੇ ਨਿਸ਼ਾਨਾਂ ਵਾਲੀ ਸਿੱਖ ਵਿਰਾਸਤ ਨੂੰ ਸੁਰੱਖਿਅਤ ਰਖੱਣ ਲਈ, ਪੁਰਾਤਨ ਭਵਨ ਦੀ ਦਿੱਖ ਦੀ ਸੰਭਾਲਣਾ ਨੂੰ ਧਿਆਨ ਵਿਚ ਰਖਿਆ ਗਿਆ ਹੋਏਗਾ। ਧੰਨਵਾਦ) ਮੋਰਿੰਡਾ ਦੇ ਪੁਲਿਸ ਅਧਿਕਾਰੀਆਂ ਜਾਨੀ ਖਾਨ ਅਤੇ ਮਾਨੀ ਖਾਨ ਨੇ ਸੂਬਾ ਸਰਹਿੰਦ ਨੂੰ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਨੂੰ ਬੰਦੀ ਬਣਾਉਣ ਦੀ ਖ਼ਬਰ ਕਰ ਦਿੱਤੀ। ਸੂਬਾ ਸਰਹੰਦ ਦੇ ਹੁਕਮ ਦੀ ਪਾਲਣਾ ਵਿੱਚ, ਮੁਰਿੰਡਾ ਪੁਲਿਸ ਅਧਿਕਾਰੀਆਂ ਨੇ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਨੂੰ, ੯ ਪੋਹ, ੧੭੬੧ ਬਿਕ੍ਰਮੀ (9 ਦਸੰਬਰ, ਸੰਨ 1705ਈ )ਨੂੰ ਸੂਬਾ ਸਰਹਿੰਦ ਦੇ ਹਵਾਲੇ ਕਰ ਦਿੱਤਾ. ਸੂਬਾ ਸਰਹਿੰਦ ਵਜ਼ੀਰ ਖਾਨ ਦੇ ਹੁਕਮ ਦੀ ਪਾਲਣਾ ਵਿੱਚ, ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਸਰਹਿੰਦ ਦੇ ਠੰਡੇ ਬੁਰਜ ਨਾਮੀ ਭੋਰ੍ਹੇ ਵਿਚ ਬੰਦੀ ਬਣਾ ਕੇ ਰੱਖਿਆ ਗਿਆ। ਸਿਮਰਨ ਸ਼ਕਤੀ ਅਤੇ ਜੀਵਨ ਦੇ ਤਜਰਬੇ ਕਾਰਨ ਮਾਤਾ ਗੁਜਰੀ ਜੀ ਨੂੰ ਭਾਪਣ ਵਿੱਚ ਦੇਰ ਨਾ ਲੱਗੀ ਕਿ ਆਉਣ ਵਾਲੇ ਸਮੇਂ ਵਿਚ ਕੀ ਹੋਣ ਵਾਲਾ ਹੈ। ਜ਼ਾਲਿਮ ਦੇ ਬੰਦੀਖਾਨੇ ਵਿਚ ਕਹਿਰਾਂ ਦੀ ਠੰਡੀਆਂ ਰਾਤਾਂ ਵਿੱਚ ਗ਼ਰਮ ਕਪੜਿਆਂ ਦੀ ਗ਼ੈਰ ਮੌਜੂਦਗੀ ਤੋਂ ਉਪਜੀ ਸਥਿਤੀ ਨੂੰ, ਮਾਤਾ ਜੀ ਨੇ ਅਕਾਲਪੁਰੱਖ ਵੱਲੋਂ ਮਿਲੀ ਕਠਿਨ ਇਮਤਿਹਾਨ ਦੀ ਘੜੀ ਜਾਣਿਆ। ਮਾਤਾ ਗੁਜਰੀ ਜੀ ਨੇ ਅਕਾਲਪੁਰੱਖ ਵੱਲੋਂ ਮਿਲੀ ਇਮਤਿਹਾਨ ਦੀ ਇਸ ਔਖੀ ਘੜੀ ਨੂੰ ਠਰ੍ਹਮੇ ਨਾਲ ਲੰਘਾਉਣਾ ਹੀ ਮੁਨਾਸਿਬ ਜਾਣਿਆ। ਇਹ ਦੋਵੇਂ ਦਿਨ ਤੇ ਰਾਤਾਂ ਮਾਤਾ ਗੁਜਰੀ ਜੀ ਨੇ ਸਾਹਿਬਜ਼ਾਦਿਆਂ ਨੂੰ ਨਾ ਸਿਰਫ਼ ਆਪਣੀ ਬੁੱਕਲ ਦੀ ਨਿੱਘ, ਮੋਹ ਅਤੇ ਦਾਦੀ ਮਾਂ ਦੇ ਲਾਡ ਤੇ ਦੁਲਾਰ ਹੀ ਦਿੱਤੇ ਸਗੋਂ, ਧਰਮ ਨਾ ਹਾਰਨ ਦੀ ਮਾਨਸਿਕਤਾ ਕਾਇਮ ਰੱਖਣ ਲਈ, ਸਾਹਿਬਜ਼ਾਦਿਆਂ ਦੀ ਅਗਵਾਈ ਵੀ ਕੀਤੀ। ਸਾਹਿਬਜ਼ਾਦਿਆਂ ਨੂੰ ਗੁਰੂ ਅਰਜਨ ਸਾਹਿਬ, ਗੁਰੂ ਤੇਗ਼ ਬਹਾਦੁਰ ਜੀ ਅਤੇ ਤਿੰਨ ਸੇਵਕਾਂ ਦੀਆਂ ਸ਼ਹਾਦਤਾਂ ਦੇ



ਮਾਤਾ ਗੁਜਰੀ ਜੀ ਛੋਟੇ ਸਾਹਿਬਜ਼ਾਦਿਆਂ ਨੂੰ ਮਹਾਨ ਸ਼ਹਾਦਤਾਂ ਦੀ ਮਹੱਤਵਤਾ ਬਿਆਨ ਕਰਦਿਆਂ।
Drawing by: Raj Singh Tattal
(The Pen-Tacular Artist)

ਪ੍ਰਸੰਗ ਸੁਣਾਉਂਣ ਦੇ ਨਾਲ ਗੁਰੂ ਗੋਬਿੰਦ ਸਿੰਘ ਜੀ ਦੇ ਸਪੁੱਤਰ ਹੋਣ ਦਾ ਅਹਿਸਾਸ ਵੀ ਯਾਦ ਕਰਵਾਂਦੇ। ਮਾਤਾ ਗੁਜਰੀ ਜੀ ਸਾਹਿਬਜ਼ਾਦਿਆਂ ਨੂੰ ਜੀਵਨ ਦੀ ਸਚਾਈ ਤੋਂ ਵਾਕਿਫ਼ ਕਰਵਾਂਉਂਦਿਆਂ ਦਸਦੇ ਕਿ ਮੌਤ ਤੋਂ ਡਰਨ ਵਾਲੇ ਬੰਦੇ ਅਸਲੋਂ ਬੁਜ਼ਦਿਲ ਹੁੰਦੇ ਹਨ। ਤੁਸੀਂ ਤਾਂ ਸ਼ਹੀਦਾਂ ਦੀ ਅੰਸ-ਬੰਸ ਹੋ, ਕੇਵਲ ਕਮਜ਼ੋਰ ਜ਼ਮੀਰਾਂ ਵਾਲੇ ਲੋਕ ਹੀ ਲਾਲਚ ਨੂੰ ਖੁਦ ਤੇ ਹਾਵੀ ਹੋਣ ਦਿੰਦੇ ਹਨ। ਸਿੱਖ ਇਤਿਹਾਸ ਵਿਚ ਮਾਤਾ ਗੁਜਰੀ ਜੀ ( ਮਾਤਾ ਗੁਜੱਰ ਕੌਰ ਜੀ) ਛੋਟੇ ਸਾਹਿਬਜ਼ਾਦਿਆਂ ਨੂੰ ਡੋਲਣ ਤੋਂ ਬਚਾਉਣ ਲਈ ਉਨ੍ਹਾਂ ਦਾ ਹੌਸਲਾ ਬਣਾਈ ਰੱਖਣ ਦੀ ਇੱਕ ਆਦਰਸ਼ਕ ਸਿੱਖ ਦਾਦੀ ਵੱਜੋਂ ਕਸਵੱਟੀ ਸਥਾਪਿਤ ਕਰ ਗਏ।

ਆਪਣੇ ਸੇਵਕਾਂ ਅਤੇ ਸ਼ਰਧਾਵਾਨਾਂ ਦੇ ਇਮਤਿਹਾਨ ਲੈਣ ਦੇ ਅਕਾਲਪੁਰੱਖ ਦੇ ਨਿਰਾਲੇ ਤਰੀਕੇ ਹਨ। ਅਕਾਲਪੁਰੱਖ ਦੀ ਇਹ ਵਡਿਆਈ ਹੈ ਕਿ ਜਦੋਂ ਅਕਾਲਪੁਰੱਖ ਆਪਣੇ ਸੇਵਕਾਂ ਨੂੰ ਇਮਤਿਹਾਨਾਂ ਵਿਚ ਪਾਂਦਾ ਹੈ, ਤਾਂ ਉਨ੍ਹਾਂ ਨੂੰ ਡੋਲਨ ਤੋਂ ਬਚਾਈ ਰੱਖਣ ਦਾ ਇੰਤਜ਼ਾਮ ਵੀ ਆਪ ਹੀ ਕਰਦਾ ਹੈ। ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦੇ ਬੰਦੀਖਾਨੇ ਵਿਚ ਬਿਤਾਈਆਂ ਜਾਣ ਵਾਲੀਆਂ ਕਠਿਨ ਘੜੀਆਂ ਦੇ ਵੇਲੇ, ਬਾਬਾ ਮੋਤੀ ਰਾਮ ਮਹਿਰਾ, ਵਜ਼ੀਰ ਖਾਨ ਦੀ ਸਰਹੰਦ ਜੇਲ੍ਹ ਦੇ ਨਜ਼ਰਬੰਦ ਕੈਦੀਆਂ ਦੇ ਰੋਟੀ-ਪਾਣੀ (ਲੰਗਰ) ਦੇ ਇੰਤਜ਼ਾਮ ਨਾਲ ਜੁੜਿਆ ਅਹਿਲਕਾਰ ਇਕ ਸਿਦਕੀ ਰਾਜਪੂਤ ਸੀ। ਸਿੱਖ ਗੁਰੂ ਕਾਲ ਵਿਚ, ਰਾਜਪੂਤ ਪਰਿਵਾਰਾਂ ਦਾ ਸਿੱਖੀ ਨਾਲ ਜੁੜਨਾ ਆਮ ਹੋ ਗਿਆ ਸੀ। ਬਾਬਾ ਮੋਤੀ ਰਾਮ ਮਹਿਰਾ ਵੀ ਅੰਤਰ-ਆਤਮਾ ਤੋਂ ਸਿੱਖੀ ਨਾਲ ਜੁੜੇ ਹੋਣ ਦੇ ਬਾਵਜੂਦ, ਮੁਗ਼ਲ ਹਾਕਮਾਂ ਦੀ ਨੌਕਰੀ ਵਿਚ ਹੋਣ ਕਾਰਨ, ਸਾਹਮਣੇ ਹੋ ਕੇ ਸਿੱਖੀ ਸਿਦਕ ਦਿਖਾਂਉਣ ਦਾ ਕਦੇ ਹੀਆ ਨਾ ਕਰ ਸਕੇ।

ਨਜ਼ਰਬੰਦ ਕੈਦੀਆਂ ਦੇ ਲੰਗਰ-ਪਾਣੀ ਦਾ ਅਹਿਲਕਾਰ ਹੋਣ ਦੇ ਨਾਤੇ ਬਾਬਾ ਮੋਤੀ ਰਾਮ ਮਹਿਰਾ ਜੀ ਨੂੰ ਜਿਵੇਂ ਹੀ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਦੇ ਬੰਦੀਖਾਨੇ ਵਿਚ ਆਉਣ ਦੀ ਖ਼ਬਰ ਮਿਲੀ, ਭੋਜਨ ਦਾ ਪ੍ਰਬੰਧ ਕਰਵਾਇਆ। ਮਾਤਾ ਗੁਜਰੀ ਜੀ ਨੇ "ਇਹ ਭੋਜਨ ਪਾਪ ਦੀ ਕਮਾਈ ਨਾਲ ਤਿਆਰ ਕੀਤਾ ਹੋਇਆ ਹੈ, ਇਸ ਵਿੱਚੋਂ ਨਿਦੋਸਿਆਂ ਦੇ ਖ਼ੂਨ ਦੀ ਗੰਧ ਆਉਂਦੀ ਹੈ" ਕਹਿੰਦਿਆਂ ਰੋਟੀ ਖਾਣ ਤੋਂ ਇਨਕਾਰ ਕਰ ਦਿੱਤਾ। ਮਾਤਾ ਗੁਜਰੀ ਜੀ ਦੇ ਸ਼ਬਦ, "ਨਿਦੋਸਿਆਂ ਦੇ ਖ਼ੂਨ ਦੀ ਗੰਧ" ਬਾਬਾ ਮੋਤੀ ਰਾਮ ਦਿਆਂ ਕੰਨਾਂ ਵਿਚ ਗੂੰਜਣ ਲੱਗੇ। ਦੁਸ਼ਮਨ ਦੀ ਕੈਦ ਵਿਚ ਹੋ ਕੇ ਵੀ, ਮਾਤਾ ਗੁਜਰੀ ਜੀ, ਕਿਤਨੀ ਦਲੇਰੀ ਨਾਲ "ਪਾਪ ਦੀ ਕਮਾਈ ਨਾਲ ਤਿਆਰ ਹੋਇਆ ਭੋਜਨ" ਕਹਿੰਦਿਆਂ, ਸਰਕਾਰੀ ਭੋਜਨ ਨੂੰ ਖਾਣ ਤੋਂ ਇਨਕਾਰ ਕੀਤਾ ਹੈ। ਬਾਬਾ ਮੋਤੀ ਰਾਮ ਮਹਿਰਾ ਦੀ ਇਸ ਨੌਕਰੀ ਦੇ ਦੌਰਾਨ ਇਹ ਪਹਿਲਾ ਦ੍ਰਿਸ਼ਟਾਂਤ ਸੀ ਜਦੋਂ ਕਿਸੇ ਰਾਜਸੀ ਬੰਦੀ ਨੇ ਭੋਜਨ ਖਾਣ ਤੋਂ ਇਨਕਾਰ ਕੀਤਾ ਹੋਏ। ਬਾਬਾ ਮੋਤੀ ਰਾਮ ਮਹਿਰਾ ਸੋਚ ਰਹੇ ਸਨ ਕਿ ਅਜਿਹੇ ਅਦੁੱਤੀ ਸਾਹਸ ਦਾ ਪ੍ਰਗਟਾਵਾ ਤਾਂ ਕੇਵਲ ਅਜ਼ੀਮ ਜ਼ਮੀਰਾਂ ਦੇ ਮਾਲਿਕ, ਹਿੰਮਤੀ ਅਤੇ ਨਿਡਰ ਇਨਸਾਨ ਹੀ ਕਰ ਸਕਦੇ ਹਨ। ਸਿੱਖੀ ਵਿਚ ਸ਼ਰਧਾ ਹੋਣ ਦੇ ਬਾਵਜੂਦ, ਬਾਬਾ ਮੋਤੀ ਰਾਮ ਮਹਿਰਾ ਜੀ ਨੂੰ ਅੰਦਾਜ਼ਾ ਵੀ ਨਹੀਂ ਸੀ ਕਿ ਇੱਕ ਸੱਚੇ ਸਿਦਕੀ ਸਿੱਖ ਵਿਚ, ਅਨੰਤ ਵਿਪਰੀਤ ਹਾਲਾਤਾਂ ਵਿਚ ਅੰਤਾਂ ਦੀ ਦਲੇਰੀ ਆ ਜਾਂਦੀ ਹੈ। ਮਨ ਦੀ ਇਸੇ ਉਧੇੜ-ਬੁਣ ਵਿਚ, ਬਾਬਾ ਮੋਤੀ ਰਾਮ ਮਹਿਰਾ ਨੇ, ਆਪਣੀ ਮਾਤਾ ਅਤੇ ਧਰਮਪਤਨੀ ਨੂੰ ਭਰੋਸੇ ਵਿਚ ਲੈਂਦਿਆਂ, ਜੋਖ਼ਮ ਉਠਾਣ ਦਾ ਫ਼ੈਸਲਾ ਕਰ ਹੀ ਲਿਆ। ਆਪਣੇ ਘਰ ਤੋਂ ਪੂਰਨ ਸੁੱਚਤਾ ਨਾਲ ਗਰਮ ਦੁੱਧ ਦਾ ਗੜਵਾ ਤਿਆਰ ਕੀਤਾ। ਹਕੂਮਤ ਦੇ ਕਾਰ ਵਿਹਾਰ ਦਾ ਜਾਣੂ, ਭੋਰੇ ਵਿਚ ਤੈਨਾਤ ਅਹਿਲਕਾਰਾਂ ਦੀਆਂ ਮੁੱਠੀਆਂ ਗਰਮ ਕਰਦਾ, ਗਰਮ ਦੁੱਧ ਦੇ ਗੜਵੇ ਨਾਲ ਦੋ ਦਿਨ ਮਾਤਾ ਜੀ ਦੇ ਸਨਮੁੱਖ ਹੁੰਦਾ ਰਿਹਾ। ਗੁਰੂ ਪਰਿਵਾਰ ਦੀ ਸੇਵਾ ਕਰਨ ਦਾ ਫ਼ੈਸਲਾ ਕਰਨ ਸਮੇਂ ਭਾਈ ਮੋਤੀ ਰਾਮ ਮਹਿਰਾ ਨੂੰ ਕਦੋਂ ਪਤਾ ਸੀ ਕਿ ਆਉਣ ਵਾਲੇ ਸਮੇਂ ਵਿਚ ਹੋਣੀ ਨੇ ਮਹਿਰਾ ਪਰਿਵਾਰ ਨੂੰ ਕੋਹਲੂ ਥਾਈਂ ਪੀੜ ਕੇ ਕੀਮਾ ਕੀਮਾ ਕਰਵਾਉਣ ਦੇ ਕਠਿਨ ਇਮਤਿਹਾਨ ਰਾਹੀਂ ਉਨ੍ਹਾਂ ਦੇ ਪਰਿਵਾਰ ਲਈ ਮੁਕਤੀ ਦੇ ਦਰ ਖੋਲ੍ਹਣ ਦਾ ਇੰਤਜ਼ਾਮ ਕੀਤਾ ਹੋਇਆ ਹੈ?

ਕਹਿਰਾਂ ਦੀ ਠੰਡ ਵਿਚ, ਬੰਦੀਖਾਨੇ ਦੇ ਹਾਲਾਤਾਂ ਦੇ ਬਾਵਜੂਦ, ਭੋਰ੍ਹੇ ਵਿਚ ਦੋ ਰਾਤਾਂ ਤੇ ਦਿਨ ਬਿਤਾਉਂਦਿਆਂ, ਸਾਹਿਬਜ਼ਾਦਿਆਂ ਨੇ ਵਿਪਰੀਤ ਹਾਲਾਤਾਂ ਵਿੱਚ ਵੀ ਚੜ੍ਹਦੀ ਕਲਾ ਦਾ ਪ੍ਰਦਰਸ਼ਨ ਕੀਤਾ। ਦੋ ਰਾਤਾਂ ਭੋਰ੍ਹੇ ਵਿਚ ਬਿਤਾਉਣ ਤੋਂ ਬਾਅਦ, ਸਾਹਿਬਜ਼ਾਦਿਆਂ (ਸਾਹਿਬਜ਼ਾਦਾ ਜ਼ੋਰਾਵਰ ਸਿੰਘ, ਉਮਰ 9 ਸਾਲ, ਸਾਹਿਬਜ਼ਾਦਾ ਫ਼ਤਹਿ ਸਿੰਘ ਜੀ, ਉਮਰ 6 ਸਾਲ) ਨੂੰ ਸੂਬਾ ਸਰਹਿੰਦ ਵਜ਼ੀਰ ਖਾਨ ਦੇ ਦਰਬਾਰ ਵਿਚ ਪੇਸ਼ ਕਰਨ ਲਈ ਸਿਪਾਹੀ ਲੈਣ ਆਏ। ਬੁਰਜ 'ਚੋਂ

ਸਾਹਿਬਜ਼ਾਦਿਆਂ ਦੇ ਜਾਣ ਲਗਿਆਂ ਮਾਤਾ ਗੁਜਰੀ ਜੀ, ਮਮਤਾ ਭਰੀ ਮਿੱਠੀ ਆਵਾਜ਼ ਵਿਚ ਬੋਲੇ, **"ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ"** ਇਹ ਸ਼ਬਦ ਸੁਣਦਿਆਂ ਸਾਹਿਬਜ਼ਾਦਿਆਂ ਨੇ ਮਾਤਾ ਜੀ ਨੂੰ ਵਿਸ਼ਵਾਸ ਦਿਵਾਉਣ ਲਈ **"ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤ"** ਬੋਲ ਕੇ ਆਉਣ ਵਾਲੀਆਂ ਘੜੀਆਂ ਦੀ ਅਗੇਤੀ ਖਬਰ/ਪੂਰਕ ਸੂਚਨਾ ਦੇ ਦਿੱਤੀ। ਸੂਬਾ ਸਰਹੰਦ ਦੀ ਸ਼ਾਹੀ ਅਦਾਲਤ ਵਿਚ ਮੁਕਦੱਮਾ ਪੇਸ ਹੋਇਆ। "ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ" ਜੈਕਾਰੇ ਗਜਾਂਦਿਆਂ, ਦੋਵੇਂ ਸਾਹਿਬਜ਼ਾਦਿਆਂ ਨੇ ਸ਼ਾਹੀ ਅਦਾਲਤ ਵਿਚ ਆਪਣੇ ਕਦਮ ਧਰ, ਅਦੁੱਤੀ ਬਹਾਦਰੀ ਦਾ ਪ੍ਰਗਟਾਵਾ ਕੀਤਾ। ਮੁਸਲਮਾਨ ਇਤਿਹਾਸਕਾਰ ਵੀ ਗਵਾਹ ਹਨ ਕਿ, ਸੂਬਾ ਸਰਹੰਦ ਦੀ ਨਵਾਬ ਮਲੇਰਕੋਟਲਾ ਨੂੰ ਦਲੀਲ ਕਿ ਜੇ ਉਹ ਚਾਹੇ ਤਾਂ ਇਨ੍ਹਾਂ ਬੱਚਿਆਂ ਨੂੰ ਮਾਰ ਕੇ ਆਪਣੇ ਭਰਾ ਨਾਹਰ ਖਾਂ ਦੀ ਮੌਤ ਦਾ ਬਦਲਾ ਲੈ ਸਕਦਾ ਹੈ। ਮੁਹੰਮਦ ਸ਼ੇਰ ਖਾਨ, ਨਵਾਬ ਮਲੇਰਕੋਟਲਾ ਨੇ ਦਲੀਲ ਪੇਸ਼ ਕਰਦਿਆਂ ਕਿਹਾ ਕਿ ਮੇਰਾ ਭਰਾ ਜੰਗ ਵਿਚ ਮਾਰਿਆ ਗਿਆ ਸੀ, ਮੈਂ ਇਨ੍ਹਾਂ ਦੇ ਬਾਪ ਨੂੰ ਜੰਗ ਵਿਚ ਮਾਰ ਕੇ ਆਪਣੇ ਭਰਾ ਦੀ ਮੌਤ ਦਾ ਬਦਲਾ ਲੈਣ ਦਾ ਕਾਇਲ ਹਾਂ, ਇਨ੍ਹਾਂ ਨਿਹੱਥੇ ਮਾਸੂਮਾਂ ਨੂੰ ਮਾਰ ਕੇ ਨਹੀਂ। ਮੈਂ ਬੱਚਿਆਂ ਨੂੰ ਸਜ਼ਾ ਦੇਣ ਦੀ ਮੁਖ਼ਾਲਫ਼ਤ ਕਰਦਾ ਹਾਂ। ਕਾਜ਼ੀਆਂ ਨੇ ਵੀ ਮੁਹੰਮਦ ਸ਼ੇਰ ਖ਼ਾਨ ਦੀ ਦਲੀਲ ਦੀ ਹਿਮਾਇਤ ਕੀਤੀ ਕਿ ਸ਼ਰ੍ਹਾ ਵਿੱਚ ਬੱਚਿਆਂ ਨੂੰ ਸਜ਼ਾ ਦੇਣ ਦੀ ਇਜਾਜ਼ਤ ਨਹੀਂ। ਕਾਜ਼ੀਆਂ ਅਤੇ ਸ਼ੇਰ ਖ਼ਾਨ ਦੀਆਂ ਦਲੀਲਾਂ ਸੁਣ ਕੇ ਵਜ਼ੀਰ ਖ਼ਾਨ ਨੂੰ ਨਰਮ ਹੁੰਦਾ ਵੇਖ, ਦੀਵਾਨ ਸੁੱਚਾ ਨੰਦ ਨੇ ਵਜ਼ੀਰ ਖਾਨ ਨੂੰ, ਹਕੂਮਤ ਦਾ ਸੱਚਾ ਹਮਦਰਦ 'ਤੇ ਵਫ਼ਾਦਾਰ ਹੋਣ ਦਾ ਭਰੋਸਾ ਦਿਵਾਣ ਲਈ, ਸਾਹਿਬਜ਼ਾਦਿਆਂ ਨੂੰ ਹਕੂਮਤ ਦਾ ਬਾਗ਼ੀ ਸਾਬਤ ਕਰਨ ਲਈ ਉਨ੍ਹਾਂ ਨੂੰ ਉਕਸਾਹਟ ਭਰੇ ਪ੍ਰਸ਼ਨ ਕੀਤੇ। ਜਾਨ ਬਖ਼ਸ਼ੀ ਦੇ ਇਵਜ਼ ਵਿਚ, ਇਸਲਾਮ ਕਬੂਲ ਕਰਵਾਉਣ ਲਈ ਉਹ ਕਿਹੜਾ ਲਾਲਚ ਸੀ ਜੋ ਛੋਟੇ ਸਾਹਿਬਜ਼ਾਦਿਆਂ ਨੂੰ ਦਿੱਤਾ ਨਾ ਗਿਆ। ਅਪਣੈ ਧਰਮ ਪ੍ਰਤੀ ਦ੍ਰਿੜ ਰਹਿੰਦਿਆਂ, ਹਰ ਸਰਕਾਰੀ ਪੇਸ਼ਕਸ਼ ਨੂੰ **"ਹਮਰੇ ਬੰਸ ਰੀਤ ਇਮ ਆਈ। ਸੀਸ ਦੇਤ ਪਰ ਧਰਮ ਨ ਜਾਈ,"** ਕਹਿੰਦਿਆਂ ਸਰਕਾਰੀ ਪੇਸ਼ਕਸ਼ ਨੂੰ ਠੁਕਰਾ ਕੇ ਸਾਹਿਬਜ਼ਾਦਿਆਂ ਨੇ ਇਕ ਵਾਰ ਫਿਰ ਸ਼ਿਦੱਤ, ਹਿੰਮਤ ਅਤੇ ਬੇਬਾਕੀ ਨਾਲ ਆਪਣੇ ਨਵੇਕਲੇ ਸਾਹਸ ਦਾ ਪ੍ਰਗਟਾਵਾ ਕੀਤਾ. ਸ਼ਾਹੀ ਦਰਬਾਰ ਵਿਚ ਹਾਜ਼ਰ ਹਰ ਬਸ਼ਰ ਸਾਹਿਬਜ਼ਾਦਿਆਂ ਦੀ ਦਲੇਰੀ ਭਰੇ ਜਵਾਬ ਨੂੰ ਸੁਣ ਕੇ ਦੰਗ ਹੋ ਗਿਆ ਸੀ। ਸਾਹਿਬਜ਼ਾਦਿਆਂ ਦੇ ਜਵਾਬ ਸੁਣ, ਸੁੱਚਾ ਨੰਦ ਨੇ ਸੂਬਾ ਸਰਹੰਦ ਦੀ ਨਜ਼ਰ ਵਿਚ ਪ੍ਰਵਾਨ ਚੜ੍ਹਨ ਲਈ, ਸੂਬੇ ਨੂੰ ਉਕਸਾਂਦਿਆਂ ਕਿਹਾ ਕਿ ਇਹ ਬੱਚੇ ਵੱਡੇ ਹੋ ਕੇ ਆਪਣੇ ਪਿਤਾ ਵਾਂਗ ਹੀ ਮੁਗ਼ਲ ਹਕੂਮਤ ਲਈ ਖ਼ਤਰਾ ਬਣੇ ਰਹਿਣਗੇ। ਇਸ ਲਈ ਮੇਰੀ ਰਾਏ ਹੈ ਕਿ ਇਨ੍ਹਾਂ ਨੂੰ ਮਾਸੂਮ ਜਾਣ ਕੇ ਛੱਡਣਾ ਕੋਈ ਅਕਲਮੰਦੀ ਨਹੀਂ ਹੋਏਗੀ। ਵਜ਼ੀਰ ਖਾਂ ਨੇ, ਜੋ ਪਹਿਲਾਂ ਹੀ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣਾ ਦੁਸ਼ਮਨ ਮੰਨਦਾ ਸੀ, ਸੁੱਚਾ ਨੰਦ ਦੀਆਂ ਦਲੀਲਾਂ ਸੁਣ, ਸਾਹਿਬਜ਼ਾਦਿਆਂ ਨੂੰ ਸਜ਼ਾ ਦੇਣ ਦਾ ਮਨ ਬਣਾ ਲਿਆ।

ਅੰਗ੍ਰੇਜ਼ ਇਤਿਹਾਸਕਾਰ Williams Irvine ਵਿਲਿਅਮਜ਼ ਇਰਵਾਇਨ ਲਿਖਦਾ ਹੈ ਕਿ " (At first, Wazir Khan is said to have treated prisoners with kindness. But at the suggestion of his chief subordinate (Dewan), Saj Anand, Brahmin (ਬਹੁਤੇ ਇਤਿਹਾਸਕਾਰ ਦੀਵਾਨ ਦਾ ਨਾਮ ਸੁੱਚਾ ਨੰਦ ਲਿਖਦੇ ਹਨ) who frightened by a picture of the Emperor 's possible displeasure at his mildness, he resolved to put them to death." Page 88 book 'Later Moghuls by Williams Irvine") ਫਿਰ ਕੀ ਸੀ, ਦੋਸ਼ ਤੈਹ ਕਰਨ ਵਾਲੇ ਵੀ ਹਾਕਮ 'ਤੇ ਸਜ਼ਾ ਦੇਣ ਵਾਲੇ ਰਾਜਸ/ ਸੱਤਾ ਅਧਿਕਾਰੀ ਵੀ ਆਪ। 12 ਦਸੰਬਰ ਸੰਨ 1705ਈ (੧੩ ਪੋਹ, ੧੭੬੧ ਬਿਕ੍ਰਮੀ) ਨੂੰ ਕਾਜ਼ੀਆਂ ਨੇ, ਹਾਕਮ ਦੇ ਮੂੰਹ ਵੱਲ ਦੇਖਦਿਆਂ, ਕਾਨੂੰਨ -ਏ ਸ਼ਰ੍ਹਾ ਨੂੰ ਛਿੱਕੇ 'ਤੇ ਟੰਗ ਕੇ, ਛੋਟੇ ਸਾਹਿਬਜ਼ਾਦਿਆਂ ਨੂੰ ਦੀਵਾਰ ਵਿਚ ਜ਼ਿੰਦਾ ਚਿਣਵਾਉਣ ਦਾ ਫ਼ਤਵਾ ਸੁਣਾ ਦਿੱਤਾ। ਧਰਮ ਸ਼ਕਤੀ ਅਤੇ ਰਾਜ ਸ਼ਕਤੀ ਦੀ ਜੰਗ ਵਿਚ ਰਾਜ ਸ਼ਕਤੀ ਹਾਵੀ ਹੋ ਗਈ। ਕਾਜ਼ੀਆਂ ਦੇ ਫ਼ੈਸਲੇ ਨੂੰ ਸੁਣ ਕੇ ਸਭਾ 'ਚ ਬੈਠੇ ਧਰਮੀਆਂ ਨੇ ਮੂੰਹ 'ਚ ਉਂਗਲਾਂ ਪਾ ਲਈਆਂ। ਸ਼ੇਰ ਖ਼ਾਨ ਨਵਾਬ ਮਲੇਰ ਕੋਟਲਾ ਨੇ ਵੀ, ਕਾਜ਼ੀਆਂ ਦਾ ਫ਼ੈਸਲਾ ਸੁਣ ਕੇ ਅਲ੍ਹਾ ਦਾ ਵਾਸਤਾ ਪਾਇਆ। ਵਜ਼ੀਰ ਖਾਨ ਦੀ ਨਾਰਾਜ਼ਗੀ ਦੀ ਪ੍ਰਵਾਹ ਨਾ ਕਰਦਿਆਂ, ਸ਼ੇਰ ਖ਼ਾਨ ਕਚਿਹਰੀ ਚੋਂ ਉਠ ਕੇ ਚਲਾ ਗਿਆ।

੧੩ਪੋਹ ਸੰਬਤ ੧੭੬੧ ਵਾਲੇ ਦਿਹੁੰ ਸਾਹਿਬਜ਼ਾਦਿਆਂ ਨੂੰ ਕਚਿਹਰੀ 'ਚੋਂ ਕੰਧਾਂ ਵਿਚ ਚਿਣੇ ਜਾਣ ਲਈ ਲਿਆਂਦਾ ਗਿਆ। ਕੰਧਾਂ ਵਿਚ ਚਿਣੇ ਜਾਂਦਿਆਂ, ਜ਼ਾਲਮਾਂ ਨੇ ਸਾਹਿਬਜ਼ਾਦਿਆਂ ਦੇ ਗਿੱਟੇ ਅਤੇ ਗੋਡੇ ਛਿੱਲਣ ਤੋਂ ਸੰਕੋਚ ਨਾ ਕੀਤਾ। ਜਿਸ ਅਸਿਹ ਪੀੜਾ ਨੂੰ ਸਾਹਿਬਜ਼ਾਦਿਆਂ ਨੇ ਬੜੇ ਠਰ੍ਹਮੇ, ਨਿਡਰਤਾ ਅਤੇ ਬਹਾਦਰੀ ਨਾਲ ਸਹਿਨ ਕੀਤਾ। ਇਤਿਹਾਸਕਾਰ ਲਿਖਦੇ ਹਨ ਕਿ ਜਦੋਂ ਕੰਧ ਮੋਢ੍ਹਿਆਂ ਤਕ ਆਈ ਤਾਂ ਡਿੱਗ ਪਈ। ਮੌਕੇ ਤੇ ਹਾਜ਼ਰ ਕਾਜ਼ੀਆਂ ਨੇ, ਸਾਹਿਬਜ਼ਾਦਿਆਂ ਨੂੰ ਜ਼ਿਬਹ ਕਰਨ ਦਾ ਹੁਕਮ ਸੁਣਾਇਆ। ਸਮਾਣਾ ਦੇ ਦੋ ਜੱਲਾਦਾਂ ਸ਼ਾਸਲ ਬੇਗ ਅਤੇ ਬਾਸ਼ਲ ਬੇਗ, ਜਿਨ੍ਹਾਂ ਨੂੰ ਹਕੂਮਤ ਨੇ ਪਹਿਲਾਂ ਤੋਂ ਇਸ ਕੰਮ ਲਈ ਤਿਆਰ ਕੀਤਾ ਹੋਇਆ ਸੀ, ਉਨ੍ਹਾਂ ਨੇ ਦੋਵੇਂ ਸਾਹਿਬਜ਼ਾਦਿਆਂ ਨੂੰ ਗੋਡੇ ਹੇਠ ਲੈ ਕੇ, ਪਹਿਲਾਂ ਉਨ੍ਹਾਂ ਦੇ ਸੀਨੇ ਵਿਚ ਖੰਜਰ ਖੋਭੇ ਅਤੇ ਫਿਰ ਉਨ੍ਹਾਂ ਨੂੰ ਹੌਲੀ ਹੌਲੀ ਜ਼ਿਬਹ ਕੀਤਾ (ਸਾਕਾ ਸਰਹਿੰਦ ਲੇਖਕ ਪ੍ਰੋ ਕਿਰਪਾਲ ਸਿੰਘ ਬਡੂੰਗਰ- ਗੁਰਮਤਿ ਪ੍ਰਕਾਸ਼ ਦਸੰਬਰ, 2019) ਬੇਸ਼ਕ, ਮਾਸੂਮ ਉਮਰ ਦੇ ਬੱਚਿਆਂ ਦੀ ਇਸ ਅਜ਼ੀਮ, ਲਾਮਿਸਾਲ ਅਤੇ ਨਿਵੇਕਲੀ ਇਤਿਹਾਸਕ ਸ਼ਹਾਦਤ ਨੇ ਸਿੱਖ ਕੌਮ ਦੇ ਸਿਦਕ ਦੀ ਸ਼ਿਖਰ ਦਰਸਾਈ ਹੈ। ਇਸ ਵਿੱਚ ਵੀ ਸ਼ਕ ਨਹੀਂ ਕਿ ਇਹ ਇਤਿਹਾਸਕ ਘਟਨਾ, ਧਰਮ ਦੇ ਨਾਮ ਤੇ ਮਨੁੱਖੀ ਆਚਰਨ/ਸਦਾਚਾਰ ਦਾ ਘਿਨਾਉਣਾ ਚਿੱਤਰ ਦਰਸਾ ਕੇ ਮਨੁੱਖਤਾ ਨੂੰ ਸ਼ਰਮਸਾਰ ਕਰਦੀ ਹੈ. ਧਰਮ ਦੇ ਨਾਮ ਤੇ ਕੀਤੇ ਜਾਣ ਵਾਲੇ ਜ਼ੁਲਮ ਦੀ ਇਤਨੀ ਮਲੀਨ ਹੱਦ ਵੀ ਦੁਨੀਆਂ ਦੇ ਇਤਿਹਾਸ ਵਿਚ ਕਿਤੇ ਦਰਜ ਨਹੀਂ ਮਿਲਦੀ।


**"ਹਰਿ ਕਾ ਏਕੁ ਅਚੰਭਉ ਦੇਖਿਆ**
**ਮੇਰੇ ਲਾਲ ਜੀਉ ਜੋ ਕਰੇ ਸੁ ਧਰਮ ਨਿਆਏ ਰਾਮ॥**
**ਹਰਿ ਰੰਗੁ ਅਖਾੜਾ ਪਾਇਓਨੁ**
**ਮੇਰੇ ਲਾਲ ਜੀਉ ਆਵਣੁ ਜਾਣੁ ਸਬਾਏ ਰਾਮ॥"**

ਬਿਹਾਗੜਾ ਮਹਲਾ ੫, ਸ੍ਰੀ ਗੁ ਗ੍ਰ ਸਾ ਅੰਗ ੫੪੧

ਗੁਰੂ ਗੋਬਿੰਦ ਸਿੰਘ ਜੀ ਦੇ ਮਾਸੂਮ ਸਾਹਿਬਜ਼ਾਦਿਆਂ ਨੇ ਵੀ, ਆਪਣੇ ਦੋਵੇਂ ਵੱਡੇ ਵੀਰਾਂ ਵਾਂਗ ਹੀ, ਜ਼ੁਲਮ ਦੇ ਖ਼ਿਲਾਫ਼ ਸਿਰ ਝੁਕਾਉਣ ਦੀ ਥਾਂ, ਫ਼ਖ਼ਰ ਨਾਲ ਸਿਰ ਉਠਾ ਕੇ ਸ਼ਹਾਦਤਾਂ ਨੂੰ ਕਬੂਲ ਕੀਤਾ। ੧੩ ਪੋਹ ਸੰਮਤ ੧੭੬੧ ਨੂੰ ਦਾਦੀ ਮਾਤਾ ਗੁਜਰੀ ਜੀ (ਮਾਤਾ ਗੁਜਰ ਕੌਰ ਜੀ) ਨੂੰ ਸਾਹਿਬਜ਼ਾਦਿਆਂ ਦੇ ਸ਼ਹੀਦ ਹੋਣ ਦੀ ਖ਼ਬਰ ਦੀਵਾਨ ਟੋਡਰਮੱਲ ਅਤੇ ਬਾਬਾ ਮੋਤੀ ਰਾਮ ਮਹਿਰਾ ਪਾਸੋਂ ਮਿਲੀ। ਮਾਤਾ ਗੁਜਰੀ ਜੀ ਦੋਵੇਂ ਹੱਥ ਜੋੜ ਕੇ, **"ਜੋ ਤੁਧੁ ਭਾਵੈ ਸਾਈ ਭਲੀ ਕਾਰ"** ਉਚਾਰ ਕੇ, ਅਕਾਲਪੁਰੱਖ ਦੇ ਸ਼ੁਕਰਾਨੇ ਵਿਚ ਸਦੀਵ ਕਾਲ ਲਈ ਲੀਨ ਹੋ ਗਏ।

ਛੋਟੇ ਸਾਹਿਬਜ਼ਾਦਿਆਂ ਨੂੰ, ਕਾਜ਼ੀਆਂ ਦੇ ਫ਼ਤਵੇ ਕਾਰਨ ਜ਼ਿਬ੍ਹਾ ਕੀਤੇ ਜਾਣ ਅਤੇ ਮਾਤਾ ਗੁਜਰੀ ਜੀ ਦੇ ਅਕਾਲ ਚਲਾਣੇ ਦੀ ਖਬਰ ਸੁਣ, ਗੁਰੂ ਪਰਿਵਾਰ ਦੇ ਤਿੰਨਾਂ ਜੀਆਂ ਦੀਆਂ ਦੇਹਾਂ ਨੂੰ ਲਾਵਾਰਿਸ ਦੇਖਣ ਦੇ ਅਭਿਲਾਸ਼ੀ ਸੂਬਾ ਸਰਹਿੰਦ ਵਜ਼ੀਰ ਖ਼ਾਨ ਨੇ, ਆਪਣੀ ਰਾਜਸੀ ਤਾਕਤ ਦਾ ਪ੍ਰਗਟਾਵਾ ਕਰਨ ਲਈ, ਨਵੀਂ ਖ਼ਤਰਨਾਕ ਚਾਲ ਚਲਦਿਆਂ, ਐਲਾਨ ਕਰ ਦਿੱਤਾ ਕਿ ਗੁਰੂ ਪਰਿਵਾਰ ਦੇ ਜੀਆਂ ਦੇ ਸਸਕਾਰ ਸਰਕਾਰੀ ਜ਼ਮੀਨ 'ਤੇ ਨਹੀਂ ਹੋ ਸਕਦੇ। ਇਸ ਐਲਾਨ ਨੂੰ ਸੁਣ ਕੇ ਅਨੇਕਾਂ ਸਿੱਖ ਸ਼ਰਧਾਵਾਨ, ਹਾਕਮ ਦੇ ਡਰ ਕਾਰਨ ਪਿੱਠ ਦਿਖਾ ਗਏ।

ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਵਜ਼ੀਰ ਖ਼ਾਨ ਦੇ ਐਲਾਨ ਤੋਂ ਬਾਅਦ, ਇੱਕ ਅੱਤਾ ਚੌਧਰੀ ਨਾਮਕ ਸਥਾਨਿਕ ਜ਼ਮੀਨਦਾਰ ਸਾਹਮਣੇ ਆਇਆ। ਉਸ ਨੇ ਗੁਰੂ ਪਰਿਵਾਰ ਦੇ ਜੀਆਂ ਦੇ ਸਸਕਾਰ ਲਈ ਆਪਣੀ ਜ਼ਮੀਨ, ਸੋਨੇ ਦੀਆਂ ਅਸ਼ਰਫ਼ੀਆਂ ਦੇ ਬਦਲੇ ਵੇਚਣੀ ਪ੍ਰਵਾਨ ਕੀਤੀ। ਵਕਤੀ ਹਾਲਾਤਾਂ ਨੂੰ ਦੇਖਦਿਆਂ, ਇਹ ਹਰਗਿਜ਼ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ ਕਿ ਅੱਤਾ ਚੌਧਰੀ ਭਾਵੇਂ ਜਿੰਨਾ ਮਰਜ਼ੀ ਰਸੂਖ਼ ਵਾਲਾ ਤੇ ਤਾਕਤਵਰ ਅਖਵਾਂਦਾ ਹੋਏ, ਸਰਹਿੰਦ ਦਾ ਕੋਈ ਵੀ ਸ਼ਖ਼ਸ ਸੂਬਾ ਸਰਹਿੰਦ ਦੀ ਮਰਜ਼ੀ ਦੇ ਖ਼ਿਲਾਫ ਜਾਂ ਇਜਾਜ਼ਤ ਤੋਂ ਬਿਨਾਂ ਗੁਰੂ ਪਰਿਵਾਰ ਦਿਆਂ ਜੀਆਂ ਦੇ ਸਸਕਾਰ ਕਰਨ ਲਈ, ਆਪਣੀ ਜ਼ਮੀਨ ਵੇਚਨ ਨੂੰ ਤਿਆਰ ਹੋ ਜਾਏ? ਹੋਏ ਨਾ ਹੋਏ, ਇਹ ਤਾਕਤ ਦੇ ਨਸੇ ਵਿਚ ਹਾਕਮ ਸੂਬਾ ਸਰਹਿੰਦ ਦੀ ਹੀ ਇਕ ਸੋਚੀ ਸਮਝੀ ਸਾਜ਼ਿਸ਼ ਸੀ। ਇਹ ਗੱਲ ਵਖਰੀ ਹੈ ਕਿ ਹਾਕਮ ਨੂੰ ਆਪਣੀ ਚਲੀ ਚਾਲ ਵਿੱਚ ਮਾਤ ਖਾਣੀ ਪਈ। ਵਜ਼ੀਰ ਖ਼ਾਨ ਦੀਆਂ ਉਮੀਦਾਂ ਦੇ ਉਲਟ, ਸਰਕਾਰੀ ਅਹਿਲਕਾਰ ਪਰ ਗੁਰੂ ਘਰ ਦੇ ਅਨਿੰਨ ਸ਼ਰਧਾਲੂ ਦੀਵਾਨ ਟੋਡਰਮੱਲ, ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ( ਮਾਤਾ ਗੁਜੱਰ ਕੌਰ ਜੀ )ਦੇ ਸਸਕਾਰ ਕਰਨ ਦਾ ਫ਼ਰਜ਼ ਨਿਭਾਉਣ ਲਈ ਸਾਹਮਣੇ ਆ ਗਿਆ। ਅੱਤਾ ਚੌਧਰੀ ਦੀ ਮੰਗ ਪੂਰੀ ਕਰਨ ਲਈ, ਦੀਵਾਨ ਟੋਡਰ ਮੱਲ, ਸੋਨੇ ਦੀਆਂ ਮੋਹਰਾਂ ਦਾ ਇੰਤਜ਼ਾਮ ਕਰਨ ਵਿਚ ਸਫਲ



ਹੋ ਗਿਆ।

ਜਦੋਂ ਦੀਵਾਨ ਟੋਡਰ ਮੱਲ ਦੇ ਆਦਮੀ ਵੇਚੀ/ਖਰੀਦੀ ਜਾਣ ਵਾਲੀ ਜ਼ਮੀਨ ਦੇ ਟੁਕੜੇ ਤੇ ਅਸ਼ਰਫੀਆਂ ਬਿਛਾਉਣ ਲੱਗੇ, ਤਾਂ ਅੱਤਾ ਚੌਧਰੀ ਨੇ ਆਪਣੀ ਜ਼ਮੀਰੀ ਦਰਿੰਦਗੀ ਦਾ ਪ੍ਰਗਟਾਵਾ ਕਰ ਦਿੱਤਾ। ਜ਼ਮੀਨ ਦੇ ਖਰੀਦੇ ਜਾਣ ਵਾਲੇ ਟੁਕੜੇ ਨੂੰ, ਖੜੇ ਰੁੱਖ ਸੋਨੇ ਦੀਆਂ ਮੋਹਰਾਂ ਨਾਲ ਢਕੱਣ ਤੋਂ ਬਾਅਦ ਅੰਗੀਠੇ ਬਣਾਉਣ ਦੀ ਇਜਾਜ਼ਤ ਦੇਣ ਦੀ ਸ਼ਰਤ ਰੱਖ ਦਿੱਤੀ। ਸਰਹੰਦ ਰਾਜ ਦਿਆਂ ਅਹਿਲਕਾਰਾਂ ਅਤੇ ਲੋਕਾਂ ਨੇ ਦੇਖਿਆ ਕਿ ਦੀਵਾਨ ਟੋਡਰ ਮੱਲ ਨੇ ਅੱਤਾ ਚੌਧਰੀ ਦੀ ਇਹ ਵੰਗਾਰ ਵੀ ਸਵੀਕਾਰ ਕਰ ਲਈ। ਦੀਵਾਨ ਟੋਡਰ ਮੱਲ ਜੀ ਨੇ ਅੱਤਾ ਚੌਧਰੀ ਦੀ ਮੰਗ ਪੂਰੀ ਕਰਨ ਲਈ, ਹੋਰ ਅਸ਼ਰਫ਼ੀਆਂ ਦਾ ਇੰਤਜ਼ਾਮ ਕੀਤਾ ਅਤੇ ਸੋਨੇ ਦੀਆਂ ਮੁਹਰਾਂ ਖੜੇ ਰੁੱਖ ਰੱਖ ਕੇ ਕੀਮਤ ਅਦਾ ਕਰ ਕੇ ਗੁਰੂ ਪਰਿਵਾਰ ਦੇ ਤਿੰਨੋਂ ਸ਼ਹੀਦਾਂ ,ਮਾਤਾ ਗੁਜਰੀ ਜੀ, ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ ਅਤੇ ਸਾਹਿਬਜ਼ਾਦਾ ਫ਼ਤਹਿ ਸਿੰਘ ਜੀ ਦੇ ਸਸਕਾਰਾਂ ਲਈ ਅੰਗੀਠੇ ਤਿਆਰ ਕੀਤੇ ਅਤੇ ਪੂਰਨ ਸਿੱਖ ਮਰਿਆਦਾ ਅਤੇ ਸ਼ਰਧਾ ਨਾਲ ਸਸਕਾਰ ਸੰਪੰਨ ਕੀਤੇ। (ਪ੍ਰਿੰ ਸਤਿਬੀਰ ਸਿੰਘ ਜੀ ਆਪਣੀ ਪੁਸਤਕ 'ਪੂਰਨ ਸਚਿ ਭਰੇ' ਵਿਚ ਉਸ ਜ਼ਮੀਨ ਦੇ ਟੁਕੜੇ ਦੀ ਸੰਨ 1704ਈ /1705ਈ) ਵਿਚ ਇਕ ਕ੍ਰੋੜ ਅੱਠ ਲੱਖ ਰੁਪਏ ਦਸੀ ਹੈ।

ਸਰਹਿੰਦ ਦੇ ਹਾਕਮ ਵਜ਼ੀਰ ਖਾਨ ਨੇ ਦੀਵਾਨ ਟੋਡਰ ਮੱਲ ਨੂੰ ਨੌਕਰੀ ਚੋਂ ਕੱਢ ਦਿੱਤਾ। ਵਜ਼ੀਰ ਖ਼ਾਨ ਦਾ ਦੀਵਾਨ ਟੋਡਰ ਮੱਲ ਨੂੰ ਸਿੱਖ ਗੁਰੂਆਂ ਪ੍ਰਤੀ ਸ਼ਰਧਾ ਦਿਖਾਉਣ ਲਈ, ਨੌਕਰੀ ਚੋਂ ਕੱਢਣਾ, ਬਦੀ ਅਤੇ ਜ਼ੁਲਮ ਦੀ ਇੰਤਹਾ ਦਾ ਨੇਕੀ ਅਤੇ ਵਫ਼ਾ ਦੇ ਹੱਥੀਂ ਹਾਰ ਸਵੀਕਾਰ ਕਰਨਾ ਸੀ। ਹਕੂਮਤ ਤੋਂ ਖ਼ੌਫ਼ਜ਼ਦਾ ਨਾ ਹੁੰਦਿਆਂ, ਗੁਰੂ ਪ੍ਰਤੀ ਅਨਿੰਨ ਭਗਤੀ ਦਾ ਸਬੂਤ ਦੇ ਕੇ ਦੀਵਾਨ ਟੋਡਰਮੱਲ ਨੇ ਇੱਕ ਸਮੇਂ ਅਸੰਭਵ ਲਗੱਣ ਵਾਲਾ ਕਾਰਨਾਮਾ ਅੰਜਾਮ ਕਰ ਦਿੱਤਾ। ਦੀਵਾਨ

ਟੋਡਰ ਮੱਲ ਹੱਕ ਤੇ ਸੱਚ ਦਾ ਅਸਲੀ ਪਹਿਰੇਦਾਰ ਸਾਬਤ ਹੋਇਆ। ਨਿਸੰਦੇਹ, ਆਪਣੀ ਕਰਣੀ ਨਾਲ ਗੁਰੂ ਭਗਤੀ ਦੇ ਇਮਤਿਹਾਨ ਵਿੱਚ, ਦੀਵਾਨ ਟੋਡਰਮੱਲ ਜੀ ਪੰਥ ਦੇ ਅਨਮੋਲ ਰਤਨ ਕਹਾਉਣ ਦੇ ਸੱਚੇ ਹੱਕਦਾਰ ਬਣੇ।।

ਕੁਝ ਸਮੇਂ ਬਾਅਦ, ਬਾਦਸ਼ਾਹ ਫ਼ਰੁਖ਼ਸੀਅਰ ਨੂੰ ਇਸ ਸਚਾਈ ਦਾ ਇਲਮ ਹੋਇਆ।ਉਹ ਗੁੱਸੇ ਵਿਚ ਆਪੇ ਤੋਂ ਬਾਹਰ ਹੋ ਗਿਆ। ਉਸ ਦੀ ਪ੍ਰਤੀਕ੍ਰਿਆ ਸੀ ਕਿ ਟੋਡਰਮੱਲ ਨੇ ਮੁਗ਼ਲਾਂ ਦੀ ਵਫਾਦਾਰੀ ਦੀ ਜਗ੍ਹਾ ਗੁਰੂ ਗੋਬਿੰਦ ਸਿੰਘ ਦੀ ਵਫ਼ਾਦਾਰੀ ਨਿਭਾਈ, ਅਜਿਹੇ ਆਦਮੀ ਲਈ ਮੁਗ਼ਲ ਰਾਜ ਵਿਚ ਕੋਈ ਜਗ੍ਹਾ ਨਹੀਂ। ਬਾਦਸ਼ਾਹ ਫ਼ਰੁਖ਼ਸੀਅਰ ਨੇ ਦੀਵਾਨ ਟੋਡਰਮੱਲ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਕੋਲਹੂ ਥਾਈਂ ਪੀੜ ਕੇ ਸ਼ਹੀਦ ਕਰਨ ਦਾ ਹੁਕਮ ਜਾਰੀ ਕਰ ਦਿੱਤਾ। ਕੁੱਝ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਦੀਵਾਨ ਟੋਡਰ ਮੱਲ ਜੀ ਸਰਕਾਰੀ ਫ਼ੁਰਮਾਨ ਆਉਣ ਦੇ ਅੰਦੇਸ਼ੇ ਕਾਰਨ, ਫ਼ੁਰਮਾਨ ਆਉਣ ਤੋਂ ਪਹਿਲਾਂ ਹੀ, ਆਪਣੀ ਮਰਜ਼ੀ ਨਾਲ ਗੁਮਨਾਮੀ ਦਾ ਜੀਵਨ ਚੁਣਦਿਆਂ, ਆਪਣੇ ਪਰਿਵਾਰ ਦੇ ਨਾਲ, ਜੱਦੀ ਹਵੇਲੀ ਅਤੇ ਸ਼ਹਿਰ ਨੂੰ ਛੱਡ ਕਿਤੇ ਚਲੇ ਗਏ। ਗੁਰਮਤਿ ਪ੍ਰਕਾਸ਼ ਦਸੰਬਰ 2008ਈ ਵਿਚ ਛਪੇ, ਸ਼ਾਹਿਬਜ਼ਾਦਿਆਂ ਦੀ ਸ਼ਹਾਦਤ ਲੇਖ ਵਿਚ ਪ੍ਰੋ ਕਿਰਪਾਲ ਸਿੰਘ ਬੰਡੂਗਰ ਦੀ ਖੋਜ ਅਨੁਸਾਰ, ਆਪਣੇ ਫ਼ਰਜ਼ ਨੂੰ ਅੰਜਾਮ ਦੇਣ ਦੇ ਜੁਰਮ ਵਿਚ, ਦੀਵਾਨ ਟੋਡਰ ਮੱਲ ਜੀ ਨੇ ਪਰਿਵਾਰ ਸਮੇਤ ਕੋਹਲੂ ਥਾਈਂ ਪੀੜੇ ਜਾਂਦਿਆਂ ਸ਼ਹਾਦਤ ਕਬੂਲ ਕੀਤੀ। (ਬਾਦਸ਼ਾਹ ਦੇ ਹੁਕਮ ਅਨੁਸਾਰ ਦੀਵਾਨ ਟੋਡਰ ਮੱਲ ਨੂੰ ਵੀ ਪਰਿਵਾਰ ਸਮੇਤ ਕੋਹਲੂ ਥਾਈਂ ਪੀੜ ਕੇ ਸ਼ਹੀਦ ਕਰ ਦਿੱਤਾ ਗਿਆ) ਸਿੱਖ ਕੌਮ ਤੇ ਸਿੱਖ ਇਤਿਹਾਸ ਟੋਡਰ ਮੱਲ ਜੀ ਦਾ ਸਦੀਵ ਰਿਣੀ ਰਹੇਗਾ। ਫ਼ਤਹਿਗੜ੍ਹ ਸਾਹਿਬ ਵਿੱਚ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦੇ ਸਸਕਾਰ ਕਰਨ ਵਾਲੇ ਸਥਾਨ ਤੇ ਹੁਣ ਗੁਰਦਵਾਰਾ ਜੋਤੀ ਸਰੂਪ ਸੁਭਾਇਮਾਨ ਹੈ। ਗੁਰਦਵਾਰਾ ਸਾਹਿਬ ਨੂੰ ਜਾਣ ਵਾਲੀ ਸੜਕ ਦੀਵਾਨ ਟੋਡਰ ਮੱਲ ਮਾਰਗ ਦੇ ਨਾਮ ਨਾਲ ਜਾਣੀ ਜਾਂਦੀ ਹੈ।

ਗੁਰੂ ਗੋਬਿੰਦ ਸਿੰਘ ਜੀ ਨੂੰ ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਖ਼ਬਰ, ਰਾਏ ਕਲ੍ਹਾ ਦੇ ਜਵਾਈ ਆਲਮ ਖ਼ਾਨ (ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, ਨੂਰੂ ਨਾਮਕ ਆਦਮੀ ਖਬਰ ਲਿਆਇਆ ਸੀ) ਪਾਸੋਂ, 16 ਦਸੰਬਰ 1705 ਈ ਨੂੰ ਮਿਲੀ। ਗੁਰੂ ਗੋਬਿੰਦ ਸਿੰਘ ਜੀ ਮਾਛੀਵਾੜਾ ਤੋਂ ਚਲ ਕੇ ਟਾਲ੍ਹੀਆਣਾ( ਜ਼ਿਲ੍ਹਾ ਲੁਧਿਆਣਾ) ਵਿਖੇ, ਇਕ ਛਪੜੀ ਦੇ ਕਿਨਾਰੇ ਇੱਕ ਟਾਲ੍ਹੀ ਦੇ ਰੁੱਖ ਹੇਠ ਵਿਰਾਜੇ ਹੋਏ ਸਨ। ਇੱਥੇ ਹੀ ਕਲ੍ਹਾਰਾਏ ਗੁਰੂ ਜੀ ਦੀ ਸੇਵਾ ਵਿਚ ਹਾਜ਼ਿਰ ਹੋਇਆ। ਰਾਏ ਕਲ੍ਹਾ ਨੇ ਆਪਣੇ ਭਰੋਸੇ ਦੇ ਆਦਮੀ (ਨੂਰਾ ਮਾਹੀ) ਨੂੰ ਸਰਹਿੰਦ ਭੇਜਿਆ। ਨੂਰਾ ਮਾਹੀ ਸਾਹਿਬਜ਼ਾਦਿਆਂ ਦੀ ਸ਼ਹਾਦਤ ਨਾਲ ਜੁੜੀ ਸਾਰੀ ਜਾਣਕਾਰੀ ਲੈ ਕੇ ਵਾਪਿਸ ਮੁੜਿਆ। ਗੁਰੂ ਗੋਬਿੰਦ ਸਿੰਘ ਜੀ ਨੂੰ ਦੀਵਾਨ ਟੋਡਰਮੱਲ ਦੁਆਰਾ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੇ ਸਸਕਾਰ ਕਰਨ ਦੀ ਵੀ ਪੂਰੀ ਜਾਣਕਾਰੀ ਪ੍ਰਾਪਤ ਹੋਈ। ਗੁਰੂ ਗੋਬਿੰਦ ਸਿੰਘ ਜੀ ਨੇ, ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦੀ ਖ਼ਬਰ ਸੁਣ,

**"ਦੀਨ ਦਇਆਲ ਭਰੋਸੇ ਤੇਰੇ,**
**ਸਭੁ ਪਰਵਾਰ ਚੜਾਇਆ ਬੇੜੇ॥"**

ਗਉੜੀ ਅੰਗ ੩੩੭ ਸ੍ਰੀ ਗੁ ਗ੍ਰ ਸਾ

ਉਚਾਰ ਕੇ, ਅਕਾਲ ਪੁਰਖ ਦੇ ਸ਼ੁਕਰਾਨੇ ਵਿਚ ਸੀਸ ਨਿਵਾਇਆ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਦੀਵਾਨ ਟੋਡਰਮੱਲ ਵਰਗੇ ਦਲੇਰ ਵਿਅਕਤੀਆਂ ਦਾ ਜੁਅਰੱਤ ਦਿਖਾ ਕੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੇ ਸਤਿਕਾਰ ਸਹਿਤ ਸਸਕਾਰ ਕੀਤੇ ਜਾਣ ਲਈ, ਅਕਾਲ ਪੁਰਖ ਦਾ ਧੰਨਵਾਦ ਕੀਤਾ।

ਗੁਰਬਾਣੀ ਦੇ ਮਹਾਵਾਕ,

**"ਜਿਸ ਨੋ ਆਪਿ ਖੁਆਏ ਕਰਤਾ**
**ਖੁਸਿ ਲਏ ਚੰਗਿਆਈ॥੩॥"**

ਆਸਾ ਮਹਲਾ ੧, ਸ੍ਰੀ ਗੁ ਗ੍ਰ ਸਾ ਅੰਗ ੪੧੭

ਦੀ ਰੌਸ਼ਨੀ ਵਿਚ, ਅਕਾਲਪੁਰੱਖ ਜਦੋਂ, ਕਿਸੇ ਤਾਕਤਵਰ ਨੂੰ ਜਨਮ ਵੇਲੇ ਮਿਲੀ ਬਿਬੇਕ ਬੁਧੀ ਦਾ ਤਿਆਗ ਕਰ ਕੇ ਆਪਣੀ ਤਾਕਤ ਦਾ ਦੁਰਉਪਯੋਗ ਕਰਦਿਆਂ ਦੇਖਦਾ ਹੈ ਤਾਂ, ਉਸ ਸ਼ਖ਼ਸ ਦੀ ਹੋਂਦ-ਹਸਤੀ ਨੂੰ ਖ਼ਤਮ ਕਰਨ ਲਈ, ਉਸ ਨੂੰ ਜਨਮ ਵੇਲੇ ਦਿੱਤੇ ਹੋਏ ਗੁਣਾਂ/ਚੰਗੇ ਅਮਲਾਂ ਦਾ ਅੰਤ ਕਰਨ ਲਈ ਉਸ ਬੰਦੇ ਨੂੰ ਕੁਰਾਹੇ ਪਾ ਦਿੰਦਾ ਹੈ। (ਭਾਵ ਉਸ ਬੰਦੇ ਨੂੰ ਦਰਿੰਦਾ ਬਣਨ ਦੀ ਖੁਲ੍ਹੀ ਛੁੱਟੀ ਦੇ ਦਿੰਦਾ ਹੈ)। ਜ਼ਾਲਿਮ ਮੁਗ਼ਲ ਸ਼ਾਸਕਾਂ ਦਾ ਵੀ ਇਹੀ ਹਸ਼ਰ ਹੋਇਆ। ਔਰੰਗਜ਼ੇਬ ਦੀ ਮੌਤ ਦੇ ਨਾਲ ਮੁਗ਼ਲ ਰਾਜ ਦਾ ਪਤਨ ਆਰੰਭ ਹੋ ਗਿਆ। ਦੋਵੇਂ ਵੱਡੇ ਸਾਹਿਬਜ਼ਾਦਿਆਂ ਦੀਆਂ ਚਮਕੌਰ ਸਾਹਿਬ ਵਿਖੇ ਸ਼ਹਾਦਤਾਂ ਤੋਂ ਬਾਅਦ, ਮੁਗ਼ਲਾਂ ਦੁਆਰਾ, ਛੋਟੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰ ਕੇ ਸਿੱਖੀ ਦੇ ਦੀਵੇ ਨੂੰ

ਸਦੀਵ ਕਾਲ ਲਈ ਬੁਝਾ ਕੇ ਹਿੰਦੁਸਤਾਨ ਨੂੰ ਇਸਲਾਮਿਕ ਦੇਸ਼ ਬਣਾਉਣ ਦੀ ਮਨਸ਼ਾ ਪੂਰੀ ਕਿਵੇਂ ਹੁੰਦੀ ਜਦੋਂ, ਸਿੱਖ ਮੱਤ/ਖ਼ਾਲਸਾ ਪੰਥ ਦੀ ਸਾਜਣਾ ਵੀ ਅਕਾਲਪੁਰੱਖ ਦੀ ਰਜ਼ਾ ਨਾਲ:

**"ਆਗਿਆ ਭਈ ਅਕਾਲ ਕੀ ਤਬੈ ਚਲਾਇਓ ਪੰਥ"**

ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਹੋਂਦ ਵਿੱਚ ਆਈ ਸੀ। ਮੁਤੱਸਬ ਦੀ ਅੱਗ ਵਿੱਚ ਸੜਦਾ-ਭੁੱਜਦਾ ਨਾਦਾਨ ਵਜ਼ੀਰ ਖ਼ਾਨ (ਸੂਬਾ ਸਰਹੰਦ) ਭੁੱਲ ਗਿਆ ਕਿ ਜਿਸ ਪ੍ਰਭੂ/ ਪਰਮਾਤਮਾ /ਖ਼ੁਦਾ ਨੇ ਉਸ ਨੂੰ ਇਹ ਰਾਜ-ਭਾਗ ਅਤੇ ਇਜ਼ੱਤ-ਮਾਣ ਬਖ਼ਸ਼ੇ ਹਨ, ਸੰਸਾਰ ਵਿਚ ਹੋਣ ਵਾਲਾ ਹਰ ਵਰਤਾਰਾ ਉਸ ਪਰਮਾਤਮਾ/ਅਕਾਲਪੁਰੱਖ ਦੀ ਰਜ਼ਾ ਵਿੱਚ ਹੀ ਹੋਂਦ ਵਿਚ ਆਉਂਦਾ ਹੈ। ਇਨਸਾਨ ਦੇ ਹੱਥ-ਵੱਸ ਤਾਂ ਕੁਝ ਵੀ ਨਹੀਂ। ਕੋਈ ਨਾਜ਼ਮ ਜਾਂ ਸਰਬਰਾਹ ਆਪਣੇ ਰਾਜਸੀ ਅਧਿਕਾਰ ਦੇ ਜ਼ੋਰ ਤੇ ਖ਼ੁਦ ਨੂੰ ਭਾਵੇਂ ਜਿੰਨਾ ਮਰਜ਼ੀ ਤਾਕਤਵਰ ਸਮਝ ਲਵੇ, ਪ੍ਰਭੂ/ਪਰਮਾਤਮਾ/ ਅਕਾਲਪੁਰੱਖ ਦੀ ਨਜ਼ਰ ਵਿਚ, ਉਹ ਸ਼ਖ਼ਸ ਇੱਕ ਅਦਨੇ ਕੀੜੇ ਤੋਂ ਵੱਧ ਕੁੱਝ ਵੀ ਨਹੀਂ।

**"ਜੇ ਕੋ ਨਾਉ ਧਰਾਏ ਵਡਾ ਸਾਦ ਕਰੇ ਮਨਿ ਭਾਣੇ॥**
**ਖਸਮੈ ਨਦਰੀ ਕੀੜਾ ਆਵੈ ਜੇਤੇ ਚੁਗੇ ਦਾਣੇ॥"**

ਸ੍ਰੀ ਗੁ ਗ੍ਰ ਸਾ ਆਸਾ ਮਹਲਾ ੧ ਅੰਗ ੩੬੦

ਜਿਹੜਾ ਪੰਥ ਅਕਾਲਪੁਰੱਖ ਦੇ ਆਦੇਸ਼ ਨਾਲ ਹੋਂਦ ਵਿੱਚ ਆਇਆ, ਉਸ ਪੰਥ ਨੂੰ ਜੜ੍ਹੋਂ ਮੇਟਣ ਦੀ ਸਮਰੱਥਾ ਕਿਸੇ ਮਨੁੱਖ ਵਿੱਚ ਕਿਵੇਂ ਹੋ ਸਕਦੀ ਸੀ? ਅਕਾਲਪੁਰੱਖ ਦੀ ਰਜ਼ਾ ਦੇ ਖ਼ਿਲਾਫ਼ ਕਾਰਜ ਕਰ ਕੇ ਵਜ਼ੀਰ ਖ਼ਾਨ ਨੇ ਆਪਣਿਆਂ ਪੈਰਾਂ ਤੇ ਆਪ ਕੁਹਾੜੀ ਮਾਰ ਕੇ, ਆਪਣੇ ਅੰਤ ਨੂੰ ਸੱਦਾ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਦਿਆਂ ਕਰ ਕਮਲਾਂ ਤੋਂ ਅੰਮ੍ਰਿਤ ਦੀ ਦਾਤ ਅਤੇ ਥਾਪੜਾ ਪ੍ਰਾਪਤ ਕਰਨ ਵਾਲੇ ਜਰਨੈਲ ਬਾਬਾ ਬੰਦਾ ਸਿੰਘ ਬਹਾਦੁਰ ਨੇ ਕੇਵਲ ਤਿੰਨ ਕੁ ਹਜ਼ਾਰ ਲੜਾਕੂ ਜਿਨ੍ਹਾਂ ਪਾਸ ਕੇਵਲ ਤੀਰ ਕਮਾਨ, ਲੰਮੇ ਨੇਜ਼ੇ ਅਤੇ ਤਲਵਾਰਾਂ ਸਨ, ੧੨ਮਈ ਸੰਨ ੧੭੧੦ਈ ਨੂੰ 'ਚਪੜ-ਚਿੜੀ' ਦੀ ਜੂਹ ਵਿਚ ਵਜ਼ੀਰ ਖਾਨ ਦੀ ਵੀਹ ਹਜ਼ਾਰ ਤੋਂ ਵੱਧ, ਤੋਪਾਂ, ਬਾਰੂਦ ਅਤੇ ਹਾਥੀਆਂ ਨਾਲ ਲੈਸ ਫੌਜ ਤੇ ਚੜ੍ਹਾਈ ਕੀਤੀ। ਦੋ ਦਿਨਾਂ ਦੀ ਘਮਾਸਾਨ ਲੜਾਈ ਵਿਚ ਵਜ਼ੀਰ ਖ਼ਾਨ ਅਤੇ ਉਸ ਦੇ ਹਿਮਾਇਤੀਆਂ ਸ਼ੇਰ ਮੁਹੰਮਦ ਖ਼ਾਨ ਅਤੇ ਖ਼ੁਆਜਾ ਅਲੀ ਮਲੇਰਕੋਟਲੀਆ ਦਾ ਖ਼ਾਤਮਾ ਕਰ ਦਿਖਾਇਆ। ਵਜ਼ੀਰ ਖ਼ਾਨ ਨਾਲ ਆਹਮਣੇ-ਸਾਹਮਣੇ ਦੀ ਲੜਾਈ ਵਿਚ, ਭਾਈ ਬਾਜ ਸਿੰਘ ਦੇ ਇੱਕ ਭਰਪੂਰ ਵਾਰ ਨੇ ਵਜ਼ੀਰ ਖ਼ਾਨ ਦਾ ਖੱਬਾ ਮੋਢ੍ਹਾ ਚੀਰ ਧਰਿਆ। ਬਾਬਾ ਬੰਦਾ ਸਿੰਘ ਬਹਾਦੁਰ ਜੋ ਕੋਲ ਹੀ ਖੜੇ ਸਨ, ਆਪਣੇ ਇੱਕ ਵਾਰ ਨਾਲ ਵਜ਼ੀਰ ਖ਼ਾਨ ਦਾ ਸਿਰ ਧੜ ਤੋਂ ਜੁਦਾ ਕਰ ਦਿੱਤਾ। ਬਾਬਾ ਬੰਦਾ ਸਿੰਘ ਬਹਾਦੁਰ ਦੇ ਆਦੇਸ਼ ਤੇ ਵਜ਼ੀਰ ਖ਼ਾਨ ਦੀ ਲਾਸ਼ ਨੂੰ ਇੱਕ ਜੰਡ ਨਾਲ ਲਟਕਾ ਦਿੱਤਾ ਗਿਆ ਤਾਂ ਜੋ ਮੁਗ਼ਲ ਫੌਜੀ ਆਪਣੇ ਜਰਨੈਲ ਦਾ ਹੋਇਆ ਹਸ਼ਰ ਆਪਣੀਆਂ ਅੱਖੀਆਂ ਨਾਲ ਦੇਖ ਸਕਣ। ਵਜ਼ੀਰ ਖ਼ਾਨ ਦੀ ਲਾਸ਼ ਨੂੰ ਜੰਡ ਨਾਲ ਲਟਕਿਆ ਵੇਖ ਮੁਗ਼ਲ ਸੈਨਾ ਵਿਚ ਭਗਦੜ ਮਚ ਗਈ। ਜਿਸ ਨੂੰ ਜਿੱਧਰ ਦਾ ਰਾਹ ਮਿਲਿਆ, ਉਧਰ ਨੂੰ ਭਜ ਖਲੋਤਾ। ੧੪ਮਈ ਸੰਨ ੧੭੧੦ਈ ਨੂੰ ਖ਼ਾਲਸਈ ਫ਼ੌਜਾਂ ਸਰਹੰਦ ਸ਼ਹਿਰ ਵਿਚ ਦਾਖਿਲ ਹੋ ਗਈਆਂ। ਵਜ਼ੀਰ ਖ਼ਾਨ ਦੀ ਲਾਸ਼ ਨੂੰ ਜੰਡ ਤੋਂ ਉਤਾਰ ਕੇ, ਘੋੜਿਆਂ ਦੇ ਪਿੱਛੇ ਬੰਨ੍ਹ ਕੇ ਘਸੀਟਦਿਆਂ ਸਰਹਿੰਦ ਦੀਆਂ ਗਲੀਆਂ ਵਿੱਚੋਂ ਘਸੀਟਿਆ ਗਿਆ।ਵਜ਼ੀਰ ਖ਼ਾਨ ਨੂੰ ਉਕਸਾਣ ਵਾਲਾ ਸੁੱਚਾ ਨੰਦ ਸ਼ਹਿਰ ਛੋੜ ਕੇ ਭਜਣ ਦੀ ਕੋਸ਼ਿਸ਼ ਵਿਚ ਸਿੰਘਾਂ ਦੇ ਹੱਥ ਆ ਗਿਆ। ਸਿੰਘਾਂ ਨੇ ਸੁੱਚਾ ਨੰਦ ਦੇ ਘਰ ਦੀਆਂ ਜ਼ਨਾਨੀਆਂ ਅਤੇ ਪੁੱਤਰ ਨੂੰ ਇੱਕ ਇੱਕ ਕਪੜੇ ਵਿਚ ਸਾਰੇ ਸ਼ਹਿਰ ਵਿਚ ਭਿਖ ਮੰਗਣ ਲਈ ਮਜਬੂਰ ਕਰ ਦਿੱਤਾ। ਨਗਰ ਵਿਚ ਢੰਢੋਰਾ ਦਿੱਤਾ ਗਿਆ ਕਿ ਸਿੱਖ ਕੌਮ ਦੇ ਇਨ੍ਹਾਂ ਦੋਸ਼ੀਆਂ ਨੂੰ ਕੋਈ ਇੱਕ ਕੌਡੀ ਤੋਂ ਵੱਧ ਭਿੱਖ ਨਾ ਪਾਵੇ। ਸੁੱਚਾ ਨੰਦ ਦੇ ਨੱਕ ਵਿਚ ਨਕੇਲ ਪਾ ਕੇ ਤਦ ਤਕ ਨਗਰ ਵਿਚ ਘੁਮਾਇਆ ਗਿਆ, ਜਦੋਂ ਤਕ ਉਹ ਮਰ ਨਾ ਗਿਆ।

ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੇ ਬਾਲ ਉਮਰ ਵਿਚ ਹੀ ਆਪਣੇ ਦਾਦਾ ਜੀ, ਗੁਰੂ ਤੇਗ਼ ਬਹਾਦੁਰ ਜੀ ਅਤੇ ਉਨ੍ਹਾਂ ਦੇ ਦਾਦਾ ਜੀ (ਗੁਰੂ ਅਰਜਨ ਦੇਵ ਜੀ) ਦੁਆਰਾ ਧਰਮ ਨਿਰਪੇਖਤਾ ਦੀ ਰਚੀ ਮਿਸਾਲ ਨਾਲ ਸੰਬੰਧ ਕਾਇਮ ਕੀਤਾ। ਮਾਨਵੀ ਅਧਿਕਾਰਾਂ ਦੇ ਸੰਘਰਸ਼ ਵਿਚ ਕੁਦ ਕੇ, ਮਨੁੱਖੀ ਸਭਿਅਤਾ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਿਰ ਉੱਚਾ ਕਰ ਕੇ ਜੀਅ ਸਕਣ ਦੀ ਤਰਜ਼ੇ ਬਿਆਨੀ/ਜੀਵਨ ਜੁਗਤ ਸਿਖਾਈ। ਭਗਤ ਪ੍ਰਹਿਲਾਦ ਦੁਆਰਾ ਆਪਣੇ ਪਿਤਾ ਦੇ ਜ਼ੁਲਮ ਦੇ ਸਾਹਮਣੇ, ਪ੍ਰਭੂ ਭਗਤੀ ਵਿਚ ਵਿਸ਼ਵਾਸ ਦੇ ਦਰਸਾਏ ਸਾਹਸ ਅਤੇ ਭਗਤ ਧਰੂਅ ਦੀ ਆਪਣੀ ਮਤਰੇਈ ਮਾਂ ਦੁਆਰਾ ਤ੍ਰਿਸਕਾਰੇ ਜਾਣ ਦੀ ਗਾਥਾ

ਭਾਰਤ ਦੇ ਹਰ ਵਰਗ ਦੇ ਲੋਕਾਂ ਵੱਲੋਂ ਸਲਾਹੀ ਜਾਂਦੀ ਹੈ। ਗੁਰੂ ਗੋਬਿੰਦ ਸਿੰਘ ਜੀ ਦਿਆਂ ਮਾਸੂਮ ਸਾਹਿਬਜ਼ਾਦਿਆਂ ਨੇ ਵੀ ਅਮਾਨਵੀ ਹਾਲਾਤਾਂ ਵਿਚ, ਮਾਨਵੀ ਅਧਿਕਾਰਾਂ ਦੀ ਰਾਖੀ ਕਰਨ ਲਈ ਨਾ ਸਿਰਫ ਰਾਜਸੀ ਸ਼ਕਤੀ ਦੁਆਰਾ ਹੁਕਮ ਅਧਿਕਾਰ ਵਿੱਚ ਕੀਤੇ ਜਾ ਰਹੇ ਜ਼ੁਲਮ ਦੇ ਖ਼ਿਲਾਫ਼ ਆਪਣੀ ਆਵਾਜ਼ ਉਠਾਉਣ ਦੇ ਅਦੁੱਤੀ ਸਾਹਸ ਦਾ ਪ੍ਰਗਟਾਵਾ ਕੀਤਾ ਸਗੋਂ, ਅਕਾਲਪੁਰੱਖ/ਪ੍ਰਮਾਤਮਾ ਦੇ ਭਾਣੇ ਵਿਚ ਵਿਸ਼ਵਾਸ ਰੱਖਦਿਆਂ, ਜ਼ਾਲਿਮ ਦਰਿੰਦੇ ਦੁਆਰਾ ਕੀਤੇ ਗਏ ਅਨੇਕਾਂ ਕਸ਼ਟ ਸਹਾਰਦਿਆਂ, ਸ਼ਾਂਤੀ ਪੂਰਵਕ ਢੰਗ ਨਾਲ ਸ਼ਹਾਦਤ ਵੀ ਅੰਜਾਮ ਦਿੱਤੀ।

ਖ਼ੁਸੀ ਹੁੰਦੀ ਹੈ ਜਦੋਂ ਅਸੀਂ ਹਿੰਦੀ ਕਵੀ ਮੈਥਿਲੀ ਸ਼ਰਨ ਗੁਪਤ ਦੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਰੇ ਲਿਖੇ ਵਿਚਾਰ ਪੜ੍ਹਦੇ ਹਾਂ:

**"ਜਿਸ ਕੁਲ ਜਾਤੀ ਦੇਸ ਕੇ ਬੱਚੇ ਦੇ ਸਕਤੇ ਹੈ ਯੋਂ ਬਲੀਦਾਨ।
ਉਸ ਕਾ ਵਰਤਮਾਨ ਕੁਛ ਭੀ ਹੋ ਭਵਿਸ਼ਯ ਹੈ ਮਹਾਂ ਮਹਾਨ।"**

ਸਿੱਖ ਕੌਮ ਦੇ ਹੋਂਦ ਵਿਚ ਆਉਣ ਦੇ ਸਮਕਾਲੀ ਸਮੇਂ ਵਿਚ ਹਿੰਦੁਸਤਾਨ ਦਾ ਰਾਜ-ਭਾਗ ਮੁਗ਼ਲ ਸ਼ਾਸਕਾਂ ਕੋਲ ਸੀ।

ਸਿੱਖ ਕੌਮ ਦੇ ਮਾਣਮੱਤੇ ਇਤਿਹਾਸ ਨੂੰ ਮੁਗ਼ਲਾਂ ਦੀ ਸਰਪ੍ਰਸਤੀ ਵਿਚ ਤੋੜ-ਮੋੜ ਅਤੇ ਵਿਗਾੜ ਕੇ ਲਿਖਿਆ ਗਿਆ। ਅੰਗ੍ਰੇਜ਼ ਕਾਲ ਵਿਚ ਸਿੱਖ ਇਤਿਹਾਸ ਦੀਆਂ ਸਚਾਈਆਂ ਨੂੰ ਹੋਰ ਸੱਟ ਮਾਰਨ ਲਈ ਸਿੱਖ ਇਤਿਹਾਸ ਨੂੰ ਭੁਲੇਖਿਆਂ, ਝੂਠ ਤੇ ਫ਼ਰੇਬ ਦੀ ਪਾਣ ਚੜ੍ਹਾ ਕੇ ਪੇਸ਼ ਕੀਤਾ ਗਿਆ। ਹਿੰਦੁਸਤਾਨ ਦੀ ਆਜ਼ਾਦੀ ਤੋਂ ਬਾਅਦ, ਪਿਛਲੇ ਕਈ ਦਹਾਕਿਆਂ ਤੋਂ ਸਿੱਖ ਇਤਿਹਾਸ ਨੂੰ ਨਤਮਸਤਕ ਹੋਣ ਦੀ ਥਾਂ, ਗ਼ਲਤ ਲੀਹਾਂ ਤੇ ਪਾਇਆ ਜਾਂਦਾ ਰਿਹਾ ਹੈ। ਇਨ੍ਹਾਂ ਛੇੜਖਾਨੀਆਂ ਨੂੰ ਕੌਮ ਵੱਲੋਂ ਅਣਦੇਖਿਆਂ ਕਰਨਾ ਕੌਮ ਦੀ ਕਮਜ਼ੋਰੀ ਅਤੇ ਨਾਸਮਝੀ ਸਮਝੀ ਜਾਂਦੀ ਰਹੀ ਹੈ। ਕੌਮ ਦੁਆਰਾ ਦੋਖੀਆਂ ਦੀਆਂ ਕੀਤੀਆਂ ਗ਼ਲਤ-ਬਿਆਨੀਆਂ ਨੂੰ ਅਣਦੇਖਿਆਂ ਕਰਨਾ, ਅਜਿਹੀਆਂ ਸਾਜ਼ਸ਼ਾਂ ਨੂੰ ਹੋਰ ਵਧਾਵਾ ਦੇ ਰਹੀਆਂ ਹਨ। ਅੱਜ ਦੇ ਨਾਜ਼ੁਕ ਸਮੇਂ ਦੀ ਮੰਗ ਹੈ ਕਿ ਗੁਰਬਾਣੀ ਦੇ ਮਹਾਵਾਕ **'ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ'** ਵਿਚ ਵਿਸ਼ਵਾਸ ਲਿਆ ਪੰਥਕ ਏਕਤਾ ਅਤੇ ਸਿੱਖ ਕੌਮ ਦੀ ਪਛਾਣ ਬਣਾਏ ਰੱਖਣ ਲਈ ਆਪਸੀ ਮਤਭੇਦਾਂ ਨੂੰ ਭੁਲਾ, ਮਾਸੂਮ ਸਾਹਿਬਜ਼ਾਦਿਆਂ ਦੁਆਰਾ ਸਿਰਜੇ ਗਏ ਸ਼੍ਰੋਮਣੀ ਇਤਿਹਾਸ ਦੀ ਵਿਰਾਸਤ ਨੂੰ ਨਾ ਸਿਰਫ ਸੰਭਾਲਣਾ ਹੀ ਜਾਏ ਸਗੋਂ, ਇਸ ਅਦੁੱਤੀ



ਦੀਵਾਰ ਵਿਚ ਚਿਣਿਆਂ ਜਾਂਦਿਆਂ, ਸਹਿਬਜ਼ਾਦਿਆਂ ਦੁਆਰਾ ਅਦਭੁਤ ਸਾਹਸ ਦਾ ਪਗਟਾਵਾ।
Drawing by Raj Tattal-Pentacular Artist

ਸ਼ਹਾਦਤੀ ਇਤਿਹਾਸ ਨੂੰ ਪਰਵਾਸੀ ਸਿੱਖ ਬੱਚਿਆਂ ਦੇ ਨਾਲ ਦੁਨੀਆਂ ਦੇ ਹੋਰ ਬੱਚਿਆਂ ਲਈ ਵੱਖ ਵੱਖ ਜ਼ੁਬਾਨਾਂ ਵਿਚ ਉਲੱਥਾ ਕਰਵਾ ਕੇ ਵਿਸ਼ਵ ਦੇ ਸਾਹਮਣੇ ਪ੍ਰਚਾਰਨ ਦੀ ਜ਼ਰੂਰਤ ਪਹਿਲਾਂ ਨਾਲੋਂ ਵੱਧ ਮਹਿਸੂਸ ਹੋ ਰਹੀ ਹੈ।

ਭਾਈ ਸੰਤੋਖ ਸਿੰਘ ਰਚਿਤ "ਸੂਰਜ ਪ੍ਰਕਾਸ਼ ਸਟੀਕ"ਵਿਚ ਸਾਹਿਬਜ਼ਾਦਿਆਂ ਅਤੇ ਮਾਤਾ ਜੀ ਦੇ ਸਸਕਾਰ ਕਰਨ ਦੀ ਸਾਖੀ ਨੂੰ ਇੰਞ ਲਿਖਿਆ ਮਿਲਿਆ ਹੈ, "ਮਾਹੀ ਨੇ ਦੱਸਿਆ ਕਿ ਉਸ ਨਿਭਾਗੇ ਦਿਨ ਬਾਬਾ ਫੂਲੇ ਦਾ ਪੁੱਤਰ ਤਿਰਲੋਕ ਸਿੰਘ ਸਰਹਿੰਦ ਸਰਕਾਰੀ ਮਾਲੀਆ ਤਾਰਨ ਆਇਆ ਹੋਇਆ ਸੀ, ਉਸ ਨੇ ਮਾਤਾ ਜੀ ਅਤੇ ਦੋਹਾਂ ਸਾਹਿਬਜ਼ਾਦਿਆਂ ਦੇ ਸਰੀਰਾਂ ਦਾ ਬੜੇ ਸਤਿਕਾਰ ਨਾਲ ਸਸਕਾਰ ਕਰ ਦਿੱਤਾ,"(ਪੰਨਾ 455)।

ਸ਼ਹੀਦ ਭਾਈ ਰਤਨ ਸਿੰਘ ਭੰਗੂ ਕ੍ਰਿਤ 'ਪ੍ਰਾਚੀਨ ਸੂਰਜ ਪ੍ਰਕਾਸ਼'ਵਿਚ ਇਸੇ ਸਾਖੀ ਦਾ ਜ਼ਿਕਰ ਇੰਞ ਆਂਦਾ ਹੈ, "ਤਿਹ ਹੁਤੋ ਮਸੰਦ ਸੁਲੱਖਣੋ, ਸਿੱਖ ਸੈ ਚੌਦਾਂ ਅਰਥਾਇ" ਭਾਵ ਸਰਹਿੰਦ ਵਿਚ ਸੁਲਖੱਣਾ ਮਸੰਦ ਸੀ, ਚੌਦਾਂ ਸੌ ਸਿੱਖ ਸਰਹਿੰਦ ਵਿਚ ਵਸਦਾ ਸੀ, ਉਸ ਸਮੇਂ ਐਨੇ ਸਿੱਖ ਅਤੇ ਮਸੰਦ ਦੇ ਹੁੰਦਿਆਂ, ਇਹ ਅਨਰਥ ਕਿਵੇਂ ਹੋਇਆ?" ਭੰਗੂ ਜੀ ਅੱਗੇ ਲਿਖਦੇ ਹਨ ਕਿ ਫਿਰ ਸਤਿਗੁਰ ਉਸ ਸਿਖ ਪੁਛਯੋ, ਕਿਨ ਹਾਅ ਨਾਰਾ ਮਾਰਯੋ ਨਾਹਿ? ਭਾਵ ਫਿਰ ਸਤਿਗੁਰੂ ਜੀ ਨੇ ਮਾਹੀ ਸਿੱਖ ਨੂੰ ਪੁੱਛਿਆ ਕਿ ਕਿਸੇ ਨੇ ਹਾਅ ਦਾ ਨਾਹਰਾ ਨਹੀਂ ਮਾਰਿਆ? ਵੱਖ ਵੱਖ ਸਾਖੀਕਾਰਾਂ ਦੇਆਰਾ ਲਿੱਖੀਆਂ ਸਾਖੀਆਂ ਵਿਚ ਗ਼ਲਤ ਬਿਆਨੀਆਂ ਹਨ। ਇੱਕ

ਸਾਖੀ ਵਿਚ ਦੋ ਮਸੰਦਾਂ ਤੇ ਚੌਦਾਂ ਸੌ ਸਿੱਖਾਂ ਦਾ ਜ਼ਿਕਰ ਆਉਂਦਾ ਹੈ, ਜਿਨ੍ਹਾਂ ਦੁਆਰਾ ਪਿੱਠ ਦਿਖਾਏ ਜਾਣ ਬਾਅਦ, ਬਾਬਾ ਫੂਲੇ ਦਾ ਪੁੱਤਰ ਤਿਰਲੋਕ ਸਿੰਘ ਸਸਕਾਰ ਕਰਨ ਦੀ ਹਿੰਮਤ ਕਦੇ ਨਹੀਂ ਸੀ ਦਿਖਾ ਸਕਦਾ, ਉਹ ਵੀ ਜਦੋਂ ਸਰਕਾਰੀ ਜ਼ਮੀਨ ਤੇ ਸਸਕਾਰ ਕਰਨ ਦੀ ਮਨਾਹੀ ਕਰ ਦਿੱਤੀ ਗਈ ਸੀ। ਦੂਜੀ ਸਾਖੀ ਵਿਚ ਭੰਗੂ ਜੀ ਨੂਰਾ ਮਾਹੀ ਨੂੰ ਸਿੱਖ ਆਖਦੇ ਹਨ, ਜਦੋਂ ਕਿ ਉਹ ਗੁਰੂ ਗੋਬਿੰਦ ਸਿੰਘ ਜੀ ਦੇ ਵਿਸ਼ਵਾਸੀ ਕਲਾ ਰਾਏਕੋਟ ਦਾ ਇਕ ਇਤਬਾਰੀ ਮੁਸਲਮਾਨ ਚਰਵਾਹਾ ਸੀ।



ਗਿਆਨੀ ਗਰਜਾ ਸਿੰਘ ਦੀ ਇਤਿਹਾਸਕ ਖੋਜ ਪੁਸਤਕ ਵਿਚ ਇਸ ਸਾਖੀ ਦਾ ਜ਼ਿਕਰ ਇਸ ਪ੍ਰਕਾਰ ਆਉਂਦਾ ਹੈ, "ਸੰਮਤ 1762 ਬਿ:13 ਪੋਹ ਸੁਦੀ ਅੱਠ (1705ਈ) ਸਾਹਿਬ ਜ਼ੋਰਾਵਰ ਸਿੰਘ ਤੇ ਫ਼ਤਹਿ ਸਿੰਘ ਦੋਹਾਂ ਨੂੰ ਨੀਹਾਂ ਵਿਚ ਚਿਣ ਕੇ ਸ਼ਹੀਦ ਕੀਤਾ ਗਿਆ ਤੇ ਮਾਤਾ ਜੀ ਨੇ ਸ਼ਹੀਦੀ ਪਾਈ। ਭਾਈ ਟੋਡਰ ਮੱਲ ਕਪੂਰ ਆਦਿ ਸਿੱਖਾਂ ਨੇ ਮਾਤਾ ਜੀ ਤੇ ਸਾਹਿਬਜ਼ਾਦਿਆਂ ਦਾ ਸਸਕਾਰ ਕੀਤਾ( ਸਰੋਤ ਕਵਿ ਕੋਇਰ ਸਿੰਘ ਲਹੌਰੀ ਅਤੇ ਸਰੂਪ ਸਿੰਘ ਕੌਸ਼ਿਸ਼) ਪ੍ਰੋ ਕਿਰਪਾਲ ਸਿੰਘ ਬਡੂੰਗਰ ਇਸ ਸਾਖੀ ਦੀ ਸਚਾਈ ਪੇਸ਼ ਕਰਦਿਆਂ ਲਿਖਿਆ ਹੈ ਕਿ 'ਸਾਕਾ ਸਰਹਿੰਦ' (ਗੁਰਮਤਿ ਪ੍ਰਕਾਸ਼-ਦਸੰਬਰ 2019) "ਸੂਬਾ ਸਰਹਿੰਦ ਦੇ ਅਹਿਲਕਾਰ ਪਰੰਤੂ ਗੁਰੂ-ਘਰ ਦੇ ਅਨਿੰਨ ਸ਼ਰਧਾਲੂ ਦੀਵਾਨ ਟੋਡਰ ਮੱਲ ਨੇ ਆਪਣੀ ਘਰ ਵਾਲੀ ਦੇ ਜ਼ੇਵਰਾਤ ਵੇਚ ਕੇ ਧਨ ਇਕੱਠਾ ਕਰ ਕੇ ਖੜੀਆਂ ਅਸ਼ਰਫੀਆਂ ਰੱਖ ਕੇ ਸਸਕਾਰ ਲਈ ਜ਼ਮੀਨ ਖ਼ਰੀਦੀ ਅਤੇ ਤਿੰਨਾਂ ਸ਼ਹੀਦਾਂ ਦਾ ਖ਼ਾਲਸਈ ਰਵਾਇਤਾਂ ਅਨੁਸਾਰ ਸਸਕਾਰ ਕਰ ਦਿੱਤਾ। ਇੱਥੇ ਅੱਜਕੱਲ ਗੁਰਦਵਾਰਾ ਸ੍ਰੀ ਜੋਤੀ ਸਰੂਪ ਸਾਹਿਬ ਸੁਸ਼ੋਭਿਤ ਹੈ।"

ਭਾਈ ਸੰਤੋਖ ਸਿੰਘ ਰਚਿਤ "ਸੂਰਜ ਪ੍ਰਕਾਸ਼ ਸਟੀਕ" ਅਤੇ ਸ਼ਹੀਦ ਦੀਆਂ ਰਤਨ ਸਿੰਘ ਭੰਗੂ ਜੀ ਦੀਆਂ ਉਪ੍ਰੋਕਤ ਸਾਖੀਆਂ ਦੀ ਗ਼ਲਤ ਬਿਆਨੀ ਇਤਿਹਾਸ ਨੂੰ ਕੁਰਾਹੇ ਪਾਉਂਦੀਆਂ ਹਨ, ਜੋ ਬਹੁਤੀ ਵੇਰਾਂ ਅਸਲੀ ਕਿਰਦਾਰ ਦੀ ਮਹਾਨਤਾ ( ਜਿਵੇਂ ਇਸ ਸਾਖੀ ਦੇ ਨਾਇਕ ਭਾਈ ਟੋਡਰਮੱਲ ਕਪੂਰ ਜੀ) ਨੂੰ ਨਜ਼ਰਅੰਦਾਜ਼ ਵੀ ਕਰਦੀਆਂ ਹਨ। ਬਾਬਾ ਫ਼ੂਲ ਦੇ ਦੋਵੇਂ ਪੁੱਤਰਾਂ ਭਾਈ ਤ੍ਰਿਲੋਕਾ ਜੀ ਅਤੇ ਭਾਈ ਰਾਮਾ ਜੀ ਨੇ ਬੀਬੀ ਹਰਿਸ਼ਰਨ ਕੌਰ ਜੀ ਦੇ ਨਾਲ ਮਿਲ ਕੇ ਚਮਕੌਰ ਸਾਹਿਬ ਦੇ ਸ਼ਹੀਦਾਂ ਦੇ ਸਸਕਾਰ ਕਰਨ ਦੇ ਫ਼ਰਜ਼ ਨਿਭਾਏ ਸਨ, ਜਿਨ੍ਹਾਂ ਸ਼ਹੀਦਾਂ ਵਿਚ ਦੋਵੇਂ ਵੱਡੇ ਸਾਹਿਬਜ਼ਾਦੇ ਸ਼ਾਮਿਲ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਦੋਵਾਂ ਭਰਾਵਾਂ ਨੂੰ ਤਲਵੰਡੀ ਸਾਬੋ ਵਿਖੇ ਅੰਮ੍ਰਿਤ ਦੀ ਦਾਤ ਬਖ਼ਸ਼ੀ, ਜਿਸ ਤੋਂ ਬਾਅਦ ਭਾਈ ਤ੍ਰਿਲੋਕਾ ਜੀ ਭਾਈ ਤਿਰਲੋਕ ਸਿੰਘ ਅਤੇ ਭਾਈ ਰਾਮਾ ਜੀ ਭਾਈ ਰਾਮ ਸਿੰਘ ਕਹਾਏ। ਨਵੀਆਂ ਖੋਜਾਂ ਭਾਵੇਂ ਅਜਿਹੇ ਭੁਲੇਖੇ ਦੂਰ ਕਰ ਤਾਂ ਦਿੰਦੀਆਂ ਹਨ, ਪਰ ਬਹੁਤੀ ਵੇਰਾਂ ਨਵੀਆਂ ਖੋਜਾਂ ਸਾਡੇ ਪਰਚਾਰਕਾਂ ਦੁਆਰਾ ਪ੍ਰਵਾਨ ਨਹੀਂ ਕੀਤੀਆਂ ਜਾਂਦੀਆਂ, ਜਿਸ ਕਾਰਨ ਭੁਲੇਖੇ ਬਣੇ ਹੀ ਰਹਿੰਦੇ ਹਨ। ਨਵੀਆਂ ਖੋਜਾਂ ਦਾ ਤਾਂ ਹੀ ਲਾਭ ਹੋਏਗਾ, ਜੇ ਸਾਡੇ ਪ੍ਰਚਾਰਕ ਵੀ ਇਨ੍ਹਾਂ ਖੋਜਾਂ ਵਿੱਚ ਵਿਸ਼ਵਾਸ ਲਿਆਉਣ।

-ਰਜਿੰਦਰ ਸਿੰਘ ਜੌਲੀ
theresolutesikh.com
43240 ਲਾਈਟ ਹਾਊਸ ਪਲੇਸ, ਸਾਊਥ ਰਾਈਡਿੰਗ
ਵਰਜੀਨੀਆ-20152. ਫੋਨ : 703-327-1528

# ਗੁਰੂ ਨਾਨਕ ਦੇਵ ਜੀ ਬੰਗਾਲ ਵਿਚ

## ਬੰਗਾਲ

ਜਦ ਗੁਰੂ ਨਾਨਕ ਦੇਵ ਜੀ ਬੰਗਾਲ ਗਏ ਤਾਂ ਉਸ ਵੇਲੇ ਇਸ ਦਾ ਬਟਵਾਰਾ ਨਹੀਂ ਹੋਇਆ ਸੀ, ਅਜੋਕਾ ਸਾਰਾ ਬੰਗਾਲ ਤੇ ਬੰਗਲਾ ਦੇਸ਼ ਇਕ ਸੀ। 1494 ਈ: ਤੋਂ ਏਥੇ ਹੁਸੈਨਸ਼ਾਹੀ ਰਾਜ ਸੀ । ਮੱਕੇ ਦੇ ਸ਼ਰੀਫ ਦਾ ਬੇਟਾ ਅਲਾਦੀਨ ਹੁਸ਼ੈਨ ਸ਼ਾਹ (1493-1519) ਬੰਗਾਲ ਦਾ ਸੁਲਤਾਨ ਬਣਿਆ । ਉਸ ਵੇਲੇ ਤਕ ਕਲਕਤਾ ਅਤੇ ਢਾਕਾ ਹੋਦ ਵਿਚ ਨਹੀਂ ਸਨ ਆਏ । ਗੁਰੂ ਨਾਨਕ ਦੇਵ ਜੀ ਭਾਗਲਪੁਰ ਕਸਬੇ ਤੇ ਬੰਗਾਲ ਪਹੁੰਚੇ ਤੇ ਗੰਗਾ ਨਦੀ ਦੇ ਨਾਲ ਨਾਲ ਸਾਹਿਬਗੰਜ, ਪੁਕੁਰ, ਰਾਜਮਹਿਲ ਅਤੇ ਮਾਲਦਾ ਗਏ। ਮਾਲਦਾ ਉਹ ਰਾਮ ਬਾਬੂ ਦੇ ਬਾਗ ਵਿਚ ਠਹਿਰੇ ਜੋ ਹੁਣ ਗੁਰੂ ਕਾ ਬਾਗ ਦੇ ਨਾਮ ਨਾਲ ਜਾਣਿਆ ਜਾਂਦਾ ਹੈ । ਉਸ ਤੋ ਅੱਗੇ ਉਨ੍ਹਾਂ ਨੇ ਕੰਤਨਗਰ, ਲਛਮੀਪੂਰ, ਮੁਰਸ਼ਿਦਾਬਾਦ (ਮਕਸੂਦਾਬਾਦ), ਨਲਹੱਟੀ ਅਤੇ ਕ੍ਰਿਸ਼ਨਾਨਗਰ (ਨਾਦੀਆ) ਦੀ ਯਾਤਰਾ ਕੀਤੀ ।

ਕ੍ਰਿਸ਼ਨਾ ਨਗਰ ਤੋਂ ਉਹ ਪੂਰਬ ਬੰਗਾਲ (ਹੁਣ ਬੰਗਲਾਦੇਸ਼) ਪਹੁੰਚੇ ਅਤੇ ਸ਼ਹਿਜ਼ਾਦਪੁਰ, ਸ਼ਿਰਾਜ ਗੰਜ, ਕਾਸ ਗੰਜ ਅਤੇ ਨਵਦੀਪ ਤੋਂ ਹੁੰਦੇ ਹੋਏ ਫਰੀਦਪੁਰ ਤੋ ਲੰਘੇ ਜਿਥੇ ਉਹ ਚੈਤਨਿਆ ਨੂੰ ਮਿਲੇ । ਉਥੇ ਉਹ ਸਿੱਧ ਸੰਤ ਰਾਮ ਦਾਸ ਕੋਲ ਵੀ ਗਏ ।ਅੱਗੇ ਉਹ ਮਾਣਕ ਗੰਜ ਅਤੇ ਦੇਵੀਪੁਰ ਗਏ ਅਤੇ 6 ਮਘਰ ਸਮਵਤ 1564 (1507 ਈਸਵੀ) ਨੂੰ ਢਾਕਾ (ਬੰਗਾਲ) ਪਹੁੰਚੇ । ਢਾਕਾ ਤੋਂ ਅੱਗੇ ਉਹ ਮੈਮਨ ਸਿੰਘ ਹੁੰਦੇ ਹੋਏ ਕਾਮਰੂਪ ਅਤੇ ਅਸਾਮ ਗਏ ਜਿਥੋਂ ਫਿਰ ਬੰਗਲਾਦੇਸ਼ ਵਾਪਿਸ ਆਕੇ ਸਿਲਹਟ ਹੁੰਦੇ ਹੋਏ ਮਨੀਪੁਰ-ਤਰੀਪੁਰਾ ਰਾਹੀਂ ਚਿਟਾਗਾਉਂ ਰਾਹੀਂ ਪੂਰਬ ਏਸ਼ੀਆ ਗਏ । ਪੂਰਬ ਏਸ਼ੀਆ ਤੋਂ ਉਹ ਫਿਰ ਚਿਟਾਗਾਉਂ ਪਰਤੇ ਤੇ ਚਾਦਪੁਰ ਅਤੇ ਕੇਸਬਪੁਰ-ਰਤਨਾਖੱਲੀ ਤੋਂ ਹੁੰਦੇ ਹੋਏ ਪੱਛਮ ਬੰਗਾਲ ਵੱਲ ਪਰਤੇ ।ਕਿਸ਼ਤੀ ਰਾਹੀਂ ਉਨ੍ਹਾਂ ਨੇ ਪਦਮਾ ਨਦੀ ਪਾਰ ਕੀਤੀ ਅਤੇ ਫਰੀਦਪੁਰ ਪਹੁੰਚੇ ਅਤੇ ਉਸ ਤੋਂ ਅੱਗੇ ਕੇਸਬਪੁਰ, 24 ਪਰਗਨਾ ਅਤੇ ਕ੍ਰਿਸ਼ਨਨਗਰ ਗਏ ਜੋ ਉਸ ਸਮੇਂ ਬੰਗਾਲ ਦੀ ਰਾਜਧਾਨੀ ਬਣ ਗਿਆ ਸੀ।ਦਿਨਸਰਾ ਅਤੇ ਚੰਦਰਨਗਰ ਦੀ ਯਾਤਰਾ ਤੋਂ ਪਿੱਛੋਂ ਉਹ ਕੋਲਕਤਾ (ਕਲੱਕਤਾ) ਪਹੁੰਚੇ ਜੋ ਉਦੋਂ ਇਕ ਛੋਟਾ ਜਿਹਾ ਪਿੰਡ ਸੀ। ਅੱਗੇ ਗੁਰੂ ਨਾਨਕ ਦੇਵ ਜੀ ਗੰਗਾ ਘਾਟ ਪਹੁੰਚੇ ।

## ਪੱਛਮੀ ਬੰਗਾਲ

ਗੁਰੂ ਨਾਨਕ ਦੇਵ ਸਾਹਿਬ ਸਾਹਿਬ ਗੰਜ, ਪੁਕੁਰ ਅਤੇ ਰਾਜ ਮਹਿਲ ਤੋ ਗੁਜ਼ਰੇ ਅਤੇ ਬੰਗਾਲ ਵਿੱਚ ਮਾਲਦਾ ਪਹੁੰਚ ਗਏ । ਸਾਹਿਬ ਗੰਜ, ਪੁਕੁਰ, ਰਾਜ ਮਹਿਲ ਅਤੇ ਮਾਲਦਾ ਵਿੱਚ ਗੁਰੂ ਜੀ ਦੀ ਯਾਦ ਵਿੱਚ ਗੁਰਦੁਆਰੇ ਹਨ ।

## ਗੁਰਦੁਆਰਾ ਸ੍ਰੀ ਗੁਰੂ ਨਾਨਕ ਸਤਸੰਗ ਸਭਾ, ਸਾਹਿਬਗੰਜ

ਗੁਰੂ ਸਾਹਿਬ ਪੂਰਬ ਵੱਲ ਮਾਲਦਾ ਨੂੰ ਗਏ । ਉਤਰ ਵੱਲ ਗੰਗਾ ਨੂੰ ਪਾਰ ਕਰਕੇ ਜਿੱਥੇ ਗੰਗਾ ਦੱਖਣ ਵੱਲ ਮੋੜ ਲੈਂਦੀ ਹੈ ਅਤੇ ਮਹਾਨੰਦਾ ਨਦੀ ਉੱਤਰ ਵੱਲੋਂ ਆਉਂਦੀ ਹੋਈ ਗੰਗਾ ਵਿੱਚ ਮਿਲ ਜਾਂਦੀ ਹੈ ਤੇ ਇਸ ਦਾ ਨਵਾਂ ਨਾਮ ਕਾਲਿੰਦੀ ਹੈ । ਇਸ ਜਗ੍ਹਾ ਤੇ ਮਾਲਦਾ ਹੈ ਅਤੇ ਇਹ ਜਹਾਜ਼ਾਂ-ਕਿਸ਼ਤੀਆਂ ਦੇ ਰੁਕਣ ਦੀ ਜਾਣੀ ਪਛਾਣੀ ਘਾਟ ਹੈ। ਇਹ ਮਕਸੂਦਾਬਾਦ ਤੋਂ 13 ਕਿਲੋਮੀਟਰ ਦੂਰ ਹੈ। ਗੁਰੂ ਨਾਨਕ ਦੇਵ ਜੀ ਮਾਲਦਾ ਪਹੁੰਚ ਕੇ ਇਕ ਧਨੀ ਆਦਮੀ ਰਾਮ ਦੇਵ ਨੂੰ ਮਿਲੇ ਜੋ ਗੁਰੂ ਸਾਹਿਬ ਤੇ ਬੜਾ ਪ੍ਰਭਾਵਿਤ ਹੋਇਆ। ਇਥੇ ਗੁਰੂ ਜੀ ਇਕ ਬਾਗ ਵਿਚ ਰੁਕੇ ਜਿਥੇ ਸਥਾਨਕ ਬੰਗਾਲੀ ਰਾਜੇ ਨੇ ਗੁਰੂ ਜੀ ਦੀ ਬੜੀ ਆਉ-ਭਗਤ ਕੀਤੀ । ਕਈ ਮੁਸਲਿਮ ਸੰਤ ਗੁਰੂ ਜੀ ਨੂੰ ਮਿਲੇ ਅਤੇ ਉਨ੍ਹਾਂ ਨਾਲ ਵਿਚਾਰ-ਚਰਚਾ ਹੋਈ। ਰਾਜੇ ਨੇ ਸਾਰਾ ਬਾਗ ਗੁਰੂ ਸਾਹਿਬ ਦੇ ਨਾਮ ਕਰ ਦਿਤਾ ਜਿਸਦੀ ਦੇਖ-ਰੇਖ ਉਦਾਸੀ ਕਰਦੇ ਰਹੇ । ਇਹ ਥਾਂ ਹੁਣ ਗੁਰੂ ਕੇ ਬਾਗ ਦੇ ਨਾਮ ਨਾਲ ਜਾਣਿਆ ਜਾਂਦਾ ਹੈ ਅਤੇ ਇਸ ਨੂੰ ਸੰਗਤ ਦੇ ਰੂਪ ਵਿਚ ਬਦਲ ਦਿਤਾ ਗਿਆ ਹੈ ।ਇਸ ਦੀ ਦੇਖ ਭਾਲ ਸਥਾਨਕ ਲੋਕੀ ਵੀ ਕਰਦੇ ਰਹੇ । ਗੁਰੂ ਸਾਹਿਬ ਦੀ ਯਾਦ ਵਿਚ ਇਕ ਧਰਮਸਾਲਾ ਬਣਾਈ ਗਈ ਜਿਸ ਥਾਂ ਹੁਣ ਗੁਰੂ ਜੀ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਹੈ । ਮਿਉਂਸਪਲ ਕਮੇਟੀ ਦੇ ਦਸਤਾਵੇਜ਼ਾਂ ਵਿਚ ਇਹ ਇਕ ਸਿੱਖ ਧਰਮ ਦਾ ਪੂਜਾ-ਸਥਾਨ ਹੈ । ਟੈਕਸਾਂ ਵਾਲੀ ਦਸਤਾਵੇਜ਼ ਵੀ ਇਸ ਸਥਾਨ ਨੂੰ ਸਿੱਖ ਧਰਮ ਦੇ ਪੂਜਾ ਸਥਾਨ ਵਜੋ ਦਿਖਾਉਦਾ ਹੈ ਅਤੇ ਇਸ ਦੀ ਮਾਲਕ ਸਿੱਖ ਧਰਮ ਵੱਜੋਂ ਦਰਜ ਹੈ ।



ਗੁ: ਸੰਤ ਕੁਟੀਆ, ਮਾਲਦਾ ਮਕਸੂਦਾਬਾਦ (ਮੁਰਸ਼ਦਾਬਾਦ)

ਮਾਲਦਾ ਤੋਂ ਗੁਰੂ ਨਾਨਕ ਦੇਵ ਜੀ ਗੰਗਾ ਦੇ ਨਾਲ ਨਾਲ ਦੱਖਣ ਪੂਰਬ ਵੱਲ ਜਾਂਦੇ ਹੋਏ ਮਕਸੂਦਾਬਾਦ ਪਹੁੰਚੇ ਜੋ ਕਿ ਗੰਗਾ ਨਦੀ ਦੇ ਕਿਨਾਰੇ ਤੇ ਹੈ। ਨਲਹਟੀ ਸਟੇਸ਼ਨ ਤੋਂ ਅੱਧੇ ਮੀਲ ਦੀ ਦੂਰੀ ਤੇ ਹਾਵੜਾ-ਲਾਲਾ ਗੋਲਾ ਦੇ ਨਾਲ ਨਾਲ, ਇਕ ਗੁਰਦੁਆਰਾ ਸਾਹਿਬ ਹੈ। ਮਕਸੂਦਾਬਾਦ ਵਿਚ ਜੁਲਾਹਿਆਂ ਨੂੰ ਦਿਖਾਵੇ ਦੀ ਭਗਤੀ ਤੋਂ ਹਟਾ ਕੇ ਨਾਮ ਨਾਲ ਜੋੜਿਆ। ਲਾਲੂਮੱਲ ਸੈਨ ਵੱਲ ਇਟਾ ਦੀ ਇਕ ਧਰਮਸਾਲਾ ਬਣਾਈ ਗਈ। ਸਿੱਖ ਜੁਲਾਹੇ ਧਰਮਸਾਲ ਦੀ ਦੇਖ ਭਾਲ ਕਰਦੇ ਸਨ। ਹੁਣ ਉਸ ਥਾਂ ਉੱਤੇ ਗੁਰੂ ਸਾਹਿਬ ਨੂੰ ਸਮਰਪਿਤ ਉਦਾਸੀਆਂ ਅਧੀਨ ਗੁਰਦੁਆਰਾ ਸਾਹਿਬ ਹੈ। ਮਕਸੂਦਾਬਾਦ ਤੋਂ ਉਹ ਸਨੌਰ ਪਿੰਡ ਤੋਂ ਢਾਕਾ ਪਹੁੰਚਣ ਤੋਂ ਪਹਿਲਾ ਬੰਗਲਾਦੇਸ਼ ਵੱਲ ਚਲ ਪਏ।

## ਕਲਕੱਤਾ



ਗੁਰਦੁਆਰਾ ਬੜੀ ਸਿਖ ਸੰਗਤ, ਕਲਕੱਤਾ

ਬੰਗਲਾਦੇਸ਼ ਤੋਂ ਗੁਰੂ ਨਾਨਕ ਦੇਵ ਜੀ ਪੂਰਬ ਏਸ਼ੀਆ ਤੋਂ ਪਰਤ ਕੇ ਦੁਬਾਰਾ ਪੱਛਮ ਬੰਗਾਲ ਵਿਚ ਪਹੁੰਚੇ। ਗੁਰਦੁਆਰਾ ਬੜੀ ਸਿੱਖ ਸੰਗਤ, ਕਲਕੱਤਾ ਗੁਰੂ ਨਾਨਕ ਦੇਵ ਜੀ ਦੇ ਏਥੇ ਠਹਿਰਣ ਦੀ ਤੇ ਗੁਰੂ ਤੇਗ ਬਹਾਦਰ ਜੀ ਦੀ ਯਾਤਰਾ ਦੀ ਯਾਦ ਕਰਵਾਉਂਦਾ ਹੈ।

ਢਾਕਾ ਤੋਂ ਵਾਪਸੀ ਵੇਲੇ ਗੁਰੂ ਸਾਹਿਬ 2 ਜਨਵਰੀ 1508 ਨੂੰ ਗੰਗਾ ਘਾਟ ਪਹੁੰਚੇ। ਇਥੇ ਇਕ ਵੀਰਾਨ ਮੰਦਿਰ ਸੀ ਜਿਥੇ ਗੁਰੂ ਨਾਨਕ ਦੇਵ ਆਏ। ਉਨ੍ਹਾਂ ਦੀ ਫੇਰੀ ਵੇਲੇ ਇਹ ਸਾਰਾ ਇਲਾਕਾ ਮਹਾਂਮਾਰੀ ਤੋ ਪ੍ਰਭਾਵਿਤ ਸੀ ਅਤੇ ਲੋਕ ਦੁਖੀ ਤੇ ਡਰੇ ਹੋਏ ਸਨ। ਸੁਖਪਾਲ ਰਾਜਾ ਭਦਰ ਸਿੰਘ ਦਾ ਦਿਵਾਨ ਸੀ ਉਹ ਗੁਰੂ ਸਾਹਿਬ ਕੋਲ ਰਾਜੇ ਦੇ ਕਹਿਣ ਤੇ ਗਿਆ, ਜੋ ਬਿਮਾਰ ਸੀ। ਗੁਰੂ ਸਾਹਿਬ ਨੇ ਬਾਣੀ ਦਾ ਉਚਾਰਣ ਕੀਤਾ ਤੇ ਸ਼ਬਦਾਂ ਨੂੰ ਚੇਤੇ ਰੱਖਣ ਲਈ ਕਿਹਾ ਤੇ ਵਾਹਿਗੁਰੂ ਨਾਲ ਸਦਾ ਜੁੜੇ ਰਹਿਣ ਦੀ ਤਾਕੀਦ ਵੀ ਕੀਤੀ। ਰਾਜਾ ਰੋਜ਼ਬਾਣੀ ਦਾ ਉਚਾਰਣ ਕਰਦਾ ਰਿਹਾ, ਨਾਮ ਜਪਦਾ ਰਿਹਾ, ਉਸ ਵਿਚ ਆਪਣੇ ਆਪ ਵਿੱਚ ਤੇ ਪ੍ਰਮਾਤਮਾ ਵਿਚ ਵਿੱਚ ਵਿਸ਼ਵਾਸ਼ ਵਧਦਾ ਗਿਆ ਅਤੇ ਉਹ ਜਲਦੀ ਹੀ ਠੀਕ ਹੋ ਗਿਆ। ਬਾਕੀ ਸਾਰੇ ਵੀ ਗੁਰੂ ਸਾਹਿਬ ਦਾ ਦੁਖ ਨਿਵਾਰਨ ਸ਼ਬਦ ਸੁਣਦੇ, ਨਾਮ ਜਪਦੇ ਰਹੇ ਤੇ ਠੀਕ ਹੁੰਦੇ ਗਏ। ਗੁਰੂ ਨਾਨਕ ਦੇਵ ਜੀ ਨੇ ਸ਼ਾਤੀ, ਭਾਈਚਾਰੇ ਅਤੇ ਇਨਸਾਨੀਅਤ ਦਾ ਸੰਦੇਸ਼ ਦਿਤਾ ਅਤੇ ਉਸ ਪਵਿਤਰ ਸਥਾਨ ਤੇ ਸੰਗਤ ਸਥਾਪਿਤ ਕੀਤੀ। ਬਾਅਦ ਵਿਚ ਰਾਜੇ ਦੇ ਪੋਤਰਾ ਗੁਰੂ ਤੇਗ ਬਹਾਦਰ ਸਾਹਿਬ ਨੂੰ ਇਸ ਸਥਾਨ ਤੇ ਲਿਆਇਆ ਅਤੇ ਪੂਰਨ ਸ਼ਰਧਾ ਨਾਲ ਦੇਖ ਭਾਲ ਕੀਤੀ।ਹੁਣ ਇਹ ਸਥਾਨ ਬੜੀ ਸੰਗਤ ਦੇ ਨਾਮ ਨਾਲ ਜਾਣਿਆ ਜਾਦਾ ਹੈ।

## ਚੰਦਰਕੋਨਾ

ਕਲਕੱਤਾ ਤੋ ਪੁਰੀ ਜਾਣ ਵੇਲੇ ਗੁਰੂ ਸਾਹਿਬ ਚੰਦਰਕੋਨਾ ਰੁਕੇ। ਸਥਾਨਕ ਯਕੀਨ ਅਨੁਸਾਰ ਉਸ ਸਮੇਂ ਚੰਦਰ ਕੇਤੂਰਾਏ ਉਥੋਂ ਦਾ ਰਾਜਾ ਸੀ ਜਿਸ ਦੀ ਕੋਈ ਵੀ ਸੰਤਾਨ ਨਹੀਂ ਸੀ। ਗੁਰੂ ਜੀ ਦੇ ਅਸ਼ੀਰਵਾਦ ਨਾਲ ਉਸ ਨੂੰ ਇਕ ਬੱਚੇ ਦੀ ਪ੍ਰਾਪਤੀ ਹੋਈ। ਕਿਹਾ ਜਾਦਾ ਹੈ ਕਿ ਇਥੇ ਗੁਰੂ ਸਾਹਿਬ ਨੇ ਇਕ ਮੰਜੀ ਦੀ ਸਥਾਪਨਾ ਕੀਤੀ ਅਤੇ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋ ਇਥੇ ਨਾਨਕਸ਼ਾਹੀ ਸੰਗਤ ਸੀ ਜੋ ਹੁਣ ਗੁਰਦੁਆਰਾ ਨਾਨਕਸਰ ਟਾਊਨ ਦੇ ਨਾਮ ਤੇ ਮਸ਼ਹੂਰ ਹੈ ਅਤੇ ਰਾਜ ਦੇ ਵੱਖ ਵੱਖ ਹਿਸਿਆਂ ਤੋਂ



ਗੁਰਦੁਆਰਾ ਗੁਰੂ ਨਾਨਕ, ਚੰਦਰਕੋਨਾ ਤੇ ਗੁਰੂ ਨਾਨਕ ਜੀ ਦਾ ਲਾਇਆ ਰੁੱਖ

ਸਿੱਖ ਸੰਗਤ ਇਥੇ ਦਰਸ਼ਨਾਂ ਲਈ ਆਉਂਦੀ ਹੈ। ਗੁਰਦਵਾਰਾ ਪਿੰਡ ਰਾਮਗੜ੍ਹ ਵਿੱਚ ਹੈ। ਚੰਦਰਕੋਨਾ ਘਟਾਲ ਅਤੇ ਗੜ੍ਹਬੇਟਾ ਵਿੱਚਕਾਰ ਹੈ ਜੋ ਰਿਆਸਤੀ ਸ਼ਾਹਰਾਹ 4 ਨਾਲ ਜੁੜੇ ਹੋਏ ਹਨ ਅਤੇ ਇਹੋ ਸ਼ਾਹਰਾਹ ਅੱਗੇ ਨੇਸ਼ਨਲ ਹਾਈਵੇ 6 (ਕਲਕਤਾ-ਬੰਬਈ) ਨਾਲ ਮੇਚੋਗਰਾਮ ਜੁੜਦੇ ਹਨ। ਰੇਲਵੇ ਸ਼ਟੇਸ਼ਨ ਚੰਦਰਕੋਨਾ ਰੋਡ ਲਗਦਾ ਹੈ। ਗੁਰੂ ਕੀ ਸੰਗਤ ਇਥੇ ਲਗਾਤਾਰ ਧਾਰਮਿਕ ਪ੍ਰੋਗਰਾਮ ਕਰਦੀ ਰਹਿੰਦੀ ਹੈ, ਦੀਵਾਨ ਸਜਦੇ ਰਹਿੰਦੇ ਹਨ ਅਤੇ 24 ਘੰਟੇ ਲੰਗਰ ਚਲਦਾ ਰਹਿੰਦਾ ਹੈ। ਕਲਕੱਤਾ ਤੋ ਗੁਰੂ ਨਾਨਕ ਦੇਵ ਜੀ ਪੱਛਮੀ ਬੰਗਾਲ ਵਲੇ ਚਲੇ ਗਏ।

ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ: 'ਕਲਕੱਤੇ ਤੋਂ ਅੱਗੇ ਗੁਰੂ ਜੀ ਨੇ ਹੁਗਲੀ ਅਤੇ ਬਰਦਵਾਨ ਵਲ ਚਾਲੇ ਪਾਏ। ਅਲਵਰੀ ਨਦੀ ਪਾਰ ਕਰਕੇ ਉਹ ਬਾਲੇਸ਼ਵਰ ਪਹੁੰਚੇ ਅਤੇ ਇਕ ਪ੍ਰਮਾਤਮਾਂ ਦੀ ਭਗਤੀ ਕਰਨ, ਸੱਚ ਦਾ ਰਸਤਾ ਅਪਣਾਉਣ, ਵਾਧੂ ਧਾਰਮਿਕ ਰਹੁ-ਰੀਤੀਆਂ ਅਤੇ ਦਿਖਾਵੇ ਦੀ ਭਗਤੀ ਤਿਆਗਣ ਦਾ ਸੰਦੇਸ਼ ਦਿਤਾ। ਮੋਰ ਹੁੰਜਾਂ ਘਾਟੀ ਵਿੱਚ ਉਨ੍ਹਾਂ ਨੇ ਸੰਤਾਂ-ਸਾਧੂਆਂ ਨਾਲ ਵਿਚਾਰ ਵਟਾਦਰਾ ਕੀਤਾ ਅਤੇ ਲਕਸ਼ਰ ਨਦੀ ਪਾਰ ਕਰਕੇ ਮੇਦਨੀਪੁਰ ਪਹੁੰਚੇ ਜਿਥੇ ਗੁਰੂ ਸਾਹਿਬ ਦੀ ਯਾਦ ਵਿਖੇ ਇਕ ਧਾਰਮਿਕ ਸਥਾਨ ਹੈ। ਡਾ. ਕੋਹਲੀ ਲਿਖਦੇ ਹਨ ਕਿ ਗੁਰੂ ਸਾਹਿਬ ਨੇ ਹੁਗਲੀ, 24 ਪਰਗਣਾ, ਬਰਦਵਾਨ ਅਤੇ ਮੇਦਨੀਪੁਰ ਜ਼ਿਲਿਆਂ ਵਿੱਚ ਦਮ-ਦਮ, ਬਰਸਰ, ਹਾਵੜਾ, ਸੀਰਮਪੁਰ, ਚੰਦਰਕੋਨਾ ਤੇ ਚੰਦਰ ਨੰਗਰ ਦੀ ਯਾਤਰਾ ਕੀਤੀ।

## ਬੰਗਾਲ

ਜਦ ਗੁਰੂ ਨਾਨਕ ਦੇਵ ਜੀ ਬੰਗਾਲ ਫੇਰੀ ਵਿਚ ਗਏ ਤਾਂ ਇਸ ਦਾ ਬਟਵਾਰਾ ਨਹੀ ਹੋਇਆ ਸੀ ਸਾਰਾ ਬੰਗਾਲ ਤੇ ਬੰਗਲਾ ਦੇਸ਼ ਇਕ ਸੀ।1494 ਤੋਂ ਏਥੇ ਹੁਸੈਨ ਸ਼ਾਹੀ ਰਾਜ ਸੀ।ਅਲਾਦਿਨ ਹੁਸੇਨ ਸਾਹ (1493-1519), ਮੱਕਾ ਦੇ ਸ਼ਰੀਫ ਦਾ ਬੇਟਾ ਸੀ ਜੋ ਬੰਗਾਲ ਦਾ ਸੁਲਤਾਨ ਬਣਿਆ। ਉਸ ਵੇਲੇ ਤਕ ਕਲਕਤਾ ਅਤੇ ਢਾਕਾ ਹੋਂਦ ਵਿਚ ਨਹੀ ਸਨ ਆਏ। ਗੁਰੂ ਨਾਨਕ ਦੇਵ ਜੀ ਭਾਗਲ ਪੁਰ ਕਸਬੇ ਤੇ ਬੰਗਾਲ ਪਹੁੰਚੇ ਤੇ ਗੰਗਾ ਨਦੀ ਦੇ ਨਾਲ ਨਾਲ ਸਾਹਿਬ ਗੰਜ, ਪਾਕੁਰ, ਰਾਜਮਹਿਲ ਅਤੇ ਮਾਲਦਾ ਗਏ। ਮਾਲਦਾ ਉਹ ਰਾਮ ਬਾਬੂ ਦੇ ਬਾਗ ਵਿਚ ਠਹਿਰੇ ਜੋ ਹੁਣ ਗੁਰੂ ਕਾ


ਬਾਗ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਉਸ ਤੋ ਅੱਗੇ ਉਨ੍ਹਾਂ ਨੇ ਕੰਤਨਗਰ, ਲਛਮੀਪੁਰ, ਮੁਰਸ਼ਿਦਾਬਾਦ (ਮਕਸੂਦਾਬਾਦ), ਨਾਲਹੱਟੀ ਅਤੇ ਕ੍ਰਿਸ਼ਨਾ ਨਗਰ (ਨਾਦੀਆ) ਦੀ ਯਾਤਰਾ ਕੀਤੀ। ਕ੍ਰਿਸ਼ਨਾਨਗਰ ਤੋ ਉਹ ਪੂਰਬ ਬੰਗਾਲ (ਹੁਣ ਬੰਗਲਾਦੇਸ) ਪਹੁੰਚੇ ਅਤੇ ਸ਼ਹਿਜ਼ਾਦਪੁਰ, ਸ਼ਿਰਾਜ ਗੰਜ, ਕਾਸ ਗੰਜ ਅਤੇ ਨਵਦੀਪ ਤੋਂ ਹੁੰਦੇ ਹੋਏ ਫਰੀਦਪੁਰ ਤੋ ਲੰਘੇ ਜਿਥੇ ਉਹ ਚੈਤਨਿਆ ਨੂੰ ਮਿਲੇ। ਉਥੇ ਉਹ ਸਿਧ ਸੰਤ ਰਾਮ ਦਾਸ ਕੋਲ ਵੀ ਗਏ। ਅੱਗੇ ਉਹ ਮਾਣਕ ਗੰਜ ਅਤੇ ਦੇਵੀਪੁਰ ਵੀ ਗਏ ਅਤੇ 6 ਮਘਰ ਸਮਵਤ 1564 (1507 ਈਸਵੀ) ਨੂੰਢਾਕਾ (ਬੰਗਾਲ) ਪਹੁੰਚੇ। ਢਾਕਾ ਤੋ ਪਿੱਛੋਂ ਉਹ ਮੈਮਨਸਿੰਗ ਹੁੰਦੇ ਹੋਏ ਕਾਮਰੂਪ ਤੇ ਅਸਾਮ ਗਏ ਜਿਥੋਂ ਫਿਰ ਬੰਗਲਾਦੇਸ਼ ਵਾਪਿਸ ਆਕੇ ਸਿਲਹਟ ਹੁੰਦੇ ਹੋਏ ਮਨੀਪੁਰ ਤਰੀਪੁਰਾ ਰਾਹੀਂ ਚਿਟਾਗਾਉਂ ਤੇ ਪੂਰਬ ਏਸ਼ੀਆ ਗਏ। ਪੂਰਬ ਏਸ਼ੀਆ ਤੋਂ ਉਹ ਫਿਰ ਚਿਟਾਗਾਉਂ ਪਰਤੇ ਤੇ ਚਾਂਦਪੁਰ ਅਤੇ ਕੇਸਬਪੁਰ -ਰਤਨਾਖੱਲੀ ਤੋ ਹੁੰਦੇ ਹੋਏ ਪੱਛਮ ਬੰਗਾਲ ਵੱਲ ਵਧ ਗਏ।ਕਿਸ਼ਤੀ ਰਾਹੀਂ ਉਨ੍ਹਾਂ ਨੇ ਪਦਮਾ ਨਦੀ ਪਾਰ ਕੀਤੀ ਅਤੇ ਫਰੀਦਪੁਰ ਪਹੰਚੇ ਅਤੇ ਉਸ ਤੋ ਬਾਅਦ ਕੇਸਾਬਪੁਰ, 24 ਪਰਗਨਾ ਅਤੇ ਕ੍ਰਿਸ਼ਨ ਨਗਰ ਗਏ ਜੋ ਉਸ ਸਮੇਂ ਬੰਗਾਲ ਦੀ ਰਾਜਧਾਨੀ ਬਣ ਗਈ ਸੀ।ਦਿਨਸਰਾ ਅਤੇ ਚੰਦਰ ਨਗਰ ਦੀ ਯਾਤਰਾ ਤੋਂ ਪਿੱਛੋਂ ਉਹ ਕੋਲਕਤਾ (ਕਲੱਕਤਾ) ਪਹੁੰਚੇ ਜੋ ਉਦੋਂ ਇਕ ਛੋਟਾ ਜਿਹਾ ਪਿੰਡ ਸੀ। ਗੁਰੂ ਨਾਨਕ ਦੇਵ ਜੀ ਗੰਗਾ ਘਾਟ ਪਹੁੰਚੇ।

## ਗੁਰੂ ਨਾਨਕ ਦੇਵ ਜੀ ਦੀ ਬੰਗਲਾਦੇਸ਼ ਯਾਤਰਾ

ਮਕਸੂਦਾਬਾਦ ਤੋ ਬੰਗਲਾਦੇਸ਼ ਆਉਣ ਤੋਂ ਪਿਛੋਂ ਗੁਰੂ ਨਾਨਕ ਦੇਵ ਜੀ ਨੇ ਪੂਰਬ ਵੱਲ ਰੁਖ ਕੀਤਾ ਅਤੇ ਢਾਕਾ ਦੇ ਉਤਰ ਵੱਲ 21 ਕਿਲੋਮੀਟਰ ਦੀ ਦੂਰੀ ਉਤੇ ਸੋਨਲ ਪਿੰਡ ਹੁੰਦੇ ਹੋਏ ਢਾਕਾ ਪਹੁੰਚਣ ਲਈ ਦੱਖਣ ਵੱਲ ਮੁੜ ਗਏ।

### ਢਾਕਾ

ਢਾਕਾ ਹੁਣ ਬੰਗਲਾਦੇਸ਼ ਦੀ ਰਾਜਧਾਨੀ ਹੈ ਪਰ ਉਦੋਂ ਇਹ ਇੱਕ ਉੱਭਰ ਰਿਹਾ ਕਸਬਾ ਸੀ।ਢਾਕੇ ਦਾ ਨਾਮ ਪ੍ਰਸਿੱਧ ਢਾਕੇਸ਼ਵਰੀ ਮੰਦਿਰ ਤੋਂ ਪਿਆ।ਇਸ ਇਲਾਕੇ ਵਿਚ ਢਾਕ ਦੇ ਰੁੱਖ ਬਹੁ-ਗਿਣਤੀ ਵਿਚ ਹੋਣ ਕਰਕੇ ਵੀ ਢਾਕੇਸ਼ਵਰੀ ਮੰਦਿਰ ਅਤੇ ਢਾਕੇ ਦਾ ਨਾਮ ਪਿਆ ਵੀ ਦਸਦੇ ਹਨ। ਜਨਮਸਾਖੀ ਭਾਈ ਬਾਲਾ ਵਿਚ ਗੁਰੂ ਜੀ ਦੀ ਢਾਕਾ-ਬੰਗਲਾ ਦੀ ਯਾਤਰਾ ਦਾ ਬਿਆਨ




ਨਕਸ਼ਾ: ਗੁਰੂ ਨਾਨਕ ਦੇਵ ਜੀ ਬੰਗਲਾ ਦੇਸ਼ ਵਿਚ

ਦਰਜ ਹੈ।ਢਾਕਾ ਜਾਣ ਲਈ ਗੁਰੂ ਜੀ ਕਿਸ਼ਤੀ ਰਾਹੀਂ ਸਫਰ ਕਰਦੇ ਰੇਅਰ ਬਜ਼ਾਰ ਦੇ ਉੱਤਰ ਵਿਚ ਸ਼ਿਬਪੁਰ ਘਾਟ ਤੇ ਜਾ ਉਤਰੇ। ਰੇਅਰ ਬਜ਼ਾਰ ਉਸ ਸਮੇ ਸ਼ਿਬਪੁਰ ਪਿੰਡ ਦੇ ਨਾਮ ਨਾਲ ਜਾਣਿਆ ਜਾਂਦਾ ਸੀ ਜਿਥੇ ਘੁਮਾਰ ਕਿੱਤੇ ਦੇ ਲੋਕ ਵਸਦੇ ਸਨ।

ਢਾਕਾ ਪਹੁੰਚ ਕੇ ਗੁਰੂ ਨਾਨਕ ਜੀ ਨੇ ਮਰਦਾਨੇ ਨੂੰ ਰਬਾਬ ਦੀਆਂ ਸੁਰਾਂ ਛੇੜਣ ਲਈ ਕਿਹਾ ਤੇ ਸ਼ਬਦ ਉਚਾਰਿਆ: **"ਮਨੁ ਕੁੰਚਰੁ ਕਾਇਆ ਉਦਿਆਨੈ ॥ ਗੁਰੁ ਅੰਕਸੁ ਸਚੁ ਸਬਦੁ ਨੀਸਾਨੈ"॥** (ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ 221)। ਲੋਕ ਸ਼ਬਦ ਅਤੇ ਸੰਗੀਤ ਦੋਨਾਂ ਤੋਂ ਬਹੁਤ ਪ੍ਰਭਾਵਿਤ ਹੋਏ ਤੇ ਵੱਡੀ ਗਿਣਤੀ ਵਿਚ ਇਕੱਠੇ ਹੋਣ ਲੱਗੇ। ਸ਼ਬਦਾਂ ਦੀ ਸਾਰਥਿਕਤਾ ਸਮਝ ਕੇ

ਕਈ ਗੁਰੂ ਜੀ ਦੇ ਉਪਾਸ਼ਕ ਬਣ ਗਏ । ਇਸ ਤਰ੍ਹਾਂ ਕੁਝ ਦਿਨਾਂ ਵਿਚ ਹੀ ਢਾਕਾ ਵਿਚ ਇਕ ਸੰਗਤ ਕਾਇਮ ਹੋ ਗਈ । ਗੁਰੂ ਜੀ ਦੀ ਮਹਾਨਤਾ ਇਲਾਕੇ ਵਿਚ ਫੈਲਣ ਲੱਗ ਪਈ ।ਇਲਾਕੇ ਦੇ ਪ੍ਰਸਿਧ ਸੰਤ ਸਮਾਲ ਨਾਥ, ਰੇਵਾ ਦਾਸ, ਚੰਦਰ ਨਾਥ, ਸ਼ੇਖ ਅਹਿਮਦ, ਨਥੇ ਸ਼ਾਹ, ਲੂਣੀਆ ਸਿੱਧ ਆਦਿ ਨੇ ਅਪਣੇ ਸ਼ਰਧਾ ਦੇ ਫੁੱਲ ਗੁਰੂ ਜੀ ਨੂੰ ਭੇਟ ਕੀਤੇ ਅਤੇ ਗੁਰੂ ਜੀ ਨਾਲ ਖੁਲ੍ਹ ਕੇ ਵਿਚਾਰ ਵਟਾਂਦਰਾ ਕੀਤਾ । ਕਈਆਂ ਨੇ ਅਪਣਾ ਗਿਆਨ ਤੇ ਤਲਿਸਮੀ ਤਾਕਤ ਵੀ ਵਿਖਾਉਣ ਦੀ ਕੋਸ਼ਿਸ਼ ਕੀਤੀ ਪਰ ਗੁਰੂ ਸਾਹਿਬ ਦੀ ਰੂਹਾਨੀ ਸ਼ਕਤੀ, ਸੂਝ-ਬੂਝ, ਗਹਿਰਾਈ ਨਾਲ ਕੀਤੀ ਸਮੀਖਿਆ, ਡੂੰਘੇ ਅਧਿਅਨ ਅਤੇ ਸੁਲਝੇ ਅਧਿਆਤਮਕ ਗਿਆਨ ਅੱਗੇ ਉਨ੍ਹਾਂ ਨੂੰ ਨਤਮਸਤਕ ਹੋਣਾ ਪਿਆ । ਹਿੰਦੂ, ਮੁਸਲਮਾਨ ਸਭ ਗੁਰੂ ਜੀ ਦੇ ਉਪਾਸ਼ਕ ਹੋਏ ਤੇ ਸੰਗਤ ਬਣਕੇ ਨਾਮ ਧਿਆਨ ਵਿਚ ਜੁੜ ਗਏ ।

ਗੁਰੂ ਜੀ ਰੋਜ਼ ਹੀ ਸੰਗਤਾਂ ਨੂੰ ਉਪਦੇਸ਼ ਦਿੰਦੇ ਸਨ ਤੇ ਮਜ਼ਾਰਾਂ, ਮਕਬਰਿਆਂ ਤੇ ਪੱਥਰ ਪੂਜਾ ਤੋਂ ਮੋੜਦੇ ਕਹਿੰਦੇ ਸਨ ਕਿ ਜਿਨ੍ਹਾਂ ਵਿਚ ਖੁਦ ਆਪਾ ਸੰਵਾਰਨ ਜੋਗੀ ਹਿੰਮਤ ਨਹੀਂ ਉਹ ਦੂਜਿਆਂ ਦਾ ਕੀ ਸੰਵਾਰਨਗੇ।ਹਰ ਇਨਸਾਨ ਅਪਣੇ ਭਾਗ ਖੁਦ ਚੰਗੇ ਕਰਮਾਂ ਨਾਲ ਤੇ ਪ੍ਰਮਾਤਮਾਂ ਪ੍ਰਤੀ ਪਿਆਰ ਨਾਲ ਲਿਖਦਾ ਹੈ ਤੇ ਇਸ ਲਈ ਸੁਕ੍ਰਿਤ ਤੇ ਇੱਕੋ ਇੱਕ ਈਸ਼ਵਰ ਦੇ ਨਾਮ ਜਪਣ, ਸਿਮਰਨ ਤੇ ਧਿਆਨ ਲਾਉਣ ਲਈ ਪ੍ਰੇਰਦੇ ਸਨ।

ਇਲਾਕੇ ਦਾ ਪਾਣੀ ਪੀਣ ਲਈ ਖਾਰਾ ਹੋਣ ਕਰਕੇ ਉਥੋਂ ਦੇ ਲੋਕਾਂ ਦੀ ਬਿਨਤੀ ਮੰਨ ਕੇ ਗੁਰੂ ਜੀ ਨੇ ਬਰਛਾ ਮਾਰ ਕੇ ਇਕ ਮਿਠੇ ਪਾਣੀ ਦਾ ਸੋਮਾ ਧਰਤੀ ਵਿਚੋਂ ਪੈਦਾ ਕਰ ਦਿਤਾ ।ਇਸ ਸਥਾਨ ਦਾ ਨਾਮ ਬਰਛਾ ਸਾਹਿਬ ਵੀ ਪਿਆ ਕਿਉਂਕਿ ਗੁਰੂ ਸਾਹਿਬ ਨੇ ਬਰਛਾ ਮਾਰ ਕੇ ਇਥੇ ਬਉਲੀ ਪੁੱਟੀ ਜੋ ਪਿਛੋਂ ਖੂਹ ਬਣਾਇਆ ਗਿਆ ਉਹ ਖੂਹ ਗੁਰੂ ਸਾਹਿਬ ਦੀ ਯਾਤਰਾ ਦੀ ਯਾਦ ਕਰਵਾਉਦਾ ਸੀ ਜੋ ਸੰਗਤਾਂ ਦੀ ਸ਼ਰਧਾ ਦਾ ਕੇਂਦਰ ਬਣਿਆ ਰਿਹਾ।ਉਥੋਂ ਦੀ ਪੁਰਾਤਨ ਲੋਕ ਗਾਥਾ ਅਨੁਸਾਰ ਗੁਰੂ ਜੀ ਆਮ ਲੋਕਾਂ ਨੂੰ ਇਸ ਬਉਲੀ ਤੋ ਪਾਣੀ ਆਪ ਪਿਲਾਉਂਦੇ ਸਨ ।ਸਮੇਂ ਨਾਲ ਇਸ ਖੂਹ ਦੀ ਸੰਭਾਲ ਨਾ ਹੋਣ ਕਰਕੇ ਇਹ ਅਤੀਤ ਵਿਚ ਚਲਾ ਗਿਆ। ਸੰਨ 1880 ਦੇ ਨੇੜੇ ਤੇੜੇ ਗਿਆਨੀ ਗਿਆਨ ਸਿੰਘ ਦੀ ਫੇਰੀ ਵੇਲੇ ਬਾਉਲੀ ਦਾ ਪਾਣੀ ਸਥਾਨਕ ਲੋਕ ਵਰਤਦੇ ਸਨ ਤੇ ਇਸ ਜਗ੍ਹਾ ਦਾ ਨਾਮ ਧਾਨਪੁਰ ਮਸ਼ਹੂਰ ਸੀ । ਗੁਰੂ ਜੀ ਰਾਹੀਂ ਨੂਰ ਸ਼ਾਹ ਜਾਦੂ ਗਰਨੀ ਦਾ ਉਧਾਰ ਵੀ ਇਸੇ ਸਥਾਨ ਨਾਲ ਜੋੜਿਆ ਹੋਇਆ ਸੀ।

ਉਹ ਪਵਿਤਰ ਸਥਾਨ ਜਿਥੇ ਗੁਰੂ ਨਾਨਕ ਦੇਵ ਜੀ ਨੇ ਬਉਲੀ ਅਤੇ ਇਕ ਧਰਮਸਾਲਾ ਬਣਵਾਈ ਸੀ ਉਸ ਥਾਂ ਰੇਅਰ ਬਜ਼ਾਰ ਗੁਰਦੁਆਰਾ ਸਾਹਿਬ ਬਣਿਆ ਜਿਸ ਨੂੰ ਏਥੋਂ ਦੇ ਲੋਕ 'ਸ਼ਿਖਰ ਮੰਦਿਰ' ਦੇ ਨਾਮ ਨਾਲ ਵੀ ਯਾਦ ਕਰਦੇ ਹਨ ।ਨਥੇ ਸਾਹ ਉਦਾਸੀ ਨੇ ਇਸ ਇਲਾਕੇ ਵਿਚ ਸਿੱਖੀ ਦਾ ਪ੍ਰਚਾਰ ਕੀਤਾ । 1960 ਵਿਚ ਪਾਕਿਸਤਾਨ ਦੀ ਸਰਕਾਰ ਵੇਲੇ ਗੁਰਦੁਆਰਾ ਸਾਹਿਬ ਦੀ ਇਮਾਰਤ ਨੂੰ ਢਾ ਢੇਰੀ ਕਰ ਦਿਤਾ ਗਿਆ ਸੀ । ਇਸ ਗੁਰਦੁਆਰੇ ਨਾਲ ਚੋਖੀ ਜ਼ਮੀਨ ਵੀ ਸੀ ਜਿਸ ਨੂੰ ਪਲਾਟ ਬਣਾ ਕੇ ਨਿਲਾਮ ਕਰ ਦਿਤਾ ਗਿਆ ਜਿਸ ਉਤੇ ਮਸ਼ਹੂਰ ਰਿਹਾਇਸ਼ੀ ਕਾਲੋਨੀ ਧਾਨ ਮੰਡੀ ਉਸਾਰੀ ਗਈ ।

ਅੰਗਰੇਜ਼ੀ ਰਾਜ ਸਮੇਂ ਬੰਗਾਲ ਵਿਚ ਸਿੱਖਾਂ ਨਾਲ ਸਬੰਧਤ 52 ਅਖਾੜੇ ਅਤੇ 12 ਸੰਗਤਾਂ ਸਨ ਜਿਨ੍ਹਾਂ ਵਿਚੋਂ ਕੇਵਲ ਇਕ ਸਿਖ ਸੰਗਤ ਸਲਾਮਤ ਹੈ ਜੋ ਢਾਕਾ ਦੀ ਯੂਨੀਵਰਸਿਟੀ ਦੇ ਕੈਂਪਸ ਵਿਚ ਸਥਾਪਤ ਗੁਰਦੁਆਰਾ ਨਾਨਕ ਸ਼ਾਹੀ ਵਿਚ ਹੈ ਜੋ ਰਮਣਾ ਰੇਸ ਕੋਰਸ ਤੇ ਨੀਲਖੇਤ ਵੱਲ ਜਾਣ ਵਾਲੀ ਸੜਕ ਦੇ ਸੱਜੇ ਪਾਸੇ ਆਰਟਸ ਫੈਕਲਟੀ ਬਿਲਡਿੰਗ ਕੋਲ ਸਥਿਤ ਹੈ । ਇਸ ਸੰਗਤ ਦਾ ਨਾਮ ਗੁਰਦੁਆਰਾ ਨਾਨਕ ਸ਼ਾਹੀ ਹੈ ਜੋ ਗੁਰੂ ਸਾਹਿਬ ਦੀ 1507 ਦੇ ਢਾਕਾ ਦੀ ਫੇਰੀ ਦੀ ਯਾਦ ਦਿਵਾਉਦਾ ਹੈ ।

ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ 1830 ਵਿਚ ਬਣੀ ਸੀ। ਗੁਰਦੁਆਰਾ ਨਾਨਕ ਸ਼ਾਹੀ ਦਾ ਪ੍ਰਬੰਧ ਸਥਾਨਕ ਮੈਨੇਜਮੈਂਟ ਕਮੇਟੀ ਕੋਲ ਹੈ ਜਿਸ ਦੇ ਪ੍ਰਧਾਨ ਢਾਕੇ ਯੂਨੀਵਰਸਿਟੀ ਦੇ ਇਕ ਪ੍ਰਫੈਸਰ ਸਾਹਿਬ ਹਨ ।ਸਿੱਖਾਂ ਦੀ ਇਸ ਦੇਸ਼ ਵਿਚ ਕੋਈ ਪੱਕੀ ਵਸੋਂ ਨਾ ਹੋਣ ਕਾਰਨ ਇਥੇ ਕੋਈ ਪੱਕਾ ਪ੍ਰਬੰਧ ਨਹੀਂ। ਤਖਤ ਪਟਨਾ ਸਾਹਿਬ ਵੱਲੋ ਨਿਯੁਕਤ ਇਕ ਗ੍ਰੰਥੀ ਢਾਕੇ ਦੇ ਦੋਨਾਂ ਗੁਰਦੁਆਰਾ ਸਾਹਿਬ ਦੀ ਦੇਖਭਾਲ ਕਰਦੇ ਹਨ । ਕੀਰਤਨ ਹਰ ਸ਼ੁਕਰਵਾਰ 11 ਵਜੇ ਤੋ 1 ਵਜੇ ਤਕ ਹੁੰਦਾ ਹੈ ਜਿਥੇ ਵੱਖ ਵੱਖ ਧਰਮਾਂ ਦੇ ਲੋਕ ਗੁਰਬਾਣੀ ਗਾਇਨ ਕਰਦੇ ਹਨ ਜਿਸ ਪਿਛੋਂ ਹਫਤਾਵਾਰੀ ਲੰਗਰ ਬਿਨਾਂ ਕਿਸੇ ਭੇਦ ਭਾਵ ਦੇ ਇਕ ਪੰਗਤ ਵਿਚ ਵਰਤਾਇਆ ਜਾਂਦਾ ਹੈ ਹਰ ਸ਼ੁਕਰਵਾਰ ਅਤੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਵੈਸਾਖੀ ਵਾਲੇ ਦਿਨ ਭਾਰੀ ਇਕੱਠ ਹੁੰਦੇ ਹਨ ।




ਗੁਰਦੁਆਰਾ ਨਾਨਕ ਸ਼ਾਹੀ, ਢਾਕਾ

ਸਰਦਾਰ ਜੀ.ਬੀ. ਸਿੰਘ ਨੇ 1945 ਵਿਚ ਏਥੇ ਪੰਜ ਹੱਥਲਿਖਤੀ ਸਰੂਪ ਹੋਣ ਦਾ ਜ਼ਿਕਰ ਕੀਤਾ ਸੀ ਜੋ ਕੈਪਟਨ ਭਾਗ ਸਿੰਘ ਨੇ ਵੀ 1972 ਕੀਤਾ ਹੈ।ਹੁਣ ਗੁਰਦੁਆਰਾ ਸਾਹਿਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦੋ ਹੱਥ ਲਿਖਤ ਸਰੂਪ ਹਨ । ਇਕ 18 ਗੁਣਾ 12 ਇੰਚ ਦੀ ਸਾਈਜ਼ਦਾ ਹੈ ਜਿਸ ਦੇ 1336 ਅੰਗ ਹਨ । ਹਰ ਅੰਗ ਦੇ ਕਿਨਾਰਿਆਂ ਨੂੰ ਕਲਾਤਮਕ ਢੰਗ ਨਾਲ ਸੱਤ ਰੰਗਾਂ ਵਿਚ ਸਜਾਇਆ ਹੋਇਆ ਹੈ । ਗੁਰਦੁਆਰਾ ਨਾਨਕਸ਼ਾਹੀ (ਢਾਕਾ) ਵਿਚ ਇਕ ਹੱਥ ਲਿਖਤ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਹੈ ਜਿਸ ਦੀ ਦੇਖਭਾਲ 1971 ਵਿਚ ਇਕ ਇਸਤਰੀ ਗ੍ਰੰਥੀ ਮਾਤਾ ਕੰਚਨ ਦੇਵੀ ਕਰਦੀ ਸੀ ।

ਏਥੇ ਹੋਰ ਨਿਸ਼ਾਨੀਆਂ ਇਕ ਖੜਾਵਾਂ ਦੀ ਜੋੜੀ ਇਕ ਲਕੜੀ ਦੀ ਰਹਿਲ ਹੈ ਜੋ ਗੁਰੂ ਤੇਗ ਬਹਾਦਰ ਸਾਹਿਬ ਜੀ ਵਰਤਦੇ ਸਨ ਅਤੇ ਅਸਾਮ ਤੋ ਜਾਣ ਵੇਲੇ ਬੁਲਾਕੀ ਰਾਮ ਨੂੰ ਭੇਟਾ ਕੀਤੀ ਗਈ ਸੀ । ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਇਕ ਅਸਲੀ ਚਿਤਰ ਵੀ ਜੋ ਸ਼ਾਇਸ਼ਤਾ ਖਾਨ ਦੀ ਕਚਹੈਰੀ ਦੇ ਇਕ ਪੇਂਟਰ ਨੇ ਬਣਾਇਆ ਸੀ। ਇਸ ਦਾ ਅਸਲ ਤਾਂ ਲਾਪਤਾ ਹੈ ਪਰ ਉਸਦੀ ਇਕ ਸੁੰਦਰ ਰੰਗ ਦੀ ਕਾਪੀ ਦੂਸਰੀਆਂ ਪਵਿਤਰ ਵਸਤਾਂ ਨਾਲ ਗੁਰਦੁਆਰਾ ਨਾਨਕ ਸ਼ਾਹੀ ਵਿਚ ਸ਼ਾਮਿਲ ਹੈ । ਗੁਰੂ ਗੋਬਿੰਦ ਸਿੰਘ ਜੀ ਦੇ ਦੋ ਹੁਕਮਨਾਮੇ ਜੋ ਕਿ ਢਾਕੇ ਦੀ ਸੰਗਤ ਲਈ ਲਿਖੇ ਸਨ ਜਨਰਲ ਜਗਜੀਤ ਸਿੰਘ ਅਰੋੜਾ ਨੂੰ ਪਾਕਿਸਤਾਨੀ ਫੌਜ ਦੇ ਆਤਮ ਸਮਰਪਣ ਵੇਲੇ ਗੁਰਦੁਆਰਾ ਸੰਗਤ ਤਲਾ ਵਿਚ ਮਿਲੇ ਸਨ ਉਹ ਹੁਣ ਉਥੇ ਮੌਜੂਦ ਨਹੀਂ ਹਨ ।

ਹੁਣ ਰੇਅਰ ਬਜ਼ਾਰ ਢਾਕੇ ਵਿਚ ਵੀ ਗੁਰੂ ਨਾਨਕ ਸਾਹਿਬ ਦੀ ਫੇਰੀ ਦੀ ਯਾਦ ਕਰਵਾਉਂਦਾ ਗੁਰਦੁਆਰਾ ਸਾਹਿਬ



ਗੁਰੂ ਸਾਹਿਬਾਨ ਦੀਆਂ ਖੜਾਵਾਂ ਤੇ ਰਹਿਲ

ਦੁਬਾਰਾ ਬਣਾਇਆ ਗਿਆ ਹੈ ।ਅੰਗਰੇਜ਼ੀ ਰਾਜ ਵੇਲੇ ਇਸ ਦਾ ਜ਼ਿਕਰ ਸ਼ਿਖਰ ਮੰਦਿਰ ਕਰਕੇ ਆਉਂਦਾ ਹੈ । 1947 ਦੀ ਵੰਡ ਹੋਣ ਪਿਛੋਂ ਉਥੇ ਗੁਰੂ ਗ੍ਰੰਥ ਸਾਹਿਬ ਦਾ ਕੋਈ ਸਰੂਪ ਨਹੀ ਹੈ ਜਿਸ ਨੂੰ ਰਿਹਾਇਸ਼ ਰੂਪ ਵਿਚ ਬਦਲ ਲਿਆ ਗਿਆ ਸੀ । ਹੁਣ ਨਵੇਂ ਗੁਰਦੁਆਰਾ ਸਾਹਿਬ ਦਾ ਕੰਮ ਕਾਜ ਤਖਤ ਪਟਨਾ ਸਾਹਿਬ ਦੇ ਅਧੀਨ ਚਲਦੇ ਬੰਗਲਾਦੇਸ਼ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੀ ਦੇਖ ਰੇਖ ਵਿਚ ਹੈ ।

## ਮੈਮਨ ਸਿੰਘ

ਢਾਕਾ ਤੋਂ ਗੁਰੂ ਨਾਨਕ ਦੇਵ ਜੀ ਆਸਾਮ ਵਲ ਜਾਂਦੇ ਹੋਏ ਮੈਮਨ ਸਿੰਘ ਰੁਕੇ ਜੋ ਕਿ ਢੁੱਬਰੀ ਦੇ ਰਸਤੇ ਤੇ ਹੈ । ਏਥੇ ਗੁਰਦੁਆਰਾ ਗੁਰੂ ਨਾਨਕ ਦੇਵ, ਗੁਰੂ ਜੀ ਦੀ ਮੈਮਨ ਸਿੰਘ ਦੀ ਫੇਰੀ ਦੀ ਯਾਦ ਕਰਵਾਉਂਦਾ ਹੈ।ਪਹਿਲਾਂ ਇਹ ਗੁਰਦੁਆਰਾ ਸੰਨ 1945 ਵਿਚ ਬਣਾਇਆ ਗਿਆ ਸੀ। ਇਥੇ ਇਕ ਵੱਡਾ ਹਾਲ ਹੈ ਜਿਥੇ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਪ੍ਰਕਾਸ਼ ਹੈ ਇਕ ਜੁੜਿਆ ਕਮਰਾ ਗ੍ਰੰਥੀ ਸਿੰਘ ਲਈ ਹੈ । ਲੰਗਰ ਦੀ ਤਿਆਰੀ ਖੁਲ੍ਹੇ ਵਿਚ ਹੀ ਹੁੰਦੀ ਹੈ । ਸੰਨ 2008 ਈ: ਵਿਚ ਸਰਦਾਰ ਸੁੱਖਾ ਸਿੰਘ ਸਰਹਾਲੀ ਨੇ ਦਰਬਾਰ ਸਾਹਿਬ ਅਤੇ ਨਾਲ ਲਗਦੇ ਕਮਰੇ ਦੀ ਮੁਰੰਮਤ ਕਰਵਾਈ ਅਤੇ 21 ਫੁਟ ਲੰਬਾ ਨਿਸ਼ਾਨ ਸਾਹਿਬ ਸਥਾਪਿਤ ਕੀਤਾ। ਉਨ੍ਹਾਂ ਨੇ ਇਕ ਸਥਾਈ ਗ੍ਰੰਥੀ ਦੇ ਪ੍ਰਬੰਧ ਦਾ ਵੀ ਭਰੋਸਾ ਦਿਤਾ।ਹੁਣ ਇਕ ਸਥਾਨਕ ਬੈਗਾਲੀ ਪਰਵਾਰ ਇਸ ਗੁਰਦੁਆਰਾ ਸਾਹਿਬ ਦੀ ਦੇਖਭਾਲ ਕਰਦਾ ਹੈ।

## ਸਿਲਹਟ

ਅੱਗੇ ਗੁਰੂ ਨਾਨਕ ਦੇਵ ਜੀ ਆਸਾਮ ਦੇ ਢੁੱਬਰੀ ਅਤੇ ਦੂਸਰੇ ਸਥਾਨਾਂ ਤੇ ਗਏ । ਗੁਹਾਟੀ, ਕੋਹਿਮਾ ਸ਼ਿਲੌਂਗ ਆਦਿ ਜੋ ਕਿ ਉਸ ਵੇਲੇ ਕਾਮਰੂਪ ਦਾ ਇਕ ਹਿਸਾ ਸੀ, ਹੁੰਦੇ ਹੋਏ ਬੰਗਲਾ ਦੇਸ਼ ਵਾਪਿਸ ਆਏ ਤੇ ਸਿਲਹਟ ਪਹੁੰਚੇ । ਸਿਲਹਟ ਜਿਥੇ ਗੁਰੂ ਨਾਨਕ ਦੇਵ ਸਾਹਿਬ ਅਤੇ ਗੁਰੂ ਤੇਗ ਬਹਾਦਰ ਸਾਹਿਬ ਨੇ ਫੇਰੀ ਪਾਈ ਹੁਣ ਬੰਗਲਾਦੇਸ਼ ਦਾ ਇਕ ਵੱਡਾ ਕਸਬਾ ਹੈ ।ਗੁਰਦੁਆਰਾ ਸਿਲਹਟ ਗੁਰੂ ਨਾਨਕ ਦੇਵ ਸਾਹਿਬ ਜੀ ਦੀ ਫੇਰੀ ਦੀ ਯਾਦ ਵਿਚ ਬਣਾਇਆ ਗਿਆ ਸੀ ।ਏਥੇ ਇਕ ਵੱਡੀ ਸਿੱਖ ਸੰਗਤ ਸੀ ਜਿਸ ਦਾ ਜ਼ਿਕਰ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਹੁਕਮਨਾਮੇ ਵਿਚ ਹੈ । ਭਾਈ ਕਾਹਨ ਸਿੰਘ ਨਾਭਾ ਅਨੁਸਾਰ ਗੁਰਦੁਆਰਾ ਸਿਲਹਟ ਪਹਿਲੀ ਤੇ ਨੌਵੀਂ ਪਾਤਸ਼ਾਹੀ ਦੀਆਂ ਏਥੇ ਫੇਰੀਆਂ ਦੀ ਯਾਦ ਵਿਚ ਬਣਾਇਆ ਗਿਆ ਸੀ । 1897 ਦੇ ਭੁਚਾਲ ਵੇਲੇ ਇਸ ਗੁਰਦੁਆਰਾ ਸਾਹਿਬ ਦੀ ਬਿਲਡਿੰਗ ਨਸ਼ਟ ਹੋ ਗਈ । ਜ਼ਮੀਨ ਦਾ ਖਸਰਾ ਨੰ: 2096 ਅਤੇ ਖਾਤਾ ਨੰ: 1720 ਜਿਸ ਤੇ ਗੁਰਦੁਆਰਾ ਸਾਹਿਬ ਦੀ ਬਿਲਡਿੰਗ ਬਣਾਈ ਗਈ ਸੀ ਅਤੇ ਜੋ ਸਖਾਪਾਤ ਪਿੰਡ ਵਿਖੇ ਪੈਂਦੀ ਸੀ ਜੋ ਸਲੈਹਟ ਵਿਚ ਪੈਂਦੀ ਸੀ । ਜਮੀਨ ਦਾ ਕੁਲ ਏਰੀਆ 1.67 ਏਕੜ ਹੈ । ਬਿਲਡਿੰਗ ਦੇ ਨਸ਼ਟ ਹੋਣ ਦਾ ਕਾਰਣ 1947 ਤੇ ਬਾਅਦ ਲੰਬੇ ਸਮੇ ਤੱਕ ਖਾਲੀ ਪਏ ਰਹਿਣਾ ਸੀ । 1981 ਵਿਚ ਸਰਕਾਰ ਨੇ ਇਸ ਜ਼ਮੀਨ ਨੂੰ ਅਪਣੇ ਕਬਜ਼ੇ ਵਿਚ ਲੈ ਲਿਆ ਅਤੇ ਜ਼ਿਲਾ ਪਰੀਸ਼ਦ ਦਾ ਇਕ ਗੈਸਟ ਹਾਉਸ ਅਤੇ ਦੋ ਸਰਕਾਰੀ ਕੁਆਰਟਰ ਬਣਾ ਦਿਤੇ ।ਬਾਬਾ ਸੁਖਾ ਸਿੰਘ ਸਰਹਾਲੀ ਵਲੋਂ ਕੋਸ਼ਿਸ਼ ਜਾਰੀ ਹੈ ਕਿ ਇਸੇ ਜਗ੍ਹਾ ਤੇ ਇਕ ਨਵੇਂ ਗੁਰਦੁਆਰਾ ਸਾਹਿਬ ਦੀ ਬਿਲਡਿੰਗ ਬਣਾ ਦਿਤੀ ਜਾਵੇ ।ਸਿਲਹਟ ਤੋਂ ਮਨੀਪੁਰ, ਤਰੀਪੁਰਾ ਆਦਿ ਹੁੰਦੇ ਹੋਏ ਗੁਰੂ ਜੀ ਚਿਟਾਗਾਉਂ ਪਹੁੰਚੇ।

## ਚਿਟਾਗਾਉਂ

ਡਾ ਸੁਰਿੰਦਰ ਸਿੰਘ ਕੋਹਲੀ ਅਨੁਸਾਰ ਤ੍ਰਿਪੁਰਾ ਤੋਂ ਗੁਰੂ ਸਾਹਿਬ ਪੁਰਬੀ ਬੰਗਾਲ ਦੇ ਜ਼ਿਲ੍ਹੇ ਚਿਟਾਗਾਉਂ ਨੇੜੇ ਬਲਵਾ ਕੁੰਡ ਪਹੁੰਚੇ।ਬਲਵਾ ਕੁੰਡ ਦੀ ਗੁਰੂ ਨਾਨਕ ਦੇਵ ਸਾਹਿਬ ਜੀ ਦੀ ਫੇਰੀ ਬਾਰੇ ਲਿਖਦੇ ਹਨ "ਉਥੇ ਇਕ ਪਹਾੜੀ ਦੀ ਚੋਟੀ ਤੇ ਸੀਤਾਕੁੰਡ ਨਾਮ ਦਾ ਤਲਾਬ ਹੈ । ਉਸ ਤਲਾਬ ਦਾ ਪਾਣੀ ਗਰਮ ਹੈ । ਉਸ ਤਲਾਬ ਦੇ ਉੱਤਰ ਵਿੱਚ 3 ਮੀਲ ਤੇ ਇਕ ਪਵਿਤਰ ਪਾਣੀ ਦਾ ਚਸ਼ਮਾ ਹੈ ਜਿਸ ਤੋਂ 4 ਮੀਲ ਬਲਵਾ ਕੁੰਡ ਨਾ ਦਾ ਯਾਤਰਾ ਸਥਾਨ



ਗੁਰਦੁਆਰਾ ਗੁਰੂ ਨਾਨਕ, ਚਿਟਾਗਾਂਉਂ

ਹੈ। ਹਿਮਾਚਲ ਵਿਚ ਜਵਾਲਾ ਜੀ ਦੀ ਤਰ੍ਹਾਂ ਏਥੇ ਵੀ ਪੱਥਰ ਵਿਚੋਂ ਅੱਗ ਦੀਆਂ ਲਪਟਾਂ ਉਠਦੀਆਂ ਦਿਸਦੀਆਂ ਹਨ ਅਤੇ ਤਲਾਬ ਦਾ ਪਾਣੀ ਵੀ ਉਬਲਦਾ ਹੈ"।ਇਸ ਫੇਰੀ ਦਾ ਜ਼ਿਕਰ ਕਰਦਿਆ ਗਿਆਨੀ ਗਿਆਨ ਸਿੰਘ ਲਿਖਦੇ ਹਨ, "ਗੁਰੂ ਸਾਹਿਬ ਬਾਲਵਾ ਕੁੰਡ ਤੀਰਥ ਆਏ ਤੇ ਉਥੇ ਯੋਗੀਆਂ ਨਾਲ ਵਿਚਾਰ-ਚਰਚਾ ਕੀਤੀ। ਉਥੇ ਗੁਰੂ ਸਾਹਿਬ ਦੀ 'ਚਰਨ ਪਾਦੁਕਾ" ਹੈ ਜੋ ਉਹਨਾਂ ਦੀ ਇਥੇ ਦੀ ਫੇਰੀ ਦੀ ਯਾਦ ਕਰਵਾਉਂਦੀ ਹੈ"।

ਹੁਣ ਚਿਟਾਗਾਉਂ ਬੰਗਲਾਦੇਸ਼ ਦਾ ਦੂਸਰਾ ਪ੍ਰਸਿਧ ਸ਼ਹਿਰ ਹੈ ਜੋ ਬਰ੍ਹਮਾ ਅਤੇ ਤ੍ਰਿਪੁਰਾ ਦੀਆਂ ਹੱਦਾਂ ਨਾਲ ਲਗਦਾ ਖਾੜੀ ਬੰਗਾਲ ਦੇ ਸਮੁੰਦਰੀ ਤਟ ਉੱਤੇ ਹੈ। ਗਿਆਨੀ ਲਾਲ ਸਿੰਘ ਸੰਗਰੂਰ ਲਿਖਦੇ ਹਨ, "ਗੁਰੂ ਨਾਨਕ ਦੇਵ ਜੀ ਚਿਟਾਗਾਉਂ ਉਸ ਵੇਲੇ ਪਹੁੰਚੇ ਜਦੋ ਉਹ ਢਾਕਾ ਇਲਾਕੇ ਵਿਚ ਨਾਮ ਦਾ ਪ੍ਰਚਾਰ ਕਰ ਰਹੇ ਸੀ।ਸੇਖ ਫਰੀਦ ਤੋਂ 12 ਵੇਂ ਸਥਾਨ ਤੇ ਗੱਦੀ ਨਸ਼ੀਨ ਸ਼ੇਖ ਫਰੀਦ ਸਾਨੀ ਉਥੇ ਠਹਿਰ ਹੋਏ ਸਨ ਜੋ ਫਾਰਸੀ ਵਿਚ ਅਪਣੀਆਂ ਕਵਿਤਾਵਾਂ ਲਿਖਦੇ ਸਨ। ਗੁਰੂ ਜੀ ਨੇ ਉਨ੍ਹਾਂ ਨਾਲ ਵਿਚਾਰ ਚਰਚਾ ਕੀਤੀ ਤੇ ਗੁਰੂ ਜੀ ਨੇ ਸਾਨੀ ਦੀ ਅਨੁਵਾਦਿਤ ਬਾਣੀ ਵਿਚ ਖਾਮੀਆ ਦਾ ਜ਼ਿਕਰ ਕੀਤਾ ਅਤੇ ਗੁਰਬਾਣੀ ਨਾਲ ਇਨ੍ਹਾਂ ਦੇ ਸਬੰਧ ਬਾਰੇ ਵੀ ਦੱਸਿਆ। ਸਾਨੀ ਇਸ ਤੋਂ ਸੰਤੁਸ਼ਟ ਹੋਏ ਤੇ ਸਵੀਕਾਰ ਕੀਤਾ ਕਿ ਗੁਰੂ ਨਾਨਕ ਦੇਵ ਜੀ ਇਕ ਸੰਪੂਰਨ ਰੱਬੀ ਰੂਪ ਹਨ। ਜਿਸ ਥਾਂ ਵਿਚਾਰ ਚਰਚਾ ਹੋਈ ਉਹ ਚਿਟਾਗਾਂਗ ਦੇ ਨੇੜੇ ਹੀ ਹੈ"। ਚਿਟਾਗਾਉਂ ਤੋਂ ਅੱਗੇ ਗੁਰੂ ਜੀ ਬਰ੍ਹਮਾ ਰਾਹੀਂ ਪੂਰਬੀ ਏਸ਼ੀਆ ਦੇ ਦੇਸ਼ਾਂ ਦੀ ਫੇਰੀ ਲਈ ਗਏ।

-ਕਰਨਲ ਡਾ. ਦਲਵਿੰਦਰ ਸਿੰਘ ਗਰੇਵਾਲ



ੴ ਵਾਹਿਗੁਰੂ ਜੀ ਕੀ ਫ਼ਤਹਿ ॥

# ਜ਼ਫ਼ਰਨਾਮਾ

ਸ਼ਰੀਅਤ ਪ੍ਰਸਤੋ ਫ਼ਜ਼ੀਲਤ ਮੁਆਬ
ਹਕੀਕਤ ਸ਼ਨਾਸੋ ਨਬੀਉਲ ਕਿਤਾਬ ।੯।
ਫ਼ਜ਼ੀਲਤ-ਵਡਿਆਈ। ਮੁਆਬ-ਕੇਂਦਰ, ਟਿਕਾਣਾ।
: ਅਰਥ :
ਉਹ ਧਰਮ-ਪਾਲਕ ਤੇ ਮਾਣ ਵਡਿਆਈ ਦਾ ਕੇਂਦਰ ਹੈ।
ਉਹ ਤੱਤ ਨੂੰ ਪਛਾਨਣ ਵਾਲਾ ਤੇ
ਧਰਮ-ਗ੍ਰੰਥਾਂ ਦਾ ਪ੍ਰਕਾਸ਼ਕ ਸੋਮਾ ਹੈ।

ਕਿ ਦਾਨਸ਼ ਪਜ਼ੂਹਸਤ ਸਾਹਿਬਿ ਸ਼ਊਰ
ਹਕੀਕਤ ਸ਼ਨਾਸਸਤੋ ਜ਼ਾਹਿਰ ਜ਼ਹੂਰ ।੧੦।
: ਅਰਥ :
ਉਹ ਨਿਪੁੰਨਤਾ ਦਾ ਪੁੰਜ, ਦਾਨਾਈ ਦਾ ਖੋਜੀ ਹੈ, ਉਹ
ਤੱਤਵੇਤਾ ਅਸਲੀਅਤ ਜਾਣਨ ਵਾਲਾ
ਹਰ ਥਾਂ ਪ੍ਰਗਟ ਪ੍ਰਤੱਖ ਹੈ।

ਸ਼ਨਾਸਿੰਦਏ ਇਲਮਿ ਆਲਮ ਖ਼ੁਦਾਇ
ਕੁਸ਼ਾਇੰਦਏ ਕਾਰਿ ਆਲਮ ਕੁਸ਼ਾਇ ।੧੧।
ਆਲਮ-ਸੰਸਾਰ। ਕੁਸ਼ਾਇੰਦਾ-ਖੋਲ੍ਹਣ ਵਾਲਾ।
ਉਹ ਸੰਸਾਰ ਦੇ ਸਭ ਇਲਮਾਂ ਦਾ ਜਾਣੂ ਮਾਲਕ ਹੈ ਤੇ
ਦੁਨਿਆਵੀ ਗੁੰਝਲਾਂ ਖੋਲ੍ਹਣ ਵਾਲਾ ਭਾਵ
ਔਕੜਾਂ ਦੂਰ ਕਰਨ ਵਾਲਾ ਸਵਾਰਣਹਾਰ ਹੈ।

ਗੁਜ਼ਾਰਿੰਦਏ ਕਾਰਿ ਆਲਮ ਕਬੀਰ
ਸ਼ਨਾਸਿੰਦਏ ਇਲਮਿ ਆਲਮ ਅਮੀਰ ।੧੨।
ਆਲਮ ਕਬੀਰ-ਵੱਡਾ ਸੰਸਾਰ। ਸ਼ਨਾਸਿੰਦਾ-ਜਾਣੂ।
ਉਹ ਮਹਾਨ ਹਸਤੀ ਇਸ ਵੱਡੇ ਸੰਸਾਰ ਦੇ ਕਾਰੋਬਾਰ ਨੂੰ
ਚਲਾਉਣ ਵਾਲੀ ਹੈ, ਉਹ ਸ਼ਿਰੋਮਣੀ ਮਾਲਕ ਨੂੰ ਸਾਰੇ
ਸੰਸਾਰ ਦੀ ਸੋਝੀ ਹੈ।

ਟੀਕਾਕਾਰ - ਪਿਆਰਾ ਸਿੰਘ ਪਦਮ

# ਬੇਦਾਵੇ ਤੋਂ ਲੈ ਕੇ ਖਿਦਰਾਣੇ ਦੀ ਢਾਬ ਤੀਕ

ਮਾਝੇ ਦੇ ਨਗਰ ਪੱਟੀ ਵਿੱਚ ਕਾਫੀ ਸਿੱਖ ਚੌਧਰੀ ਦੇਸ ਰਾਜ ਵੜੈਚ ਦੇ ਅਕਾਲ ਚਲਾਣਾ ਦੇ ਸੰਬੰਧ ਵਿੱਚ ਸਤਾਰਮੀ ਦੇ ਦਿਨ ਦੂਰੋਂ-ਨੇੜਿਓ ਆ ਕੇ ਇਕੱਠੇ ਹੋਏ ਸਨ। ਚੌਧਰੀ, ਭਾਈ ਸੁਲਤਾਨ ਸਿੰਘ ਦਾ ਪਿਤਾ ਸੀ। ਇਸ ਇਕੱਠ ਵਿੱਚ ਕਿਸੇ ਸਿੰਘ ਨੇ ਸੰਗਤਾਂ ਨੂੰ ਆਨੰਦਪੁਰ ਸਾਹਿਬ ਦੇ ਹਾਲਾਤ ਤੋਂ ਜਾਣੂ ਕਰਾਇਆ। ਉਸ ਸਿੰਘ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਆਨੰਦਪੁਰ ਸਾਹਿਬ ਛੱਡ ਕੇ ਮਾਲਵਾ ਦੇਸ਼ ਚਲੇ ਗਏ ਹਨ। ਗੁਰੂ ਸਾਹਿਬ ਦੀ ਬਿਰਧ ਮਾਤਾ, ਚਾਰ ਸਾਹਿਬਜ਼ਾਦੇ, ਭਾਈ ਉਦੈ ਸਿੰਘ ਆਦਿ ਮੈਦਾਨੇ-ਜੰਗ ਵਿੱਚ ਲੜ ਕੇ ਸ਼ਹੀਦ ਹੋ ਚੁੱਕੇ ਹਨ ਅਤੇ ਅਸੀਂ ਨਿਮਾਣੇ ਤੇ ਨਿਭਾਗੇ ਸਿੱਖਾਂ ਅਜਿਹੇ ਸੰਕਟਮਈ ਸਮੇਂ ਆਨੰਦਪੁਰ ਪਹੁੰਚ ਕੇ ਗੁਰੂ ਸਾਹਿਬ ਦਾ ਸਾਥ ਨਹੀਂ ਦਿੱਤਾ। ਉਸ ਸਿੰਘ ਨੇ ਇਹ ਵੀ ਆਖਿਆ ਕਿ ਮਾਝੇ ਦੇ ਮੁਖੀਏ ਦੁਨੀ ਚੰਦ (ਭਾਈ ਸਾਲ੍ਹਦਾ ਪੋਤਾ), ਚਾਰ ਪੰਜ ਮਝੈਲ ਸਿੰਘਾਂ ਨੂੰ ਨਾਲ ਲੈ ਕੇ ਆਨੰਦਗੜ੍ਹ ਕਿਲ੍ਹੇ ਤੋਂ ਰੱਸਾ ਬੰਨ੍ਹ ਕੇ ਰਾਤ ਸਮੇਂ ਭੱਜ ਆਇਆ ਸੀ। ਇਸ ਵੱਡੇ ਕਲੰਕ ਨੂੰ ਧੋਹਣ ਲਈ ਉਸ ਦੇ ਦੋਵੇਂ ਪੋਤਿਆਂ ਭਾਈ ਅਨੂਪ ਸਿੰਘ ਤੇ ਭਾਈ ਸਰੂਪ ਸਿੰਘ ਨੇ ਨਿਰਮੋਹਗੜ ਦੀ ਜੰਗ ਵਿੱਚ ਜਾਮੇ-ਸ਼ਹਾਦਤ ਪੀ ਲਏ ਸਨ।

ਇਹ ਸਾਰੀ ਵਾਰਤਾ ਸੁਣ ਕੇ ਸਿੱਖਾਂ ਇਸ ਇਕੱਠ ਵਿੱਚ ਸਰਬ ਸੰਮਤੀ ਨਾਲ ਫੈਸਲਾ ਲਿਆ ਕਿ ਮਾਲਵਾ ਦੇਸ਼ ਵਿੱਚ ਗੁਰੂ ਸਾਹਿਬ ਦੀਨਾਂ ਕਾਂਗੜ ਦੇ ਆਸ ਪਾਸ ਹੀ ਹਨ। ਸਾਨੂੰ ਗੁਰੂ ਸਾਹਿਬ ਦੇ ਪ੍ਰਵਾਰ ਅਤੇ ਸਿੱਖਾਂ ਦੀ ਸ਼ਹੀਦੀ ਦੀ ਸਾਰ ਲਈ ਜਾਣਾ ਚਾਹੀਦਾ ਹੈ। ਗੁਰੂ ਸਾਹਿਬ ਨੂੰ ਮਾਝਾ ਦੇਸ਼ ਆਉਣ ਦੀ ਬੇਨਤੀ ਵੀ ਕਰਨੀ ਚਾਹੀਦੀ ਹੈ। ਕਿਸੇ ਸਿੱਖ ਨੇ ਆਖਿਆ ਕਿ ਭਾਗ ਸਿੰਘ ਝਬਾਲ ਇਥੇ ਬੈਠੇ ਹਨ। ਉਹ ਆਪਣੇ ਅਸਰ-ਰਸੂਖ ਨਾਲ ਦਿੱਲੀ ਸਰਕਾਰ ਨਾਲ ਸਲਾਹ ਕਰ ਸਕਦੇ ਹਨ। ਆਖਰ ''ਜੈਕਾਰਾ'' ਗਜਿਆ ਤੇ ਸਿੱਖ ਗੁਰੂ ਸਾਹਿਬ ਵੱਲ ਤੁਰ ਪਏ।

ਪੱਟੀ ਨਗਰ ਤੋਂ ਇਹ ਜਥਾ ਭਾਈ ਭਾਗ ਸਿੰਘ ਝਬਾਲੀਏ ਭਾਈ ਸੁਲਤਾਨ ਸਿੰਘ ਆਦਿ ਚਾਲੀ ਸਿੱਖਾਂ ਅਤੇ ਇਕੱਤਾਲਵੀਂ ਮਾਤਾ ਭਾਗ ਕੌਰ ਸਣੇ ਰਵਾਨਾ ਹੋਇਆ। ਇਹ ਸ਼ਰਧਾਲੂ ਸਿੰਘਾਂ ਦਾ ਜਥਾ ਬਿਆਸ ਤੇ ਸਤਲੁਜ ਧਰ ਨਦੀ ਪਾਰ ਕਰਕੇ ਜ਼ੀਰਾ ਨਗਰ ਪੁੱਜਾ। ਫਿਰ ਇਹ ਜਥਾ ਅਜੇ ਮੋਗੇ ਪੁੱਜਿਆ ਹੀ ਸੀ ਕਿ ਕਿਸੇ ਸਿੱਖ ਨੇ ਖ਼ਬਰ ਦਿੱਤੀ ਗੁਰੂ ਸਾਹਿਬ ਦੀਨਾਂ ਕਾਂਗੜ ਛੱਡ ਕੇ ਲੱਖੀ ਜੰਗਲ ਦੇਸ਼ ਵੱਲ ਤੁਰ ਗਏ ਹਨ। ਇਹ ਜਥਾ ਗੁਰੂ ਸਾਹਿਬ ਦਾ ਪਤਾ ਪੁੱਛਦਾ ਪੁੱਛਦਾ ਰੁਪੇਆਣੇ ਦੇ ਕੋਲ ਰੋਹੀ ਤੇ ਗੁਰੂ ਸਾਹਿਬ ਨੂੰ ਜਾ ਮਿਲਿਆ। ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਭਾਈ ਮਾਨ ਸਿੰਘ ਨੂੰ ਹੁਕਮ ਕੀਤਾ ਕਿ ਘੋੜੇ ਤੋਂ ਉਤਰ ਕੇ ਚਾਦਰਾ ਵਿਛਾ ਦਏ ਤਾਂ ਜੋ ਇਨ੍ਹਾਂ ਸਿੱਖਾਂ ਨਾਲ ਬਾਤਚੀਤ ਕਰੀਏ। ਭਾਗ ਸਿੰਘ ਆਦਿ ਸਿੱਖਾਂ ਨੇ ਸਭ ਤੋਂ ਪਹਿਲਾਂ ਗੁਰੂ ਸਾਹਿਬ ਦੇ ਪ੍ਰਵਾਰ ਅਤੇ ਸ਼ਹੀਦ ਸਿੱਖਾਂ ਬਾਰੇ ਸਾਰ ਲਈ। ਭਾਗ ਸਿੰਘ ਨੇ ਕਿਹਾ ਮੈਂ ਸਰਕਾਰ ਨਾਲ ਤੁਹਾਡੀ ਸੁਲਹ ਕਰਾ ਛਡਦੇ ਹਾਂ। ਤੁਸੀਂ ਅੱਗੇ ਤੋਂ ਬਾਕੀ ਦੀ ਜ਼ਿੰਦਗੀ ਚੰਗੀ ਤਰ੍ਹਾਂ ਬਤੀਤ ਕਰ ਸਕੋ ਤਾਂ ਅਸੀਂ ਵੀ ਤੁਹਾਡੇ ਸੇਵਕ ਬਣੇ ਰਵਾਂਗੇ. ਗੁਰੂ ਸਾਹਿਬ ਨੇ ਇਨ੍ਹਾਂ ਮਝੈਲੀਏ ਸਿੱਖਾਂ ਨੂੰ ਕਿਹਾ- ਤੁਸੀਂ ਕੌਣ ਹੁੰਦੇ ਹੋ ਸੁਲਹ ਸਮਝੌਤੇ ਕਰਾਉਣ ਵਾਲੇ। ਤੁਹਾਡੇ ਵਡੇਰੇ ਪੰਜਵੇਂ ਗੁਰੂ ਸਾਹਿਬ ਵੇਲੇ ਕਿਧਰ ਚਲੇ ਗਏ ਸਨ ? ਛੇਵੇਂ ਗੁਰੂ ਸਾਹਿਬ ਸਮਾਂ ਮਝੈਲ ਸਿੱਖ ਕਿਥੇ ਸਨ ? ਜਦੋਂ ਨੌਵੇਂ ਗੁਰੂ ਜੀ ਨੂੰ ਦਿੱਲੀ ਵਿੱਚ ਜਾ ਕੇ ਸ਼ਹੀਦ ਕੀਤਾ ਗਿਆ ਤਾਂ ਕਿਸੇ ਸਿੱਖ ਨੇ ਨਾਮ ਤੱਕ ਨਹੀਂ ਸੀ ਲਿਆ ? ਆਨੰਦਪੁਰ ਕਈ ਮਹੀਨੇ ਘੇਰਾ ਪਿਆ ਰਿਹਾ ਦੁਸ਼ਮਣਾਂ ਦਾ ਤੁਸੀਂ ਨਹੀਂ ਆਏ। ਹੁਣ ਕੀ ਲੈਣ ਆਏ ਹੋ ?

ਗੁਰੂ ਗੋਬਿੰਦ ਸਿੰਘ ਸਾਹਿਬ ਦੇ ਇਹ ਸ਼ਬਦ ਸੁਣ ਕੇ ਸਾਰੇ ਸਿੱਖਾਂ ਨੇ ਸਿਰ ਨੀਵੇਂ ਪਾ ਕੇ ਸੋਚਣ ਲੱਗੇ . ਆਖਰ ਭਾਗ ਸਿੰਘ ਝਬਾਲੀਏ ਨੇ ਆਖਿਆ। - ਗਰੀਬ ਨਿਵਾਜ਼ । ਜੇ ਤੁਸੀਂ ਇਸੇ ਤਰ੍ਹਾਂ ਰਹਿਣਾ ਹੈ ਤਾਂ ਸਾਡੇ ਤੋਂ ਤੁਹਾਡੀ ਸਿੱਖੀ ਨਹੀਂ ਨਿਭ ਸਕਦੀ।ਅਸੀਂ ਵਾਪਸ ਤੁਰਦੇ ਹਾਂ। ਗੁਰੂ ਸਾਹਿਬ ਨੇ ਫਿਰ ਆਖਿਆ- ''ਭਾਗ ਸਿੰਘ । ਅਸਾਂ ਤੁਮੇਂ ਬੁਲਾਇਆ ਨਹੀਂ ? ਜੇ ਤੁਮ ਆਏ ਹੋ ਤਾਂ ਲਿਖ ਕੇ ਦੇ ਦਿਉ ਕਿ ਅੱਜ ਤੋਂ ਮਾਝਾ ਦੇਸ਼



ਵਿੱਚ ਗੁਰੂ ਕਾ ਸਿੱਖ ਨਹੀਂ ਰਿਹਾ। ਗੁਰੂ ਸਾਹਿਬ ਨੇ ਮਾਨ ਸਿੰਘ ਨੂੰ ਹੁਕਮ ਕੀਤਾ ਖੁਰਜੀ ਤੋਂ ਕਾਗਜ਼, ਕਲਮ ਤੇ ਦਵਾਤ ਲਿਆ ਕੇ ਇਨ੍ਹਾਂ ਸਿੱਖਾਂ ਨੂੰ ਦੇ।"

ਗੁਰੂ ਸਾਹਿਬ ਨੇ ਕਾਗਜ਼, ਕਲਮ ਤੇ ਦਵਾਤ ਭਾਈ ਭਾਗ ਸਿੰਘ ਆਦਿ ਸਿੱਖਾਂ ਅੱਗੇ ਰੱਖ ਦਿੱਤੀ। ਸਭ ਤੋਂ ਪਹਿਲਾਂ ਭਾਗ ਸਿੰਘ ਝਬਾਲੀਏ ਲਿਖਿਆ ਤੇ ਉਸ ਤੋਂ ਬਾਅਦ ਦਿਲਬਾਗ ਸਿੰਘ, ਘਰਬਾਗ ਸਿੰਘ ਤੇ ਗੰਡਾ ਸਿੰਘ ਨੇ ਕਲਮ ਨਾਲ ਦਸਖਤ ਕਰ ਦਿੱਤੇ। ਬਾਕੀ ਪੈਂਤੀ ਸਿੱਖ ਨਿਮੋਝੂਣੇ ਹੋ ਕੇ ਸੋਚਣ ਲੱਗ ਪਏ। ਇਨ੍ਹਾਂ ਪੈਂਤੀ ਸਿੱਖਾਂ ਪੰਚਾਇਤੀ ਕਾਗਜ਼ ਤੇ ਦਸਤਖਤ ਨਹੀਂ ਸਨ ਕੀਤੇ। ਇਹ ਸਾਰੇ ਸਿੱਖ ਸੋਚਾਂ ਵਿੱਚ ਡੁੱਬੇ ਆਪਣੇ ਦਿਲਾਂ ਨਾਲ ਵਿਚਾਰਾਂ ਕਰਨ ਲੱਗੇ। ਹੁਣ ਕੀ ਕੀਤਾ ਜਾਵੇ। ਉਸ ਸਮੇਂ ਇਕ ਸੂਹੀਏ ਸਿੱਖ ਨੇ ਗੁਰੂ ਜੀ ਕੋਲ ਆ ਕੇ ਪਤਾ ਦਿੱਤਾ, ਮਹਾਰਾਜ ਤੁਰਕ ਫੌਜ ਨੇੜੇ ਆ ਰਹੀ ਹੈ ਸਾਨੂੰ ਇਥੋਂ ਤੁਰਨਾ ਚਾਹੀਦਾ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਜਦੋਂ ਆਪਣੇ ਸਿੱਖਾਂ ਸਮੇਤ ਇਥੋਂ ਤੁਰ ਗਏ ਤਾਂ ਬਾਅਦ ਵਿੱਚ ਨਿਧਾਨ ਸਿੰਘ ਵੜੈਚ ਦੀ ਪਤਨੀ ਅਤੇ ਭਾਗ ਸਿੰਘ ਤੇ ਦਿਲਬਾਗ ਸਿੰਘ ਦੀ ਵੱਡੀ ਭੈਣ ਮਾਤਾ ਭਾਗ ਕੌਰ ਨੇ ਗਰਜਵੀਂ ਆਵਾਜ਼ ਵਿੱਚ ਆਖਿਆ। ਅੱਗੇ ਤਾਂ ਰੱਸਾ ਬੰਨ੍ਹ ਕੇ ਦੀਵਾਰ ਤੋਂ ਦੁਨੀ ਚੰਦ ਚਾਰ ਪੰਜ ਮਝੈਲ ਸਿੱਖਾਂ ਨੂੰ ਲੈ ਕੇ ਆਨੰਦਗੜ੍ਹ ਕਿਲ੍ਹੇ ਚੋਂ ਭੱਜ ਆਇਆ ਸੀ ਅਤੇ ਉਹ ਕਲੰਕ ਅਜੇ ਤੱਕ ਮਝੈਲ ਸਿੱਖਾਂ ਤੇ ਲੱਗਿਆ ਹੋਇਆ ਹੈ। ਅਜੇ ਉਹ ਭੁਲਿਆ ਨਹੀਂ ਤਾਂ ਅੱਜ ਤੁਸੀਂ ਸਤਿਗੁਰਾਂ ਨੂੰ ਸਾਹਮਣੇ ਲਿਖ ਦਿੱਤਾ ਹੈ। ਹੁਣ ਕਿਹੜਾ ਮੂੰਹ ਲੈ ਕੇ ਵਾਪਸ ਵਤਨਾਂ ਨੂੰ ਜਾਉਗੇ ?

ਮਾਤਾ ਭਾਗ ਕੌਰ ਦੀ ਇਸ ਅਣਖੀ ਲਲਕਾਰ ਨੇ ਬੇਦਾਵਾ ਦੇ ਚੁੱਕੇ ਸਿੱਖਾਂ ਅੰਦਰ ਨਵੀਂ ਰੂਹ ਫੂਕ ਦਿੱਤੀ। ਭਾਈ ਭਾਗ ਸਿੰਘ ਆਦਿ ਚਾਲੀ ਸਿੱਖਾਂ ਕਮਰਕੱਸੇ ਕਰਕੇ ਗੁਰੂ ਜੀ ਦੇ ਪਿੱਛੇ ਜਾਣ ਦਾ ਫੈਸਲਾ ਕਰ ਲਿਆ। ਸਤਿ ਸ੍ਰੀ ਅਕਾਲ ਦੇ ਜੈਕਾਰੇ ਛੱਡਦੇ ਘੋੜਿਆਂ ਤੇ ਸਵਾਰ ਹੌਲੀ-ਹੌਲੀ ਇਹ ਸਿੱਖ ਖਿਦਰਾਣੇ ਨਗਰ ਦੀ ਢਾਬ ਦੇ ਕੰਢੇ ਆ ਕੇ ਰੁਕੇ। ਇਹ ਸਾਰੇ




ਪੂਰਬ ਦਿਸ਼ਾ ਵੱਲ ਜਿਧਰੋਂ ਤੁਰਕ ਫੌਜ ਆ ਰਹੀ ਸੀ ਪੂਰੀ ਤਿਆਰੀ ਨਾਲ ਦੁਸ਼ਮਣ ਦਾ ਇੰਤਜ਼ਾਰ ਕਰਨ ਲੱਗ ਪਏ। ਉਧਰ ਗੁਰੂ ਸਾਹਿਬ ਢਾਬ ਤੋਂ ਅੱਗੇ ਇਕ ਟਿੱਬੀ ਤੇ ਜਾਇ ਠਹਿਰੇ। ਸੂਬਾ ਸਰਹੰਦ ਦਾ ਇਕ ਸੂਹੀਆ ਗੁਰੂ ਜੀ ਦਾ ਪਤਾ ਕਰਨ ਆਇਆ ਅਤੇ ਇਕ ਝਾੜੀ ਦੇ ਪਿੱਛੇ ਲੁਕ ਕੇ ਗੁਰੂ ਜੀ ਨੂੰ ਵੇਖਣ ਲੱਗਾ।ਜਾਣੀ ਜਾਣ ਪਾਤਸ਼ਾਹ ਨੇ ਇਸ ਨੂੰ ਵੇਖ ਲਿਆ ਅਤੇ ਇਕ ਤੀਰ ਮਾਰ ਕੇ ਸਦਾ ਦੀ ਨੀਂਦ ਸਵਾ ਦਿੱਤਾ। ਸੂਬਾ ਸਰਹੰਦ ਵਜ਼ੀਰ ਖਾਂ ਫੌਜ ਦੇ ਨਾਲ ਢਾਬ ਦੇ ਨਜ਼ਦੀਕ ਪੁੱਜਾ. ਅਗੋਂ ਸਿੱਖਾਂ ਤੀਰਾਂ, ਤਫੰਗਾਂ ਨਾਲ ਅਜਿਹਾ ਵਾਰ ਕੀਤਾ, ਕੀ ਤੁਰਕ ਫੌਜ ਇਕ ਵਾਰ ਉਥੇ ਹੀ ਰੁਕ ਗਈ।

ਦੋਵਾਂ ਪਾਸਿਆਂ ਤੋਂ ਦੋ ਘੜੀਆਂ ਤੀਕ ਗੋਲੀਆਂ ਦਾ ਬੜਾ ਮੀਂਹ ਵਰਸਿਆ। ਜਦੋਂ ਸਿੱਖਾਂ ਕੋਲੋਂ ਤੀਰ ਤੇ ਗੋਲੀਆਂ ਖਤਮ ਹੋਈਆਂ ਤਾਂ ਉਹ ਮਿਆਨਾਂ ਚ ਖੰਡੇ ਕ੍ਰਿਪਾਨਾ ਧੂਹ ਕੇ ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾਦੇ ਵੈਰੀਆਂ ਤੇ ਟੁੱਟ ਪਏ। ਦੋਵਾਂ ਪਾਸਿਆਂ ਤੋਂ ਬੜਾ ਲੋਹਾ ਖੜਕਿਆ। ਸਿੱਖਾਂ ਨੇ ਦੁਸ਼ਮਣਾਂ ਨੂੰ ਭਗੋਤੀਆਂ (ਸ਼ਮਸ਼ੀਰਾਂ) ਨਾਲ ਉਹ ਕੱਟ ਵੱਢ ਕੀਤੀ ਕਿ ਇਕ ਵੇਰਾਂ ਉਨ੍ਹਾਂ ਨੂੰ ਅੱਲ੍ਹਾ ਯਾਦ ਕਰਾ ਦਿੱਤਾ। ਲੋਹੇ ਨਾਲ ਲੋਹਾ ਖੜਕਦਾ ਰਿਹਾ। ਜਦੋਂ ਸੂਬਾ ਸਰਹੰਦ ਨੇ ਵੇਖਿਆ ਕਿ ਅੱਗੋਂ ਲੜਨ ਵਾਲਾ ਕੋਈ ਸਿੱਖ ਨਜ਼ਰ ਨਹੀਂ ਆਉਂਦਾ ਤਾਂ ਉਸ ਫੌਜ ਨੂੰ ਪਿੱਛੇ ਤੁਰ ਜਾਣ ਦਾ ਹੁਕਮ ਦਿੱਤਾ। ਸੂਰਜ ਗਰੂਬ ਹੋ ਚੁੱਕਾ ਸੀ। ਇਧਰ ਗੁਰੂ ਸਾਹਿਬ ਭਾਈ ਮਾਨ ਸਿੰਘ ਆਦਿ ਸਿੱਖਾਂ ਸਮੇਤ 'ਈਸ਼ਰਸਰ ਤਾਲ ਦੇ ਕਿਨਾਰੇ ਆ ਗਏ। ਹੁਕਮ ਕੀਤਾ ਭਾਈ ਮਾਨ ਸਿੰਘ ਸ਼ਹੀਦ ਹੋਏ ਸਿੱਖਾਂ ਦੀਆਂ ਲਾਸ਼ਾਂ ਉਠਾਇ ਕੇ ਲਿਆਉ। ਭਾਈ ਮਾਨ ਸਿੰਘ ਸਭ ਤੋਂ ਅੱਗੇ ਸ਼ਹੀਦ ਹੋ ਕੇ ਪਿਆ ਸੀ। ਗੁਰੂ ਗੋਬਿੰਦ ਸਿੰਘ ਨੇ ਆਪਣੇ ਰੁਮਾਲ ਨਾਲ ਭਾਈ ਮਾਨ ਸਿੰਘ ਦਾ ਮੁੱਖ ਸਾਫ ਕੀਤਾ ਅਤੇ ਬਚਨ ਕੀਤਾ ਇਹ ਮੇਰਾ ਸਵਾ ਲੱਖੀ ਹੈ। ਇਸੇ ਤਰ੍ਹਾਂ ਬਾਕੀ ਦੇ ਸਾਰੇ ਸਿੱਖਾਂ ਨੂੰ ਉਠਾ ਕੇ ਲਿਆਂਦਾ ਗਿਆ। ਗੁਰੂ ਜੀ ਨੇ ਕਿਸੇ ਨੂੰ ਦਸ ਹਜ਼ਾਰੀ, ਕਿਸੇ ਨੂੰ ਤੀਸ ਹਜ਼ਾਰੀ ਤੇ ਕਿਸੇ ਨੂੰ ਪੰਜ ਹਜ਼ਾਰੀ ਦਾ ਵਰ ਦੇ ਕੇ ਨਿਵਾਜਿਆ। ਇਨ੍ਹਾਂ ਚਾਲੀ ਸਿੱਖਾਂ ਵਿੱਚੋਂ ਭਾਈ ਰਾਇ ਸਿੰਘ, ਭਾਈ ਸੁੰਦਰ ਸਿੰਘ ਅਤੇ ਭਾਈ ਮਹਾਂ ਸਿੰਘ ਅਜੇ ਸਹਿਕਦੇ ਸਨ। ਸਤਿਗੁਰਾਂ ਇਨ੍ਹਾਂ ਦੇ ਮੁੱਖ ਰੁਮਾਲ ਨਾਲ ਝਾੜੇ ਅਤੇ ਅੰਤਮ ਸਮੇਂ ਪਾਣੀ ਮੂੰਹ ਵਿੱਚ ਪਾਇਆ।

ਇਨ੍ਹਾਂ ਤਿੰਨ ਸਿੱਖਾਂ ਤੋਂ ਇਲਾਵਾ ਮਾਤਾ ਭਾਗ ਕੌਰ ਜ਼ਖਮੀ ਹੋਈ ਇਕ ਕਰੀਰ ਦੇ ਦਰੱਖਤ ਹੇਠਾਂ 'ਸ੍ਰੀ ਵਾਹਿਗੁਰੂ' ਦਾ ਜਾਪ ਜਪ ਰਹੀ ਸੀ।ਇਹ ਵੀ ਗੋਲੀ ਲੱਗਣ ਨਾਲ ਜ਼ਖਮੀ

ਸੀ। ਇਸ ਨੂੰ ਵੀ ਜਦੋਂ ਮਾਨ ਸਿੰਘ ਆਦਿ ਸਿੱਖਾਂ ਗੁਰੂ ਜੀ ਕੋਲ ਉਠਾ ਕੇ ਲਿਆਂਦਾ ਤਾਂ ਗੁਰੂ ਸਾਹਿਬ ਪੁਛਿਆ ਬੇਟੀ ਤੇਰੀ ਕੀ ਹਾਲਤ ਹੈ ? ਇਸ ਨੇ ਆਖਿਆ ਮਹਾਰਾਜ । ਤੇਰੀ ਮਹਿਰ ਨਾਲ ਮੈਂ ਠੀਕ ਹਾਂ, ਕੇਵਲ ਇਕ ਹੀ ਜ਼ਖਮ ਹੈ ਹੋਰ ਕੋਈ ਨਹੀਂ। ਸਤਿਗੁਰਾਂ ਰਾਇ ਸਿੰਘ ਆਦਿ ਸਹਿਕਦੇ ਤਿੰਨ ਸਿੱਖਾਂ ਵੱਲ ਵੇਖ ਕੇ ਪੁੱਛਿਆ ਤੁਸੀਂ ਕਿ ਚਾਹੁੰਦੇ ਹੋ ? ਇਨ੍ਹਾਂ ਵਿੱਚ ਰਾਇ ਸਿੰਘ ਬੋਲਿਆ ਗਰੀਬ ਨਿਵਾਜ . ਜੇਕਰ ਤੁਸੀਂ ਸਾਡੇ ਤੇ ਤਰੁਠੇ ਹੋ ਤਾਂ ਆਪ ਅਸਾਂ ਦਾ ਲਿਖਿਆ ਪੰਚਾਇਤੀ ਬੇਦਾਵਾ ਪਾੜ੍ਹ ਕੇ ਸਿੱਖੀ ਦਾਨ ਬਖਸ਼ੋ . ਗੁਰੂ ਸਾਹਿਬ ਨੇ ਤਿੰਨ ਵੇਰਾਂ ਆਪਣੇ ਮੁਖਾਰਬਿੰਦ ਤੋਂ "ਧੰਨ ਸਿੱਖੀ । ਧੰਨ ਸਿੱਖੀ। ਧੰਨ ਸਿੱਖੀ" ਕਹਿ ਕੇ ਖੀਸੇ 'ਚੋਂ ਬੇਦਾਵੇ ਵਾਲਾ ਕਾਗਜ਼ ਕੱਢ ਕੇ ਲੀਰੋ-ਲੀਰ ਕਰ ਦਿੱਤਾ।

ਗੁਰੂ ਸਾਹਿਬ ਦੇਰ ਰਾਤ ਤੱਕ ਇਨ੍ਹਾਂ ਸਿੱਖਾਂ ਨਾਲ ਬਚਨ ਬਿਲਾਸ ਕਰਦੇ ਰਹੇ। ਪਹਿਲਾਂ ਭਾਈ ਸੁੰਦਰ ਸਿੰਘ ਝੱਲੀਆਂ ਵਾਲਾ ਅਤੇ ਬਾਅਦ ਵਿੱਚ ਦੋਹਾਂ ਸਿੱਖਾਂ ਪ੍ਰਾਣ ਤਿਆਗ ਦਿੱਤੇ। ਇਹ ਘਟਨਾ ਸੰਮਤ ੧੯੫੧, ੨੦ ਪੋਹ ਨੂੰ ਰਵੀਵਾਰ (ਐਤਵਾਰ) ਨੂੰ ਹੋਈ। ਗੁਰੂ ਜੀ ਨੇ ਇਨ੍ਹਾਂ ਚਾਲੀ ਸਿੱਖਾਂ ਨੂੰ ਮੁਕਤਿਆਂ ਦਾ ਵਰ ਦਿੱਤਾ। ਗੁਰੂਜੀ ਨੇ ਇਸ ਢਾਬ ਦਾ ਨਾਂ 'ਈਸ਼ਰਸਰ ਮੁਕਤਸਰ" ਰਖਿਆ। ੨੦ ਪੋਹ ਦੀ ਰਾਤ ਬੀਤ ਗਈ। ਸਵੇਰ ਹੋਈ ਤਾਂ "ਸ੍ਰੀ ਆਸਾ ਦੀ ਵਾਰ ਦਾ ਕੀਰਤਨ ਹੋਇਆ ਅਤੇ ਫਿਰ ਭੋਗ ਪਾਇਆ ਗਿਆ। ਗੁਰੂ ਸਾਹਿਬ ਨੇ ਭਾਈ ਦਾਨ ਸਿੰਘ ਨੂੰ ਖਿਦਰਾਣੇ ਪਿੰਡ ਤੋਂ ਘੀ, ਮੈਦਾ ਤੇ ਖੰਡ ਮੰਗਵਾਉਣ ਲਈ ਭੇਜਿਆ ਤਾਂ ਜੋ ਕੜਾਹ ਪ੍ਰਸ਼ਾਦ ਦੀ ਦੇਗ ਤਿਆਰ ਕਰਵਾਈ ਜਾਵੇ। ਸ਼ਹੀਦ ਸਿੰਘਾਂ ਦਾ ਅੰਤਮ ਇਸ਼ਨਾਨ ਗੁਰੂ ਸਾਹਿਬ ਨੇ ਆਪ ਕਰਾਇਆ ਅਤੇ ਫਿਰ ਦੇਹਾਂ ਇਕ ਲਕੜੀ ਦੇ ਢੇਰ 'ਤੇ ਰੱਖੀਆਂ।

ਗੁਰੂ ਸਾਹਿਬ ਨੇ ਆਪ ਸੋਹਿਲੇ ਦਾ ਪਾਠ ਕੀਤਾ। ਫਿਰ ਖੜੇ ਹੋ ਕੇ ਅਰਦਾਸ ਕੀਤੀ। ਸਿੱਖਾਂ 'ਸਤਿ ਸ੍ਰੀ ਅਕਾਲ ਦਾ ਜੈਕਾਰਿਆਂ ਨਾਲ ਅਸਮਾਨ ਗੂੰਜਾ ਦਿੱਤਾ। ਗੁਰੂ ਸਾਹਿਬ ਸ੍ਰੀ ਵਾਹਿਗੁਰੂ" ਆਖ ਆਪਣੇ ਹਸਤ ਕਮਲਾ ਨਾਲ ਅੰਗੀਠੇ ਨੂੰ ਅੱਗ ਦਿੱਤੀ।ਉਪਰੰਤ ਕੜਾਹ ਪ੍ਰਸ਼ਾਦ ਦੀ ਦੇਗ ਵਰਤਾਈ ਗਈ। ਅੰਗੀਠੇ ਦੇ ਨਾਲ ਹੀ ਮਾਲ ਦੇ ਬਿਰਛ ਹੇਠ ਗੁਰੂ ਸਾਹਿਬ ਨੇ ਦੀਵਾਨ ਸਜਾਇਆ।

ਗੁਰੂ ਸਾਹਿਬ ਨੇ ਆਪਣੇ ਮੁਖਾਰਬਿੰਦ ਤੋਂ ਆਖਿਆ- "ਭਾਈ ਸਿਖੋ ਇਨਾਂ ਚਾਲੀ ਮੁਕਤਿਆਂ ਧਰਮ ਹੇਤ ਸੀਸ ਦੀਏ ਹੈਂ, ਇਨ੍ਹਾਂ ਸਭਨਾਂ ਉੱਚ ਪਦਵੀ ਪਾਈ ਹੈ। ਆਜ ਮਾਘ ਕੀ ਸੰਕਰਾਂਤ ਕਾ ਦਿਨ ਹੈ ਜਿਹੜਾ ਸਿੱਖ ਸਿਖਣੀ ਏਸ ਦਿਨ ਏਸ ਮੁਕਤ ਸਰੋਵਰ ਮੇਂ ਇਸ਼ਨਾਨ ਕਰੇ, ਉਸ ਅਠਾਹਠ ਤੀਰਥੋਂ ਕਾ ਫਲ ਪ੍ਰਾਪਤ ਹੋਗਾ।" ਇੰਝ ਗੁਰੂ ਸਾਹਿਬ ਬਚਨ ਬਿਲਾਸ ਕਰਦੇ ਸਾਰਾ ਦਿਨ ਬੀਤ ਗਿਆ। ਰਾਤ ਸਮੇਂ ਸਿੱਖਾਂ ਗੁਰੂ ਜੀ ਦਾ ਹੁਕਮ ਸੁਣ ਕੇ ਅੰਗੀਠੇ ਦੇ ਚਾਰੇ ਪਾਸਿਆਂ ਆਸਨ ਲਗਾਏ।

ਅੰਮ੍ਰਿਤ ਵੇਲੇ 'ਸ੍ਰੀ ਆਸਾ ਦੀ ਵਾਰ ਦੇ ਕੀਰਤਨ ਉਪਰੰਤ ਭਾਈ ਦਾਨ ਸਿੰਘ ਆਦਿ ਸਿੱਖਾਂ ਗੁਰੂ ਜੀ ਦਾ ਬਚਨ ਸੁਣ ਕੇ ਅੰਗੀਠੇ ਉੱਪਰ ਮਿੱਟੀ ਪਾਈ। ਫਿਰ ਤਿਆਰੀ ਦਾ ਹੁਕਮ ਹੋਇਆ। ਖਿਦਰਾਣਾ ਵਾਸੀ ਸਿੱਖ ਸੰਗਤਾਂ ਬੇਨਤੀ ਕਰ ਕੇ ਗੁਰੂ ਸਾਹਿਬ ਨੂੰ ਆਪਣੇ ਪਿੰਡ ਲੈ ਗਈਆਂ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਬਚਨ ਕੀਤਾ- ਭਾਈ ਸਿੱਖੋ । ਸਾਡੇ ਪਿੱਛੋਂ ਅੰਗੀਠਾ ਫੋਲਨਾ ਨਹੀਂ। ਇਸ 'ਤੇ ਹੋਰ ਮਿੱਟੀ ਪਾ ਕੇ ਥੜਾ ਬਣਾ ਦੇਣਾ। ਇਸ ਵਿੱਚ ਤੁਹਾਡੀ ਮੁਕਤੀ ਹੈ। ਸਮਾਂ ਪਾ ਕੇ ਮੇਰਾ ਇਕ ਸਿੱਖ ਆਏਗਾ ਜੋ ਇਨ੍ਹਾਂ ਸ਼ਹੀਦਾਂ ਦਾ ਅਸਥਾਨ ਬਣਾਏਗਾ . ਅੱਜ ਤੋਂ ਸਿੱਖ ਸੰਗਤਾਂ ਚਾਲੀ ਮੁਕਤਿਆਂ ਦਾ ਨਾਂ ਦੋਵੇਂ ਵੇਲੇ ਦੀ ਅਰਦਾਸ ਵਿੱਚ ਲਵੇਗੀ।"

ਸਮਾਂ ਗੁਜ਼ਰਨ ਤੋਂ ਬਾਅਦ ਭਾਈ ਲੰਗਰ ਸਿੰਘ ਹਰੀਕੇ ਕਲਾਂ ਨੇ ਇਹ ਸ਼ਹੀਦੀ ਅਸਥਾਨ ਬਣਾਇਆ। 17 ਸਦੀ ਦੇ ਅੰਤਲੇ ਮਹੀਨੇ ਤੋਂ ਅੰਮ੍ਰਿਤਸਰ ਵਾਸੀ ਸੰਗਤ ਦੇ ਉੱਦਮ ਨਾਲ ਮਾਘੀ ਦੇ ਦੀਵਾਨ ਮਨਾਉਣ ਦੀ ਸ਼ੁਰੂਆਤ ਹੋਈ। ਇਹ ਸੀ ਸਿੱਖ ਤਵਾਰੀਖ ਦਾ ਲਹੂ ਨਾਲ ਲਬਰੇਜ਼ ਵਰਕਾ, ਜੋ ਚਾਲੀ ਮੁਕਤਿਆਂ ਦੀ ਸੂਰਮਗਤੀ ਦੀ ਦਾਸਤਾਨ ਪੇਸ਼ ਕਰਦਾ ਹੈ।

**"ਸ਼ਹੀਦ ਕੀ ਜੋ ਮੌਤ ਹੈ**
**ਵੋਹ ਕੌਮ ਕੀ ਹਿਆਤ ਹੈ।**

-ਡਾ ਜਸਬੀਰ ਸਿੰਘ ਸਰਨਾ
ਮੋ. : 990656664

# ਭਾਈ ਮਰਦਾਨਾ ਜੀ



ਗੁਰੂ ਨਾਨਕ ਨਾਮ ਲੇਵਾ ਸਿੱਖਾਂ ਵਿੱਚ ਜੋ ਮਾਣ ਸਤਿਕਾਰ ਅਤੇ ਪ੍ਰਸਿਧੀ ਭਾਈ ਮਰਦਾਨੇ ਨੂੰ ਮਿਲੀ ਉਹ ਕਿਸੀ ਹੋਰ ਦੇ ਹਿਸੇ ਨਹੀ ਆਈ। ਭਾਈ ਮਰਦਾਨਾ ਗੁਰੂ ਜੀ ਦਾ ਪਹਿਲਾ ਰਬਾਬ ਸਾਥੀ ਸੀ। ਵੈਸੇ ਸਾਥੀ ਤਾਂ ਆਪਦੇ ਹੋਰ ਵੀ ਕਈ ਸਨ ਪਰ ਭਾਈ ਮਰਦਾਨਾ ਉਨ੍ਹਾਂ ਦੀ ਨਜ਼ਰ ਵਿੱਚ ਉਤਮ ਤੇ ਪਰਵਾਨ ਸਾਥੀ ਸੀ। ਇਕ ਸਾਥੀ ਦੇ ਤੌਰ ਤੇ ਗੁਰੂ ਬਾਬੇ ਨੂੰ ਭਾਈ ਮਰਦਾਨਾ ਹੀ ਸਰਬ-ਸ੍ਰੇਸਟ ਨਜ਼ਰੀ ਆਇਆ ਤੇ ਭਾਈ ਮਰਦਾਨੇ ਨੂੰ ਇਕ ਸਾਥੀ ਦੇ ਤੌਰ ਤੇ ਕੇਵਲ ਗੁਰੂ ਨਾਨਕ ਦੇਵ ਜੀ ਹੀ ਸਰਬ ਉਤਮ ਮਹਿਸੂਸ ਹੋਏ। ਦੋਹਾਂ ਵਿੱਚ ਭਾਵ, ਬੁੱਧੀ ਤੇ ਕਲਾ ਦੀ ਸਾਂਝ ਸੀ। ਜੇਕਰ ਗੁਰੂ ਨਾਨਕ ਦੇਵ ਜੀ ਕਿਸੇ ਸਾਧ ਸੰਤ, ਸਿੱਧ ਜੋਗੀ ਜਾਂ ਫਕੀਰ ਜਾਂ ਬੁੱਧੀਜੀਵੀਆਂ ਨਾਲ ਬੋਧਿਕ ਵਿਚਾਰ-ਵਟਾਂਦਰਾਂ ਕਰਦੇ ਤਾਂ ਸਾਥੀ ਮਰਦਾਨਾ, ਰਬਾਬੀ ਮਰਦਾਨਾ, ਬੋਧਿਕ ਵਾਦ ਵਿਵਾਦ ਵਿੱਚ ਸੰਗੀਤਕ ਧੁਨ ਛੇੜਦੇ, ਪੂਰੇ ਵਾਤਾਵਰਣ ਨੂੰ ਰਸ ਮਈ ਬਣਾਕੇ, ਗੁਰੂ ਨਾਨਕ ਪਾਤਸ਼ਾਹ ਨੂੰ ਸਾਰਿਆਂ ਦੇ ਦਿਲਾਂ ਵਿੱਚ ਨਵੇਕਲੀ ਥਾਂ ਦੇਣ ਵਿੱਚ ਸਹਾਇਕ ਹੁੰਦਾ। ਅਗਰ ਗੁਰੂ ਬਾਬਾ ਕਾਵਿ ਕਲਾ ਦੀਆਂ ਉਚ ਸਿੱਖਰਾਂ ਨੂੰ ਛੂਹਣਾ ਚਾਹੁੰਦੇ ਸਨ ਤਾਂ ਫਿਰ ਰਬਾਬੀ ਮਰਦਾਨੇ ਦੀ ਰਬਾਬ ਉਨ੍ਹਾਂ ਨੂੰ ਨਿਵੇਕਲੀ ਇਕਾਗਰਤਾ ਪ੍ਰਦਾਨ ਕਰਨ ਵਿੱਚ ਵਿਸ਼ੇਸ਼ ਕਾਰਨ ਬਣਦੀ ਸੀ। ਬੇਸ਼ਕ ਗੁਰੂ ਨਾਨਕ ਦੇਵ ਜੀ ਦੀ 'ਪ੍ਰਤਿਭਾ' ਭਾਵ, ਬੁੱਧੀ ਤੇ ਕਲਾ ਤਿੰਨੋਂ ਖੇਤਰਾਂ ਵਿੱਚ ਪੂਰਨ, ਪ੍ਰਬੀਨ ਤੇ ਪ੍ਰੋੜ ਸੀ ਪਰ ਭਾਈ ਮਰਦਾਨਾ ਗੁਰੂ ਬਾਬੇ ਦਾ ਅਤਿ ਪਿਆਰਾ, ਦਿੱਬ ਦ੍ਰਿਸ਼ਟੀ ਵਾਲਾ ਰਾਗ ਤੇ ਸਾਜਕਾਰੀ ਵਿੱਚ ਪ੍ਰਬੀਨ, ਹੁਕਮ ਬਰਦਾਰ, ਸਹਿਜ ਤੇ ਧੀਰਜ ਨਾਲ ਲਬਾ ਲਬ ਭਰਿਆ ਹੋਇਆ, ਸਬਰ ਤੇ ਸੰਤੋਖ ਰੱਖਣ ਵਾਲਾ, ਨਿਰਭੈ ਤੇ ਸੁਹਿਰਦ ਸਾਥੀ ਸੀ। ਇਸੇ ਲਈ ਇਕ ਲੰਮੇਂ ਸਮੇਂ ਤਕ ਉਹ ਗੁਰੂ ਬਾਬੇ ਦਾ ਸੰਗੀ ਸਾਥੀਂ ਬਣਿਆ ਰਿਹਾ।

ਮਰਦਾਨਾ ਸਮਾਜ ਲਈ ਨੀਚ ਜਾਤ ਦਾ ਮਿਰਾਸੀ ਸੀ ਜਾਂ

ਕਹਿ ਲਵੋ ਡੂਮਿ ਸੀ, ਕਿਉਂਕਿ ਉਸ ਨੂੰ ਗੁਰੂ ਨਾਨਕ ਦੇਵ ਜੀ ਦੀ ਛੂਹ ਪ੍ਰਾਪਤ ਸੀ, ਇਸ ਲਈ ਜਿਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੀ ਸ਼ਖਸੀਅਤ ਜਗਤ ਪ੍ਰਸਿਧੀ ਤੱਕ ਪਹੁੰਚ ਗਈ ਸੀ, ਕੁਝ ਇਸੇ ਤਰ੍ਹਾਂ ਹੀ ਰਬਾਬੀ ਮਰਦਾਨੇ ਦੀ ਸ਼ਖ਼ਸੀਅਤ ਵੀ ਸਰਬ ਭਾਵੀਂ ਹੋਣ ਦਾ ਰੁਤਬਾ ਪ੍ਰਾਪਤ ਕਰ ਗਈ। ਗੁਰੂ ਨਾਨਕ ਪਾਤਸ਼ਾਹ ਤੇ ਰਬਾਬੀ ਮਰਦਾਨਾ ਆਤਮਕ ਰੂਪ ਵਿੱਚ ਇਕ ਮਿਕ ਸਨ, ਉਸੀ ਤਰ੍ਹਾਂ ਮਰਦਾਨਾ ਤੇ ਉਸ ਦੀ ਰਬਾਬ ਆਤਮਕ ਤੌਰ ਤੇ ਇਕ ਸੁਰ ਸਨ। ਭਾਈ ਮਰਦਾਨਾ ਤੇ ਉਸ ਦੀ ਰਬਾਬ ਦੋਨੋਂ ਹੀ ਗੁਰੂ ਬਾਬੇ ਦੇ ਸੰਗੀ ਸਾਥੀ ਸਨ। ਇਸੇ ਕਰਕੇ ਰਬਾਬੀ ਮਰਦਾਨਾ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੁਰੂ ਕਵੀਆਂ ਵਾਂਗ, ਪ੍ਰਭੂ ਦਰਬਾਰ ਵਿੱਚ ਪਰਵਾਨ ਚੜ੍ਹ ਗਿਆ ਤੇ ਉਸ ਦੀ ਰਬਾਬ ਵੀ ਅੱਲਾ ਦੀ ਸੱਦ ਦਾ ਪੈਗਾਮ ਬਣ ਗਈ ਸੀ।

ਇਹ ਕਹਿਣਾ ਤਾਂ ਅਤਿ ਕਥਨੀ ਹੋਵੇਗੀ ਕਿ ਜਗਤ ਉਦਾਸੀਆਂ ਵਕਤ ਭਾਈ ਮਰਦਾਨਾ ਆਪ ਦਾ ਇਕੋ ਇਕ ਸਾਥੀ ਸੀ। ਬੇਸ਼ਕ ਆਪਦੇ ਹੋਰ ਵੀ ਕਈ ਸਾਥੀ ਹੋਣਗੇ ਪਰ ਭਾਈ ਮਰਦਾਨਾ ਇਕ ਐਸਾ ਰਬਾਬ ਸਾਥੀ ਸੀ, ਜੋ ਅੱਚਲ ਵਟਾਲੇ ਵਾਲੀ ਉਦਾਸੀ ਨੂੰ ਛੱਡਕੇ ਬਾਕੀ ਸਾਰੀਆਂ ਉਦਾਸੀਆਂ ਵਕਤ ਉਨ੍ਹਾਂ ਦਾ ਸੰਗੀ ਸਾਥੀ ਰਿਹਾ ਸੀ। ਮਰਦਾਨਾ ਆਪਣੇ ਅੰਤਮ ਸਮੇਂ 1534 ਈਸਵੀ ਤੱਕ ਗੁਰੂ ਬਾਬੇ ਦੇ ਨਾਲ ਕਰਤਾਰਪੁਰ ਸਾਹਿਬ ਵਿਖੇ ਹੀ ਟਿਕ ਗਿਆ ਸੀ। ਭਾਈ ਮਰਦਾਨਾ ਗੁਰੂ ਪਾਤਸ਼ਾਹ ਦਾ ਰਬਾਬੀ, ਕਾਵਯ ਤੇ ਸੰਗੀਤ ਦਾ ਪੂਰਾ ਪੂਰਾ ਮਾਹਿਰ ਤੇ ਦੇਸ਼ ਵਿਦੇਸ਼ ਦੀਆਂ ਉਦਾਸੀਆਂ ਵਕਤ, ਹੋਰ ਕੋਈ ਬਾਬੇ ਦੇ ਨਾਲ ਹੋਵੇ ਜਾ ਨਾਂ ਹੋਵੇ ਪਰ ਭਾਈ ਮਰਦਾਨਾ ਜਰੂਰ ਹੁੰਦਾ ਸੀ। ਇਸ ਤਰ੍ਹਾਂ ਮਰਦਾਨਾ ਹਮੇਸ਼ਾ ਗੁਰੂ ਜੀ ਦੇ ਅੰਗ-ਸੰਗ ਰਹਿਣ ਵਾਲਾ ਮਰਦ ਜੀਉੜਾ ਸੀ। ਇਸੇ ਲਈ ਪ੍ਰਸਿੱਧ ਕਵੀ ਭਾਈ ਗੁਰਦਾਸ ਭੱਲੇ ਨੇ ਆਪਣੀ ਪ੍ਰਸਿੱਧ ਪੁਸਤਕ 'ਵਾਰਾਂ ਗਿਆਨ ਰਤਨਾਵਲੀ' ਵਿੱਚ ਭਾਈ ਮਰਦਾਨੇ ਨੂੰਬੜੇ ਮਾਣ ਸਤਿਕਾਰ ਸਹਿਤ ਉਨ੍ਹਾਂ ਦੋ ਵਾਰਾਂ, ਖਾਸ ਕਰਕੇ ਪਹਿਲੀ ਤੇ ਗਿਆਰਵੀਂ ਵਾਰ ਜਿਨ੍ਹਾਂ ਵਿੱਚ ਉਨ੍ਹਾਂ ਗੁਰੂ ਨਾਨਕ ਦੇਵ ਜੀ ਦੇ ਸਿੱਖਾਂ ਦਾ ਵਰਨਣ ਕੀਤਾ ਹੈ। ਜਿਥੇ ਉਨ੍ਹਾਂ ਦੋਨ੍ਹਾਂ ਵਾਰਾਂ ਵਿੱਚ ਭਾਈ ਮਰਦਾਨੇ ਦਾ ਜ਼ਿਕਰ ਕੀਤਾ ਹੈ, ਉਥੇ ਭਾਈ ਬਾਲੇ ਦਾ ਇਕ ਵਾਰ ਵੀ ਜ਼ਿਕਰ ਨਹੀਂ ਮਿਲਦਾ ਪਰ ਭਾਈ ਰਬਾਬੀ ਮਰਦਾਨੇ ਨੂੰ ਹੇਠ ਲਿਖੇ ਸ਼ਬਦਾਂ ਵਿੱਚ ਮਾਣ ਤੇ ਸਤਿਕਾਰ ਦਿੰਦੇ ਹਨ।

**ਫਿਰਿ ਬਾਬਾ ਗਿਆ ਬਗਦਾਦ ਨੋ**
**ਬਾਹਰਿ ਜਾਇ ਕੀਆ ਅਸਥਾਨਾ।**
**ਇਕ ਬਾਬਾ ਅਕਾਲ ਰੂਪ**
**ਦੂਜਾ ਰਬਾਬੀ ਮਰਦਾਨਾ। (ਵਾਰ 1)**
**ਭਲਾ ਰਬਾਬ ਵਜਾਇੰਦਾ ਮਜਲਸ ਮਰਦਾਨਾ ਮੀਰਾਸੀ।**
**(ਵਾਰ 11)**

ਰਬਾਬੀ ਮਰਦਾਨਾ ਦਾ ਜਨਮ 1459 ਈਸਵੀ ਨੂੰਰਾਏ ਭੋਇ ਦੀ ਤਲਵੰਡੀ (ਨਨਕਾਣਾ ਸਾਹਿਬ, ਪਾਕਿਸਤਾਨ) ਵਿਖੇ ਪਿਤਾ ਮੀਰ ਬਦਰ ਅਤੇ ਮਾਤਾ ਬੀਬੀ ਲੱਖੋ ਦੇ ਘਰ ਹੋਇਆ। ਆਪ ਗੁਰੂ ਨਾਨਕ ਦੇਵ ਜੀ ਤੋਂ ਕੋਈ 10 ਕੁ ਵਰ੍ਹੇ ਵੱਡੇ ਸਨ।[1] ਆਪ ਜੀ ਦੇ ਮਾਤਾ ਪਿਤਾ ਨੇ ਇਨ੍ਹਾਂ ਦਾ ਨਾਮ ਮਰਜਾਣਾ ਰੱਖਿਆ ਕਿਉਂਕਿ ਇਨ੍ਹਾਂ ਦੇ ਪਹਿਲਾ 6 ਬੱਚੇ ਮਰ ਗਏ ਸਨ ਤੇ ਉਹ ਸਮਝਦੇ ਸਨ ਕਿ ਇਸ ਨੇ ਵੀ ਮਰ ਜਾਣਾ ਹੈ, ਪਰ ਗੁਰੂ ਨਾਨਕ ਸਾਹਿਬ ਨੇ ਇਸ ਮਰਜਾਣੇ ਨੂੰ ਹੱਥ ਰਬਾਬ ਫੜਾਕੇ ਮਰਦਾਨਾ ਬਣਾ ਦਿੱਤਾ। ਆਪ ਜੀ ਦਾ ਪਰਵਾਰ ਮਿਰਾਸੀ ਸੀ, ਜੋ ਗਾ-ਵਜਾਕੇ, ਜ਼ਜਮਾਨਾ ਦੇ ਉਸਤਤੀ ਗਾਨ ਕਰਕੇ ਆਪਣੀ ਅਰਥ ਸੰਤੁਸ਼ਟੀ ਕਰਦੇ ਸਨ। ਜਿਸ ਮਰਾਸੀ ਖ਼ਾਨਦਾਨ ਨਾਲ ਰਬਾਬੀ ਮਰਦਾਨੇ ਦਾ ਸੰਬੰਧ ਸੀ, ਉਹ ਆਪਣੇ ਸਮੇਂ ਦੇ ਨਾਮੀ ਮਿਰਾਸੀ ਸਨ ਤੇ ਗੁਰੂ ਨਾਨਕ ਦੇ ਪਿਤਾ ਮਹਿਤਾ ਕਾਲੂ ਜੀ ਉਨ੍ਹਾਂ ਦੇ ਜਜਮਾਨ ਸਨ। ਇਸ ਕਰਕੇ ਮੀਰ ਬਦਰੇ ਦਾ ਮਹਿਤਾ ਕਾਲੂ ਜੀ ਦੇ ਘਰ ਕਾਫੀ ਆਉਣਾ ਜਾਣਾ ਰਹਿੰਦਾ ਸੀ।

ਮਰਦਾਨਾ ਜੀ ਨੂੰ ਸੁਰੀਲਾ ਗਲਾ ਰੱਬ ਦੀ ਦੇਣ ਸੀ, ਆਪ ਜੀ ਦੇ ਪਿਤਾ ਭਾਈ ਬਦਰੇ ਜੀ ਵੀ ਰਾਗ ਵਿਦਿਆ ਦੇ ਮਾਹਿਰ ਸਨ। ਇਸ ਤਰ੍ਹਾਂ ਮਰਦਾਨਾ ਜੀ ਨੂੰ ਸੁਰੀਲਾ ਗਲਾ ਤੇ ਰਾਗ ਵਿਦਿਆ ਦੋਵੇਂ ਪ੍ਰਾਪਤ ਸਨ। ਗੁਰੂ ਨਾਨਕ ਦੇਵ ਜੀ ਨੇ ਬਚਪਨ ਵਿੱਚ ਮਰਦਾਨਾ ਜੀ ਦੀ ਮਾਂ ਲੱਖੋ ਨੂੰ ਕਿਹਾ ਸੀ ਕਿ 'ਕਵੀ ਤੇ ਮਰਾਸੀ ਦੋਵੇ ਮਰਦ ਮਰਦਾਨੇ ਹੁੰਦੇ ਹਨ।' ਇਸ ਤਰ੍ਹਾਂ ਗੁਰੂ ਜੀ ਨੇ ਬਾਲ ਅਵਸਥਾ ਵਿੱਚ ਹੀ ਮਰਾਸੀ ਨੂੰ ਮਰਦਾਨਾ ਬਣਾ ਦਿੱਤਾ ਸੀ। ਮਰਦਾਨਾ ਕਿਉਂਕਿ ਮੂਲ ਰੂਪ ਵਿੱਚ ਮਰਾਸੀ ਸੀ ਇਸ ਲਈ ਰਾਗਕਾਰੀ ਦਾ ਤੋਹਫਾ ਤਾਂ ਉਸ ਨੂੰ ਵਿਰਸੇ ਵਿਚੋਂ ਹੀ ਪ੍ਰਾਪਤ ਹੋ ਗਿਆ ਸੀ ਤੇ ਕਿਉਂਕਿ ਵੱਡੇ ਵਡੇਰੇ ਵੀ ਮਿਰਾਸੀ ਸਨ ਤੇ ਅਰਥ ਸੰਤੁਸ਼ਟੀ ਵਾਸਤੇ ਰਾਗਕਾਰੀ ਨੂੰ ਹੀ ਮੁੱਖ ਆਧਾਰ ਮੰਨਦੇ ਸਨ। ਸੋ ਇਸ ਤਰ੍ਹਾਂ ਦੇ ਮਿਰਾਸੀ ਤੇ ਰਾਗਕਾਰੀ ਦੇ ਵਾਤਾਵਰਣ ਵਿੱਚ

ਜੰਮ-ਪਲ ਕੇ ਮਰਦਾਨਾ ਨੂੰ ਰਾਗਾਤਮਿਕ-ਸੂਝ ਸਹਿਜ ਸੁਭਾਵਕ ਹੀ ਪ੍ਰਾਪਤ ਹੋ ਗਈ। ਦੂਸਰਾ ਮਰਦਾਨਾ ਜੀ ਨੂੰਰਾਗਕਾਰੀ ਦਾ ਛੋਟੀ ਉਮਰ ਤੋਂ ਹੀ ਬਹੁਤ ਸ਼ੌਂਕ ਸੀ ਤੇ ਇਸ ਤਰ੍ਹਾਂ ਮਰਦਾਨਾ ਜੀ ਦੀ ਦਿਲਚਸਪੀ ਰਾਗਕਾਰੀ ਵਲ ਵਧੇਰੇ ਸੀ।

ਜਵਾਨ ਹੋਣ ਤੱਕ ਤਾਂ ਮਰਦਾਨੇ ਨੇ ਪਰੰਪਰਾਗਤ ਮਿਰਾਸੀਆਂ ਵਾਂਗ ਆਪਣਾ ਸਾਜ 'ਰਬਾਬ' ਬਣਵਾ ਕੇ, ਲੋਕ ਘਰਾਂ ਵਿੱਚ ਰਾਗਕਾਰੀ ਦੇ ਕਰਤੱਵ ਦਿਖਾਕੇ, ਆਪਣੀ ਤੇ ਆਪਣੇ ਪਰਿਵਾਰ ਦੀ ਆਰਥਕ ਸੰਤੁਸ਼ਟੀ ਦਾ ਹਲ ਵੀ ਲੱਭ ਲਿਆ ਸੀ। ਬੇਸ਼ਕ ਰਾਗਕਾਰੀ ਮਰਦਾਨੇ ਦਾ ਕਿੱਤਾ ਸੀ, ਪਰ ਉਸ ਵਿੱਚ ਦੈਵੀ ਤੇ ਕੋਮਲ-ਭਾਵਾਂ ਦੀ ਹੋਂਦ ਵੀ ਸੀ। ਇਸੇ ਕਰਕੇ ਤਲਵੰਡੀ ਵਿੱਚ ਮਰਦਾਨਾ ਦੀ ਰਾਗਾਤਮਿਕ ਸੂਝ, ਦੈਵੀ ਤੇ ਕੋਮਲ ਭਾਵੀ, ਨਾਲ ਭਰਪੂਰ ਸ਼ਖਸੀਅਤ ਦਾ ਵੀ ਪ੍ਰਭਾਵ ਪੈ ਚੁੱਕਾ ਸੀ।

ਭਾਈ ਮਰਦਾਨੇ ਦਾ ਵਿਆਹ ਕਦੋਂ ਤੇ ਕਿਸ ਸੰਨ ਵਿਚ ਹੋਇਆ ਇਸ ਦਾ ਕੁਝ ਖ਼ਾਸ ਪਤਾ ਨਹੀ ਲਗਦਾ। ਉਸ ਦੀ ਪਤਨੀ ਦਾ ਨਾਮ ਵੀ ਸਾਖੀਕਾਰਾਂ ਨੇ ਨਹੀ ਦਿੱਤਾ। ਮਰਦਾਨਾ ਖੁਦ ਵੀ ਜਦੋਂ ਗੁਰੂ ਪਾਤਸ਼ਾਹ ਨਾਲ ਗਲ ਕਰਦਾ ਹੈ ਤਾਂ ਉਹ ਆਪਣੀ ਪਤਨੀ ਲਈ 'ਮਰਾਸਣ' ਸ਼ਬਦ ਹੀ ਵਰਤੋਂ ਵਿਚ ਲਿਆਉਂਦਾ ਹੈ। ਇਕ ਵਾਰੀ ਮਜ਼ਾਕ ਵਿੱਚ ਗੁਰੂ ਸਾਹਿਬ ਨੂੰ ਕਹਿੰਦਾ ਹੈ ਅਜੇ ਤਾਂ ਮੈਂ ਆਪਣੀ ਮਰਾਸਣ ਨੂੰ ਦਿਲ ਭਰਕੇ ਦੇਖਿਆ ਵੀ ਨਹੀ। ਸਾਖੀਕਾਰਾਂ ਨੇ ਮਰਦਾਨਾ ਜੀ ਦੇ ਗੁਰੂ ਸਾਹਿਬ ਨੂੰ ਮਿਲਣ ਵਕਤ ਉਨ੍ਹਾਂ ਦੇ ਤਿੰਨ ਬੱਚਿਆਂ ਦਾ ਵਰਨਣ ਕੀਤਾ ਹੈ। ਉਸ ਦੇ ਦੋ ਬੇਟੇ ਰਜਾਦਾ ਤੇ ਸਜਾਦਾ ਅਤੇ ਇਕ ਬੇਟੀ (ਕਈ ਥਾਂਵਾਂ ਤੇ ਕਾਕੀ ਕਰਕੇ ਵੀ ਲਿਖਿਆ ਹੈ ਜਿਸ ਦੇ ਨਾਮ ਦਾ ਵੀ ਪਤਾ ਨਹੀ ਲਗਦਾ) ਸਨ।

ਤਲਵੰਡੀ ਵਿਖੇ ਗੁਰੂ ਪਾਤਸ਼ਾਹ ਦੀ ਮਰਦਾਨੇ ਨਾਲ ਮੁਲਾਕਾਤ ਕਿਵੇਂ ਹੋਈ ਇਹ ਵੀ ਇਕ ਬੜੀ ਦਿਲਚਸਪ ਸਾਖੀ ਹੈ। ਇਕ ਵਾਰੀ ਗੁਰੂ ਨਾਨਕ ਦੇਵ ਜੀ ਇਕ ਬ੍ਰਿਛ ਹੇਠਾਂ ਆਰਾਮ ਕਰ ਰਹੇ ਸਨ ਕਿ ਕਿਸੇ ਪਾਸਿਉਂ ਰਬਾਬ ਵਜਾਉਣ ਦੀ ਅਵਾਜ਼ ਉਨ੍ਹਾਂ ਦੇ ਕੰਨਾ ਵਿੱਚ ਪਈ, ਉਹ ਉਠ ਕੇ ਰਬਾਬ ਵਜਾਉਣ ਵਾਲੇ ਕੋਲ ਗਏ ਤੇ ਪੁੱਛਿਆ, 'ਭਾਈ ਤੇਰਾ ਨਾਉਂ ਕਿਆ ਹੈ?' ਤਾਂ ਉਸ ਨੇ ਕਿਹਾ 'ਜੀ ਮੇਰਾ ਨਾਉਂ ਮਰਦਾਨਾ' ਮਿਰਾਸੀ ਲੋਕ ਆਖਦੇ ਹਨ। ਗੁਰੂ ਨਾਨਕ ਦੇਵ ਜੀ ਨੇ ਇਹ ਸੁਣਕੇ ਕਿਹਾ : 'ਤੂੰ ਰਬਾਬ ਭਲੀ ਵਜਾਇੰਦਾ ਹੈ, ਤੇ ਤੈਨੂੰ ਰਾਗਾਂ ਦੀ ਭਲੀ ਸੋਝੀ ਹੈ, ਪਰ ਜੇ ਤੂੰ ਅਸਾਂ ਦੀ ਸੰਗਤ ਕਰੇਂ ਤਾਂ ਇਹ ਰਾਗ ਸ਼ਬਦ ਪਾਇਕੈ ਗਾਵੈਂ ਤਾਂ ਤੇਰਾ ਦੀਨ ਦੁਨੀ ਵਿੱਚ ਉਧਾਰ ਕਰੀਏ' ਤਾਂ ਮਰਦਾਨੇ ਨੇ ਕਿਹਾ ਅਸੀ ਤਾਂ ਧਨੀ ਲੋਕਾਂ ਨੂੰ ਰਾਗ ਸੁਣਾ ਕੇ ਚਾਰ ਪੈਸੇ ਲਿਆਉਂਦੇ ਹਾਂ, ਆਪਣੇ ਧੀਆਂ ਪੁੱਤਰਾਂ ਦਾ ਦੁਨੀਆਂ ਵਿੱਚ ਗੁਜਰਾਨ ਕਰਦੇ ਹਾਂ। ਅਸੀ ਜੇ ਤੇਰੇ ਨਾਲ ਲੱਗਾਂਗੇ ਤਾਂ ਜੋ ਕੁਟੰਭੀ ਹੈਨਿ ਸੋ ਸਭ ਭੁੱਖ ਨਾਲ ਮਰ ਜਾਣਗੇ ਤੇ ਭੁੱਖਿਆਂ ਨਿਵਾਜ਼, ਰੋਜ਼ਾ ਵੀ ਨਹੀ ਹੋਵੇਗਾ। ਦੀਨ ਵੀ ਤੇ ਦੁਨੀ ਭੀ ਸਾਡੇ ਐਵੇ ਜਾਣਗੇ। ਤੁਸੀ ਉਦਾਰ ਕਿਸ ਤਰ੍ਹਾਂ ਕਰੋਗੇ?

ਇਹ ਸੁਣਕੇ ਸਾਹਿਬ ਨੇ ਬਚਨ ਕੀਤਾ ਮਰਦਾਨਿਆਂ, 'ਤੂੰ ਦਿਵਾਨਾ ਹੋਇਆ ਹੈਂ', ਸਭ ਦੀ ਪ੍ਰਤਿਪਾਲਣਾ ਈਸ਼ਵਰ ਕਰਦਾ ਹੈ। ਨਮਾਜ਼ ਤੇ ਰੋਜ਼ਾ ਖੁਦਾ ਦੇ ਘਰੋਂ ਬਖਸਿਸ਼ ਹੈ। ਖੁਦਾ ਦਾ ਘਰ ਮਹਾਪੁਰਸ਼ਾਂ ਦਾ ਰਿਦਾ ਹੈ, ਜਦ ਲੇਖਾ ਹੋਵੇਗਾ ਤਾਂ ਕਿਸੇ ਹਾਮੀ ਨਹੀ ਭਰਨੀ।' ਫਿਰ ਗੁਰੂ ਨਾਨਕ ਦੇਵ ਜੀ ਨੇ ਸਮਝਾਂਉਂਦੇ ਹੋਏ ਕਿਹਾ ਮਰਦਾਨਿਆ ਜੇ ਹੁਣ ਤੂੰ ਮਰਦਾਨਾ (ਸੂਰਮਾ) ਹੋਵੈਂ ਸ਼ਬਦ ਪਾਇਕੈ ਰਾਗ ਨੂੰ ਗਾਵੇਂ ਤਾਂ ਤੇਰਾ ਦੋਹਾਂ ਲੋਕਾਂ ਦਾ ਕਾਰਜ ਹੋਵੇਗਾ ਮਰਦਾਨਾ, ਮਰਦਾਨਾ ਬਣ ਧਰਤੀ ਦੇ ਲੋਕਾਂ ਨੂੰ ਸੋਧਣ ਲਈ ਗੁਰੂ ਨਾਨਕ ਜੀ ਨਾਲ ਹੋ ਉਠਿਆ। ਕੀਰਤਨ ਨੇ ਜਨਮ ਲੈ ਲਿਆ। ਬਾਬੇ ਦੇ ਸ਼ਬਦ ਤੇ ਮਰਦਾਨੇ ਦੀ ਰਬਾਬ ਨੇ ਉਹ ਕਰਾਮਾਤ ਕੀਤੀ ਜਿਸ ਦਾ ਬਦਲ ਅੱਜ ਤਕ ਸੰਸਾਰ ਨੂੰ ਨਹੀ ਲੱਭਾ। ਭਾਈ ਮਰਦਾਨਾ ਜੀ ਨੇ ਪੁਛਿਆ ਵੀ, 'ਬਾਬਾ, ਇਹ ਜੋ ਕੀਰਤਨ ਹਮ ਗਾਵਤੇ ਹੈਂ, ਇਹ ਹੀ ਸ਼ਬਦ ਹੈ, ਇਸੀ ਮਹਿ ਮੁਕਤ ਹੈ ਨਾਂ, ਉਹ ਸ਼ਬਦ ਕਿਛ ਅਵਰ ਤਾਂ ਨਹੀ।' ਗੁਰੂ ਬਾਬੇ ਨੇ ਕਿਹਾ: 'ਇਹੀ ਕੀਰਤ ਸ਼ਬਦ ਹੈ, ਕਿ ਗੁਰੂ ਕਹਤਾ ਹੈ ਸੁਣ। ਜੇ ਸੁਰਤਿ ਕਰਿ ਸਮਝੈ ਤਿਸ ਕੀ ਮੁਕਤੀ ਹੋਇ। ਸਾਈ ਕੀਰਤ, ਸਾਈ ਮੁਕਤ ਹੈ। ਇਹ ਕੀਰਤ ਅਰ ਮੁਕਤ ਇਕੋ ਹੈ।'

ਭਾਈ ਮਨੀ ਸਿੰਘ ਦੀ ਜਨਮ ਸਾਖੀ ਵਿੱਚ ਲਿਖਿਆ ਮਿਲਦਾ ਹੈ ਕਿ ਬਾਬੇ ਨਾਨਕ ਨੇ ਮਰਦਾਨੇ ਨੂੰ ਤਿੰਨ ਉਪਦੇਸ਼ ਦਿੱਤੇ :

1. ਕੇਸ ਨਹੀ ਕਟਾਉਣੇ।
2. ਪਿਛਲੀ ਰਾਤ ਜਾਗ ਕੇ ਸਤਿਨਾਮ ਦਾ ਜਾਪ ਕਰਨਾ।
3. ਆਇ ਗਏ ਸਾਧ-ਸੰਤ ਲੋੜਵੰਦ ਦੀ ਸੇਵਾ ਕਰਨੀ।

ਬਾਬੇ ਨਾਨਕ ਨੇ ਆਪਣੇ ਪਿਆਰ, ਅੱਪਣਤ ਤੇ ਉਪਦੇਸ਼ਾ ਨਾਲ ਮਰਦਾਨੇ ਦਾ ਦਿਲ ਜਿਤ ਲਿਆ। ਮਰਦਾਨਾ ਇਸ ਲਈ ਵੀ ਬਹੁਤ ਖੁਸ਼ ਸੀ ਕਿ ਬਾਬੇ ਨਾਲ ਰਹਿਣ ਕਰਕੇ ਉਸ ਨੂੰ ਅੱਗੋਂ ਮੰਗ

ਕੇ ਨਹੀ ਖਾਣਾ ਪਵੇਗਾ। ਡਾ. ਤ੍ਰਿਲੋਚਨ ਸਿੰਘ ਆਪਣੀ ਪੁਸਤਕ ਵਿੱਚ ਇਹ ਵੀ ਲਿਖਦੇ ਹਨ ਕਿ 'ਮਰਦਾਨੇ ਨੂੰ ਇਸ ਗੱਲ ਦੀ ਵੀ ਖੁਸ਼ੀ ਸੀ ਕਿ ਜਿਹੜੀ ਰੱਬੀ ਬਾਣੀ ਮਹਾਪੁਰਸ਼ਾਂ ਦੀ ਹੁਣ ਤਕ ਨੀਵੀਆਂ ਜਾਤਾਂ ਦੇ ਲੋਕ ਗਾ ਨਹੀ ਸਨ ਸਕਦੇ, ਹੁਣ ਉਹ ਗਾ ਸਕੇਗਾ ਤੇ ਬਾਬੇ ਦੀ ਸੰਗਤ ਵਿੱਚ ਉਸ ਦਾ ਰਸ ਵੀ ਮਾਣ ਸਕੇਗਾ।'[2] ਪਰ ਜਿਥੋਂ ਤਕ ਮਿਰਾਸੀਆਂ ਦਾ ਸਵਾਲ ਹੈ ਉਹ ਭਗਤਾਂ ਦੇ ਸ਼ਲੋਕ ਤੇ ਵਾਰਾਂ ਗਾਇਆ ਕਰਦੇ ਸਨ। ਮਿਹਰਬਾਨ ਵਾਲੀ ਜਨਮ ਸਾਖੀ ਵਿੱਚ ਵੀ ਲਿਖਿਆ ਮਿਲਦਾ ਹੈ ਕਿ ਮਰਦਾਨਾ ਤਲਵੰਡੀ ਵਿਚ ਰਹਿਣ ਵਾਲਾ ਮਿਰਾਸੀ ਤੇ ਰਬਾਬ ਵਜਾ ਕੇ ਕਬੀਰ ਤਰਲੋਚਨ, ਰਵਿਦਾਸ, ਨਾਮਾ, ਧੰਨਾ ਤੇ ਬੇਣੀ ਦੇ ਪਦੇ ਗਾਉਂਦਾ ਹੁੰਦਾ ਸੀ ਤੇ ਗੁਰੂ ਨਾਨਕ ਦੇਵ ਜੀ ਭਗਤ ਬਾਣੀ ਮਰਦਾਨੇ ਤੋਂ ਸੁਣਿਆ ਕਰਦੇ ਸਨ। ਮਰਦਾਨਾ, ਬਾਬੇ ਦੇ ਦਿਆਲੂਸੁਭਾ ਤੇ ਉਸ ਉਪਰ ਕੀਤੀ ਕ੍ਰਿਪਾ ਦ੍ਰਿਸ਼ਟੀ ਤੋਂ ਬੇਹਦ ਖੁਸ਼ ਸੀ ਤੇ ਆਖਣ ਲੱਗਾ,'ਬਾਬਾ ਨਾਨਕ ਤੂੰ ਤਾਂ ਬਹੁਤ ਵੱਡਾ ਮਹਾਪੁਰਸ਼ ਹੈ ਜੋ ਮੇਰੇ ਉਪਰ ਇਤਨੀ ਮੇਹਰ ਕੀਤੀ ਜੋ ਮੈਂ ਕਦੀ ਸੋਚ ਵੀ ਨਹੀ ਸਾਂ ਸਕਦਾ ਕਿ ਕੋਈ ਮੇਰੇ ਰਾਗ ਤੇ ਮੇਰੀ ਰਬਾਬ ਸੰਗੀਤ ਦੀ ਇਤਨੀ ਕਦਰ ਕਰੇਗਾ। ਅੱਜ ਤੁਸੀ ਕਿਤਨੀ ਵਡੀ ਪਦਵੀ ਦੇ ਰਹੇ ਹੋ ਇਸ ਹੁਨਰ ਨੂੰ ਤੁਸੀ ਵੱਡੇ ਖ਼ਾਨਦਾਨੀ ਲੋਕ। ਮੈਂ ਇਕ ਛੋਟਾ ਜਿਹਾ, ਨੀਚ, ਮਿਰਾਸੀ, ਮੇਰੀ ਕੀ ਹੈਸੀਅਤ ਕਿ ਮੈਂ ਆਪਦੇ ਬਰਾਬਰ ਖੜਾ ਹੋ ਸਕਾਂ।'

ਗੁਰੂ ਨਾਨਕ ਪਾਤਸ਼ਾਹ ਮਰਦਾਨੇ ਦੇ ਭੋਲੇਪਨ ਤੋਂ ਬਹੁਤ ਖੁਸ਼ ਹੋਏ ਤੇ ਕਹਿਣ ਲੱਗੇ ਭਾਈ ਇਹ ਜਾਤ-ਪਾਤ ਤੇ ਊਚ ਨੀਚ ਦੇ ਭਰਮ ਤਾਂ ਇਥੋਂ ਦੇ ਲੋਕਾਂ ਨੇ ਪਾ ਦਿੱਤੇ ਹਨ, ਰੱਬ (ਅੱਲਾ), ਨੇ ਤਾਂ ਹੱਡ, ਮਾਸ, ਨਾੜੀ ਦਾ ਸਰੀਰ ਜੇਹਾ ਮੇਰਾ ਬਣਾਇਆ ਹੈ, ਉਸੇ ਤਰ੍ਹਾਂ ਹੀ ਤੈਨੂੰ ਬਣਾਇਆ ਹੈ। ਰੱਬ ਨੇ ਮੇਰੇ ਅਤੇ ਤੇਰੇ ਦੋਨ੍ਹਾਂ ਵਿੱਚ ਆਪਣੀ ਜੋਤ ਇਕੋ ਜਹੀ ਜਗਾਈ ਹੈ। '**ਜਾਣਹੁ ਜੋਤਿ ਨਾ ਪੂਛਹੋ ਜਾਤੀ ਆਗੇ ਜਾਤਿ ਨਾ ਹੇ ॥**' ਹੇ ਮਰਦਾਨੇ ਅੱਲਾ ਨੇ ਤੈਨੂੰ ਬਹੁਤਿਆਂ ਤੋਂ ਚੰਗਾ ਬਣਾਇਆ ਹੈ ਕਿਉਂਕਿ ਤੈਨੂੰ ਸੁਰੀਲਾ ਗਲਾ ਤੇ ਰਾਗਾਂ ਦੀ ਸੋਝੀ ਦਿੱਤੀ ਹੈ। ਰਬਾਬ ਵਜਾਉਣ ਦਾ ਗੁਣ ਦਿੱਤਾ ਹੈ, ਸੋਹਣਾ ਸਰੀਰ ਦਿੱਤਾ ਹੈ ਤੇ ਸੰਤੋਖ ਦੀ ਬਖਸ਼ੀਸ਼ ਕੀਤੀ ਹੈ। ਤੂੰ ਸਮਾਜ ਦਾ ਢਾਡੀ ਤੇ ਮੈਂ ਰੱਬ ਦਾ ਢਾਡੀ ਆਪਣੇ ਵਿੱਚ ਕੋਈ ਬਹੁਤਾ ਫਰਕ ਨਹੀਂ, ਤੂੰ ਵੀ ਹੁਣ ਰੱਬ ਦਾ ਢਾਡੀ ਬਣ ਤੇਰੇ ਸਾਰੇ ਕੰਮ ਪੂਰੇ ਕਰੇਗਾ ਅੱਲਾ ਤਾਲਾ। ਇਸ ਤਰ੍ਹਾਂ ਪਹਿਲੀ ਮੁਲਾਕਾਤ ਤੋਂ ਬਾਦ, ਰਬਾਬੀ ਮਰਦਾਨਾ ਪਹਿਲਾਂ ਗੁਰੂ ਬਾਬੇ ਦਾ ਸਿੱਖ ਬਣਿਆ ਤੇ ਫੇਰ ਉਹ ਬਾਬੇ ਦਾ ਰੂਪ ਹੀ ਬਣ ਗਿਆ।

ਗੁਰੂ ਨਾਨਕ ਦੇਵ ਜੀ ਦੀ ਜੀਵਨੀ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਗੁਰੂ ਨਾਨਕ ਦੇਵ ਜੀ ਇਕਾਂਤ ਵਿੱਚ ਬੈਠ ਕੇ ਸਾਰਾ ਸਾਰਾ ਦਿਨ ਬਿਤਾ ਦਿੰਦੇ ਤੇ ਜਾਂ ਸੰਤਾਂ ਸਾਧੂਆਂ ਨਾਲ ਗਿਆਨ ਚਰਚਾ ਕਰਦੇ ਤੇ ਉਦਾਸ ਤੇ ਖਾਮੋਸ਼ ਰਹਿੰਦੇ, ਮਾਤਾ ਤ੍ਰਿਪਤਾ ਤੇ ਮਹਿਤਾ ਕਾਲੂ ਜੀ ਫਿਕਰ ਕਰਨ ਲੱਗੇ। ਰਾਏ ਬੁਲਾਰ ਨਾਲ ਸਲਾਹ ਕੀਤੀ ਤੇ ਸੋਚਿਆ ਨਾਨਕ ਦਾ ਵਿਆਹ ਕਰ ਦਈਏ ਤੇ ਸ਼ਾਇਦ ਇਸ ਦੀ ਉਦਾਸੀ ਕੁਝ ਦੂਰ ਹੋਵੇ ਤੇ ਦੁਨੀਆਂਦਾਰੀ ਦੇ ਧੰਦੇ ਵਿਚ ਪਵੇ। ਉਨ੍ਹਾਂ ਆਪਣੇ ਕੁਲ ਪਰੋਹਤ ਨੂੰ ਸੱਦਿਆ ਤੇ ਨਾਨਕ ਜੀ ਲਈ ਕੋਈ ਯੋਗ ਕੰਨਿਆ ਲੱਭਣ ਲਈ ਕਿਹਾ। ਪਰੋਹਤ ਯੋਗ ਕੰਨਿਆ ਦੀ ਭਾਲ ਵਿੱਚ ਰਾਵੀ ਦਰਿਆ ਦੇ ਪੂਰਵੀ ਕੰਢੇ ਪਿੰਡ ਪਖੋਕੇ ਰੰਧਾਵੇ (ਜਿਲਾ ਗੁਰਦਾਸਪੁਰ) ਪਹੁੰਚ ਗਿਆ। ਇਥੋਂ ਦਾ ਪਟਵਾਰੀ ਮੂਲਾ, ਜਾਤ ਦਾ ਚੋਨਾਂ ਖੱਤਰੀ ਸੀ। ਉਸ ਦੀ ਬੇਟੀ (ਘੁੰਮੀ) ਸੁਲੱਖਣੀ ਨਾਲ ਨਾਨਕ ਜੀ ਦੇ ਵਿਆਹ ਦੀ ਗੱਲ ਕਰ ਆਇਆ। ਸੁਲੱਖਣੀ ਮਾਪਿਆਂ ਦੀ ਇਕੋ ਇਕ ਬੱਚੀ ਸੀ ਤੇ ਮੂਲੇ ਦਾ ਕੋਈ ਹੋਰ ਬੱਚਾ-ਬੱਚੀ ਨਹੀ ਸਨ। ਰੀਤ ਅਨੁਸਾਰ ਮੂਲੇ ਦਾ ਭਰਾ ਤੇ ਚੋਨਿਆਂ ਦੇ ਪਰੋਹਤ ਰਾਏ ਭੋਇ ਦੀ ਤਲਵੰਡੀ ਆਏ ਤੇ ਨਾਨਕ ਜੀ ਦੀ ਕੁੜਮਾਈ ਕਰਕੇ ਵਿਆਹ ਦਾ ਦਿਨ ਨਿਯਤ ਕਰ ਗਏ, ਇਹ ਵੀ ਫੈਸਲਾ ਹੋਇਆ ਕਿ ਬਰਾਤ ਬਟਾਲੇ ਹੀ ਆਵੇਗੀ ਕਿਉਂਕਿ ਇਹ ਮੂਲੇ ਚੋਨੇ ਦਾ ਜੱਦੀ ਪਿੰਡ ਸੀ। ਮੂਲੇ ਦੇ ਪਿੰਡ ਜਿਥੇ ਉਸ ਦਾ ਘਰ ਸੀ ਉਥੇ ਅੱਜ ਕਲ ਗੁਰਦੁਆਰਾ ਡੇਰਾ ਸਾਹਿਬ ਹੈ ਅਤੇ ਜਿਥੇ ਵਿਆਹ ਹੋਇਆ ਉਥੇ ਗੁਰਦੁਆਰਾ ਕੰਧ ਸਾਹਿਬ ਸੁਭਾਇਮਾਨ ਹੈ।

ਬਰਾਤ ਵਾਪਸ ਤਲਵੰਡੀ ਆ ਗਈ। ਘਰ ਵਿਚ ਖੁਸ਼ੀਆਂ ਦਾ ਮਹੌਲ ਸੀ। ਵਧਾਈ ਦੇਣ ਆਇਆ ਨੂੰ ਪੈਸੇ ਤੇ ਬਸਤਰ ਦਿੱਤੇ ਗਏ। ਬਾਲੇ ਤੇ ਮਰਦਾਨੇ ਨੂੰ ਖਾਸ ਬਖਸ਼ਿਸ਼ਾਂ ਮਿਲੀਆਂ। ਭਾਈ ਮਰਦਾਨੇ ਨੂੰ ਨਾਨਕ ਜੀ ਨੇ ਆਪਣੇ ਵਿਆਹ ਵਾਲੇ ਕਪੜੇ ਦੇ ਦਿੱਤੇ। ਇਹ ਬੜੇ ਮਾਣ ਵਾਲੀ ਗਲ ਸੀ, ਮਰਦਾਨੇ ਵਾਸਤੇ। ਫਿਰ ਨਾਨਕ ਜੀ ਨੇ ਕਿਹਾ ਮਰਦਾਨਿਆਂ ਮੈਨੂੰ ਬਚਨ ਦੇ ਕਿ ਅੱਜ ਤੋਂ ਬਾਦ ਕਿਸੇ ਤੋਂ ਮੰਗੇਗਾ ਨਹੀਂ। ਦਾਤਾ ਅਕਾਲ ਪੁਰਖ ਸਭ ਨੂੰ ਦੇਣ ਵਾਲਾ ਹੈ ਜਿਸ ਚੀਜ਼ਦੀ ਲੋੜ ਹੋਵੇ ਮੈਨੂੰਦਸ, ਉਹ ਵਾਹਿਗੁਰੂ ਆਸਰੇ ਪੂਰੀ ਕਰਾਂਗਾ। ਮਰਦਾਨੇ ਨੇ ਬਚਨ ਦਿੱਤਾ ਅਤੇ ਗੁਰੂ

ਨਾਨਕ ਦੇਵ ਜੀ ਦੇ ਮਿਲਣ ਤੋਂ ਬਾਦ ਜੋ ਥੋੜਾ ਬਹੁਤ ਕਿਸੇ ਜਜਮਾਨ ਤੋਂ ਮੰਗ ਲੈਂਦਾ ਸੀ ਹੁਣ ਉਹ ਵੀ ਛੱਡ ਦਿੱਤਾ। ਜਨਮ ਤੋਂ ਬਾਦ ਗੁਰੂ ਨਾਨਕ ਦੇਵ ਜੀ ਕੋਈ 30-32 ਸਾਲ ਤਕ ਤਲਵੰਡੀ ਹੀ ਰਹੇ, ਤੇ ਇਥੇ ਹੀ ਸ੍ਰੀ ਚੰਦ ਅਤੇ ਲੱਖਮੀ ਦਾਸ ਦਾ ਜਨਮ ਹੋਇਆ।

ਗੁਰੂ ਜੀ ਤਲਵੰਡੀ ਵਿਖੇ ਸਵੇਰੇ ਅੰਮ੍ਰਿਤ ਵੇਲੇ ਤੇ ਸ਼ਾਮ ਨੂੰ ਆਪ ਜੀ ਕੀਰਤਨ ਕਰਦੇ, ਮਰਦਾਨਾ ਰਬਾਬ ਵਜਾਉਂਦਾ ਅਤੇ ਤਲਵੰਡੀ ਦੇ ਨੇੜੇ ਤੇੜੇ ਦੇ ਲੋਕ ਸਤਸੰਗ ਲਈ ਆਉਂਦੇ। ਆਪਣੀ ਖੇਤੀ ਵਾੜੀ ਦੀ ਸੰਭਾਲ ਕਰਦੇ, ਬਾਹਰੋ ਆਏ ਗਏ ਜਗਿਆਸੂ ਆਪ ਜੀ ਦੇ ਘਰ ਹੀ ਲੰਗਰ ਛੱਕਦੇ। ਸਵੇਰੇ ਉਠ ਕੇ ਗੁਰੂ ਸਾਹਿਬ ਉਸ ਅਕਾਲ ਪੁਰਖ ਦੀ ਯਾਦ ਵਿੱਚ ਜੁੜਦੇ ਤੇ ਫਿਰ ਕੀਰਤਨ ਤੋਂ ਬਾਦ ਦਿਨ ਵਕਤ ਖੇਤੀ ਦੇ ਕੰਮ ਵਿਚ ਜੁੜਦੇ। ਪਰ ਆਪ ਜੀ ਦਾ ਦੁਨਿਆਵੀ ਕੰਮਾਂ ਵਿੱਚ ਬਹੁਤ ਦਿਲ ਨਹੀ ਸੀ ਲਗਦਾ ਤੇ ਭਾਈ ਮਰਦਾਨੇ ਨੂੰ ਆਪਣੇ ਨਾਲ ਤੀਰਥਾਂ ਤੇ ਜਾਣ ਲਈ ਕਿਹਾ, ਅਜੇ ਆਪ ਦੇ ਵਿਆਹ ਨੂੰ ਕੁਝ ਹੀ ਸਮਾਂ ਹੋਇਆ ਸੀ। ਜਦੋਂ ਮਰਦਾਨੇ ਨੇ ਗੁਰੂਜੀ ਦੀ ਗੱਲ ਸੁਣੀ ਤਾਂ ਉਸ ਨੇ ਕਿਹਾ ਕਿ ਮੈਂ ਤੀਰਥਾਂ ਤੇ ਨਹੀ ਜਾ ਸਕਦਾ ਕਿਉਂਕਿ ਮੈਂ ਆਪਣੀ ਜੁਆਨ ਲੜਕੀ ਦਾ ਵਿਆਹ ਕਰਨਾ ਹੈ। ਫਿਰ ਵੀ ਆਪ ਜੀ ਨੇ ਇਕ ਦਿਨ ਆਪਣੇ ਪਿਤਾ ਜੀ ਨੂੰ ਕਿਹਾ ਕਿ ਮੈਂ ਤੀਰਥਾਂ ਤੇ ਜਾਣਾ ਚਾਹੁੰਦਾ ਹਾਂ ਇਸ ਦੀ ਆਗਿਆ ਦਿਓ। ਮਹਿਤਾ ਕਾਲੂ ਜੀ ਵੀ ਨਾ ਮੰਨੇ ਤੇ ਉਨ੍ਹਾਂ ਅੱਗੋਂ ਕਿਹਾ ਕਿ ਹੁਣੇ ਤੇਰਾ ਵਿਆਹ ਕੀਤਾ ਹੈ। ਬਹੁਤ ਉਮਰ ਪਈ ਹੈ, ਤੀਰਥ ਯਾਤਰਾ ਜਾਣ ਤੇ ਇਸ਼ਨਾਨ ਕਰਨ ਦੀ। ਇਹ ਗਲ ਸੁਣ ਕੇ ਗੁਰੂ ਜੀ ਚੁੱਪ ਕਰਕੇ ਬੈਠ ਗਏ। ਇਸ ਤੋਂ ਸਿੱਧ ਹੁੰਦਾ ਹੈ ਕਿ ਦੇਸ਼ ਰਟਨ ਦਾ ਵਿਚਾਰ ਤਲਵੰਡੀ ਵਿੱਚ ਹੀ ਉਤਪਨ ਹੋਇਆ ਜਿਸ ਦੀ ਪੂਰਤੀ ਵੇਈ ਪਰਵੇਸ਼ ਪਿਛੋਂ ਸੁਲਤਾਨਪੁਰ ਵਿਖੇ ਹੋਈ। ਗੁਰੂ ਨਾਨਕ ਦੇਵ ਜੀ ਦੀ ਇਕੋ ਇਕ ਭੈਣ ਸੀ ਜਿਸ ਦਾ ਨਾਮ ਬੀਬੀ ਨਾਨਕੀ ਸੀ, ਜਿਸ ਦਾ ਸੁਲਤਾਨਪੁਰ ਵਿਖੇ ਭਾਈਆ ਜੈ ਰਾਮ ਨਾਲ ਵਿਆਹ ਹੋਇਆ ਸੀ।

ਦੋਲਤ ਖ਼ਾਨ ਲੋਧੀ ਇਥੋਂ ਦਾ ਜਾਗੀਰਦਾਰ ਸੀ। ਗੁਰੂ ਨਾਨਕ ਦੇਵ ਜੀ ਦਾ ਬਹਿਨੋਈ, ਇਸੇ ਦੋਲਤ ਖ਼ਾਨ ਦਾ ਕਰਮਚਾਰੀ ਸੀ। ਜਦੋਂ ਜੈ ਰਾਮ ਜੀ ਨੂੰ ਪਤਾ ਲੱਗਾ ਕਿ ਨਾਨਕ ਜੀ ਦਾ ਕਿਸੀ ਕੰਮ ਵਿੱਚ ਦਿਲ ਨਹੀ ਲਗਦਾ ਤਾਂ ਉਨ੍ਹਾਂ ਮਹਿਤਾ ਜੀ ਨੂੰਕਹਿ ਕੇ ਗੁਰੂ ਨਾਨਕ ਦੇਵ ਜੀ ਨੂੰ ਸੁਲਤਾਨਪੁਰ ਹੀ ਬੁਲਾ ਲਿਆ, ਤੇ ਦੌਲਤ ਖਾਨ ਲੋਧੀ ਦੇ (ਪਾਸ) ਮੋਦੀਖ਼ਾਨੇ ਦਾ ਮੋਦੀ ਲਗਵਾ ਦਿੱਤਾ। ਇਥੇ ਗੁਰੂ ਨਾਨਕ ਦੇਵ ਜੀ ਦਾ ਕੰਮ ਅਨਾਜ ਤੋਲ ਕੇ ਦੇਣਾ ਤੇ ਅਨਾਜ ਦਾ ਹਿਸਾਬ ਕਿਤਾਬ ਰੱਖਣਾ ਹੁੰਦਾ ਸੀ। ਗੁਰੂ ਸਾਹਿਬ ਬੜੀ ਮੇਹਨਤ ਨਾਲ ਕੰਮ ਕਰਕੇ ਦਿਨ ਦਾ ਹਿਸਾਬ-ਕਿਤਾਬ ਪੂਰਾ ਕਰਕੇ ਹੀ ਆਪ ਜੀ ਰਾਤ ਨੂੰ ਘਰ ਜਾਂਦੇ ਤੇ ਅਰਾਮ ਕਰਦੇ ਸਨ। ਇਸ ਮੋਦੀਖ਼ਾਨੇ ਦੀ ਜਗ੍ਹਾ ਅੱਜ ਕਲ ਗੁਰਦੁਆਰਾ ਹੱਟ ਸਾਹਿਬ ਹੈ। ਉਥੇ ਕੁਝ ਤੋਲਣ ਵਾਲੇ ਵੱਟੇ ਵੀ ਪਏ ਹਨ ਤੇ ਗੁਰੂ ਸਾਹਿਬ ਦੇ ਵਕਤ ਦੇ ਦੱਸੇ ਜਾਂਦੇ ਹਨ। ਗੁਰੂ ਸਾਹਿਬ ਬੜੀ ਇਮਾਨਦਾਰੀ ਨਾਲ ਕੰਮ ਕਰਦੇ ਤੇ ਪੂਰਾ ਤੋਲਦੇ, ਆਪ ਜੀ ਨੇ ਦਹਿਨੀਮੀ (ਵੰਡੇ ਅਨਾਜ ਦਾ ਦਸਵਾ ਹਿਸਾ) ਲੈਣੀ ਵੀ ਬੰਦ ਕਰ ਦਿੱਤੀ, ਲੋਕ ਬਹੁਤ ਖੁਸ਼ ਸਨ ਕਿ ਉਨ੍ਹਾਂ ਨੂੰ ਪੂਰਾ ਅਨਾਜ ਮਿਲਦਾ ਹੈ ਤੇ ਇਸ ਚੋਂ ਦਹਿਨੀਮੀ ਵੀ ਨਹੀ ਕੱਟੀ ਜਾਂਦੀ। ਅਨਾਜ ਲੈਣ ਵਾਲੇ ਬਹੁਤ ਖੁਸ਼ ਸਨ ਤੇ ਉਹ ਸਾਰੇ ਗੁਰੂ ਨਾਨਕ ਦੇਵ ਜੀ ਦੀ ਉਸਤਤ ਕਰਨ ਲੱਗ ਪਏ। ਇਸ ਤਰ੍ਹਾਂ ਹਰ ਪਾਸੇ ਗੁਰੂ ਨਾਨਕ ਦੇਵ ਜੀ ਦੀ ਮਹਿਮਾ ਫੈਲ ਗਈ।

ਮੋਦੀਖ਼ਾਨੇ, ਗੁਰੂ ਸਾਹਿਬ ਦੇ ਚੰਗੇ ਸੁਭਾਅ ਨੂੰ ਦੇਖ ਕੇ ਕੁਝ ਫਕੀਰ ਤੇ ਸਾਧੂ ਸੰਤ ਵੀ ਆਉਣ ਲੱਗੇ। ਗੁਰੂਜੀ ਇਨ੍ਹਾਂ ਨੂੰ ਆਪਣੇ ਨਾਲ ਲਿਜਾ ਕੇ ਉਨ੍ਹਾਂ ਦਾ ਰੋਜ਼ੀਨਾ (ਰੋਜ਼ ਅਨਾਜ ਮਿਲਣ ਦੀ ਮਿਕਦਾਰ) ਨੀਅਤ ਕਰਵਾ ਦਿੰਦੇ। ਇਸ ਤਰ੍ਹਾਂ ਇਹ ਸਾਧ ਸੰਤ ਨਾਨਕ ਜੀ ਦੀ ਬਹੁਤ ਤਾਰੀਫ ਕਰਦੇ ਤੇ ਨਾਨਕ ਜੀ ਦੀ ਪ੍ਰਭੂਤਾ ਚਾਰੇ ਪਾਸੇ ਫੈਲ ਗਈ। ਗੁਰੂ ਸਾਹਿਬ ਦੀ ਪ੍ਰਭੂਤਾ ਨੂੰ ਦੇਖਕੇ ਕੁਝ ਈਰਖਾਲੂ ਲੋਕਾਂ ਨੇ ਦੌਲਤ ਖਾਨ ਪਾਸ ਚੁਗਲੀ ਵੀ ਕੀਤੀ, ਕਿ ਨਾਨਕ ਮੋਦੀਖ਼ਾਨਾ ਸੰਤਾ ਸਾਧਾਂ ਨੂੰ ਲੁਟਾ ਰਿਹਾ ਹੈ, ਪਰ ਜਦੋਂ ਹਿਸਾਬ ਕੀਤਾ ਤਾਂ ਹਿਸਾਬ ਪੂਰਾ ਸੀ ਤੇ ਈਰਖਾਲੂ ਲੋਕ ਝੂਠੇ ਸਾਬਤ ਹੋਏ।

ਗੁਰੂ ਨਾਨਕ ਦੇਵ ਜੀ ਦੀ ਖੁਲ੍ਹਦਿਲੀ ਦੀਆਂ ਖਬਰਾਂ ਤਲਵੰਡੀ ਵੀ ਪਹੁੰਚ ਗਈਆਂ। ਅਗਰ ਤਲਵੰਡੀ ਤੋਂ ਕੋਈ ਲੋੜਵੰਦ ਆਉਂਦਾ ਤਾਂ ਉਸ ਦਾ ਵੀ ਆਪ ਜੀ ਅਲੂਫਾ ਲਵਾ ਦਿੰਦੇ ਉਹ ਲੋਕ ਤਲਵੰਡੀ ਜਾਕੇ ਗੁਰੂ ਨਾਨਕ ਜੀ ਦੀ ਫ਼ਰਾਖ ਦਿਲੀ ਦੀ ਪ੍ਰਸ਼ੰਸਾ ਕਰਦੇ। ਜਦੋਂ ਬਾਬੇ ਨਾਨਕ ਦੀਆਂ ਇਹ ਗੱਲਾਂ ਮਰਦਾਨਾ ਸੁਣਦਾ ਤਾਂ ਉਸ ਦਾ ਵੀ ਦਿਲ ਕਰੇ ਕਿ ਮੈਂ ਵੀ ਸੁਲਤਾਨਪੁਰ ਜਾਵਾਂ ਤੇ ਗੁਰੂ ਬਾਬੇ ਨੂੰ ਮਿਲਾਂ। ਅਚਾਨਕ ਹੀ ਮਹਿਤਾ ਕਾਲੂ ਜੀ ਨੇ ਮੀਰ ਬਦਰਾ ਜੋ ਉਨ੍ਹਾਂ ਦੇ ਘਰ ਦਾ ਮਿਰਾਸੀ ਸੀ, ਨੂੰ ਕਿਹਾ ਕਿ

ਉਹ ਆਪਣੇ ਪੁੱਤਰ ਮਰਦਾਨੇ ਨੂੰ ਕਹਿਣ ਕੇ ਸੁਲਤਾਨਪੁਰ ਜਾਕੇ ਨਾਨਕ ਦਾ ਸੁਖ ਸੁਨੇਹਾ ਲੈ ਆਵੇ। ਜਦੋਂ ਭਾਈ ਬਦਰੇ ਨੇ ਮਰਦਾਨੇ ਨੂੰ ਮਹਿਤਾ ਕਾਲੂ ਵਲੋਂ ਇਹ ਕੰਮ ਸੌਂਪਿਆ ਤਾਂ ਮਰਦਾਨਾ ਬਹੁਤ ਖੁਸ਼ ਹੋਇਆ ਕਿਉਂਕਿ ਮਰਦਾਨਾ ਤਾਂ ਪਹਿਲਾਂ ਹੀ ਇਹ ਚਾਹੁੰਦਾ ਸੀ ਕਿ ਗੁਰੂ ਨਾਨਕ ਪਾਸ ਜਾਵੇ ਤੇ ਉਨ੍ਹਾਂ ਨੂੰ ਮਿਲੇ। ਮਰਦਾਨਾ ਜਦੋਂ ਸੁਲਤਾਰਨਪੁਰ ਪਹੁੰਚਾ ਤਾਂ ਗੁਰੂ ਨਾਨਕ ਜੀ ਬੜੇ ਪਿਆਰ ਨਾਲ ਮਰਦਾਨੇ ਨੂੰ ਮਿਲੇ। ਗੁਰੂ ਨਾਨਕ ਦੇਵ ਜੀ ਨੇ ਕੁਝ ਸਮੇ ਲਈ ਮਰਦਾਨੇ ਨੂੰ ਆਪਣੇ ਪਾਸ ਹੀ ਰੱਖਿਆ। ਸਵੇਰੇ ਅੰਮ੍ਰਿਤ ਵੇਲੇ ਉਠ ਕੇ ਵੇਈ ਨਦੀ ਤੇ ਜਾਂਦੇ, ਵੇਈ ਤੇ ਇਸ਼ਨਾਨ ਕਰਨ ਤੋਂ ਬਾਦ ਫਿਰ ਕੁਝ ਸਮੇ ਲਈ ਭਜਨ ਕਰਦੇ, ਫੇਰ ਮਰਦਾਨਾ ਭਗਤਾਂ ਦੇ ਪਦੇ ਸੁਣਾਉਂਦਾ, ਸ਼ਾਮ ਨੂੰਵੀ ਘਰ ਕੀਰਤਨ ਹੁੰਦਾ, ਕਈ ਲੋਕ ਸਤਸੰਗ ਤੇ ਕੀਰਤਨ ਸੁਨਣ ਆਉਂਦੇ ਤੇ ਲੰਗਰ ਵੀ ਗੁਰੂ ਜੀ ਦੇ ਘਰ ਹੀ ਛਕਦੇ।

ਕੁਝ ਸਮਾ ਬੀਤਣ ਤੋਂ ਬਾਦ ਗੁਰੂ ਜੀ ਦੀ ਫ਼ਰਾਖ਼ ਦਿਲੀ ਤੇ ਖ਼ੈਰਾਇਤ ਦੇਖਕੇ ਮਰਦਾਨਾ ਜੀ ਨੇ ਗੁਰੂ ਜੀ ਅੱਗੇ ਆਪਣੀ ਸਮੱਸਿਆ ਰੱਖ ਦਿੱਤੀ ਤੇ ਆਪਣੀ ਲੜਕੀ ਦੇ ਵਿਆਹ ਲਈ ਸਹਾਇਤਾ ਮੰਗੀ ਤਾਂ ਗੁਰੂ ਜੀ ਨੇ ਕਿਹਾ ਸੋਚ ਵਿਚਾਰ ਕਰਕੇ, ਜਿਸ ਜਿਸ ਸਮਾਨ ਦੀ ਜਰੂਰਤ ਹੈ ਉਹ ਲਿਖਵਾ ਲਿਆਵੇ ਤਾਂ ਕਿ ਉਸ ਦਾ ਪ੍ਰਬੰਧ ਕੀਤਾ ਜਾ ਸਕੇ। ਮਰਦਾਨੇ ਨੇ ਸਾਰੇ ਸਮਾਨ ਦੀ ਇਕ ਲਿਸਟ ਬਣਵਾ ਕੇ ਗੁਰੂ ਸਾਹਿਬ ਨੂੰ ਦੇ ਦਿੱਤੀ। ਕੁਝ ਦਿਨ੍ਹਾਂ ਬਾਦ ਭਗੀਰਥ ਗੁਰੂ ਜੀ ਦੇ ਦਰਸ਼ਨਾ ਨੂੰ ਆਇਆ ਤਾਂ ਗੁਰੂ ਜੀ ਨੇ ਉਹ ਲਿਸਟ ਭਗੀਰਥ ਨੂੰ ਫੜਾ ਦਿੱਤੀ ਤੇ ਕਿਹਾ ਕਿ ਲਹੌਰ ਜਾਕੇ ਇਹ ਸਾਰਾ ਸਮਾਨ ਲਿਆਂਦਾ ਜਾਵੇ ਤੇ ਇਕ ਰਾਤ ਤੋਂ ਵੱਧ ਲਹੌਰ ਨਾ ਰਹਿਣ ਦਾ ਹੁਕਮ ਵੀ ਦਿੱਤਾ ਤਾਂ ਕਿ ਸਮਾਨ ਜਿਤਨੀ ਜਲਦੀ ਹੋ ਸਕੇ, ਮਰਦਾਨੇ ਨੂੰ ਉਸ ਦੀ ਬੇਟੀ ਦੇ ਵਿਆਹ ਲਈ ਦੇ ਦਿੱਤਾ ਜਾਵੇ। ਲਹੌਰ ਉਸ ਵਕਤ ਪੰਜਾਬ ਦੀ ਰਾਜਧਾਨੀ ਸੀ ਤੇ ਉਥੇ ਹਰ ਤਰ੍ਹਾਂ ਦਾ ਸਮਾਨ ਮਿਲ ਸਕਦਾ ਸੀ।

ਭਗੀਰਥ ਨੇ ਲਾਹੌਰ ਪਹੁੰਚਕੇ ਆਪਣੇ ਇਕ ਮਿੱਤਰ ਜੋ ਵਿਉਪਾਰੀ ਸੀ ਤੇ ਉਸ ਦੀ ਲਹੌਰ ਵਿਖੇ ਦੁਕਾਨ ਵੀ ਸੀ ਜਿਸ ਦਾ ਨਾਮ ਮਨਸੁਖ ਸੀ। ਵਸਤੂਆਂ ਦੀ ਲਿਸਟ ਉਸ ਨੂੰ ਪਕੜਾ ਕੇ ਸਾਰੀ ਗੱਲ ਸਮਝਾ ਦਿੱਤੀ ਕਿ ਸਮਾਨ ਜਲਦੀ ਚਾਹੀਦਾ ਹੈ। ਮਨਸੁਖ ਨੇ ਸਾਰਾ ਸਮਾਨ ਇਕ ਦਿਨ ਵਿਚ ਹੀ ਇਕੱਠਾ ਕਰ ਦਿੱਤਾ ਤੇ ਇਸ ਸਾਰੇ ਮਾਮਲੇ ਤੋਂ ਮਨਸੁਖ ਬਹੁਤ ਪ੍ਰਭਾਵਿਤ ਹੋਇਆ ਤੇ ਸੋਚਣ ਲੱਗਾ ਕਿ ਉਹ ਕਿਹੜਾ ਮਹਾਪੁਰਸ਼ ਹੋਵੇਗਾ ਜੋ ਗਰੀਬ ਦੇ ਵਿਆਹ ਵਾਸਤੇ ਇਨ੍ਹੀਆਂ ਵਸਤੂਆਂ ਲੈ ਕੇ ਦੇ ਰਿਹਾ ਹੈ ਤੇ ਭਗੀਰਥ ਦੀ ਸ਼ਰਧਾ ਦੀ ਵੀ ਵਾਹ-ਵਾਹ ਕੀਤੀ ਜੋ ਇਕ ਦਿਨ ਵਿਚ ਇਤਨਾ ਸਮਾਨ ਆਪਣੇ, ਗੁਰੂ ਦੇ ਕਹਿਣ ਤੇ ਲੈ ਕੇ ਜਾ ਰਿਹਾ ਹੈ। ਉਹ ਭਗੀਰਥ ਤੋਂ ਗੁਰੂ ਜੀ ਵਾਰੇ ਗੱਲਾਂ ਸੁਣ ਕੇ ਭਗੀਰਥ ਦੇ ਨਾਲ ਹੀ ਗੁਰੂ ਜੀ ਨੂੰ ਮਿਲਣ ਚਲ ਪਿਆ ਤਾਂ ਕਿ ਉਹ ਵੀ ਐਸੇ ਮਹਾਪੁਰਸ਼ ਦੇ ਦਰਸ਼ਨ ਕਰ ਸਕੇ। ਦੋਵੇਂ ਜਣੇ ਸਾਰਾ ਸਮਾਨ ਲੈਕੇ ਸੁਲਤਾਨਪੁਰ ਪਹੁੰਚੇ ਤੇ ਦਰਸ਼ਨ ਕਰਕੇ ਮਨਸੁਖ ਨਿਹਾਲ ਹੋਇਆ ਤੇ ਭਗੀਰਥ ਦੀ ਤਰ੍ਹਾਂ ਹੀ ਗੁਰੂ ਜੀ ਦਾ ਸਿੱਖ ਬਣ ਗਿਆ। ਮਨਸੁਖ ਦਾ ਸੁਲਤਾਨਪੁਰ ਆਕੇ ਗੁਰੂ ਸਾਹਿਬ ਦਾ ਸਿੱਖ ਬਨਣ ਦਾ ਵਰਨਣ ਭਾਈ ਬਾਲੇ ਵਾਲੀ, ਭਾਈ ਮਨੀ ਸਿੰਘ ਵਾਲੀ ਜਨਮ ਸਾਖੀ ਵਿੱਚ ਮਿਲਦਾ ਹੈ। ਵਿਆਹ ਦਾ ਸਮਾਨ ਲੈ ਕੇ ਮਰਦਾਨਾ ਤਲਵੰਡੀ ਚਲਾ ਗਿਆ ਤੇ ਵਿਆਹ ਕਰਕੇ ਫਿਰ ਗੁਰੂ ਜੀ ਪਾਸ ਸੁਲਤਾਨਪੁਰ ਆ ਗਿਆ।

ਮਰਦਾਨਾ ਬੜਾ ਖੁਸ਼ ਸੀ ਕਿ ਉਹ ਮਿਰਾਸੀ ਹੁੰਦਿਆ ਹੋਇਆ ਵੀ ਗੁਰੂ ਨਾਨਕ ਪਾਤਸ਼ਾਹ ਦੇ ਪਰਿਵਾਰ ਦਾ ਅੰਗ ਸੀ, ਉਸ ਨੂੰ ਘਰ-ਘਰ ਮੰਗਣ ਦੀ ਵੀ ਲੋੜ ਨਹੀ ਸੀ ਰਹੀ, ਉਸ ਦੀ ਲੜਕੀ ਦਾ ਵਿਆਹ ਵੀ ਗੁਰੂ ਜੀ ਦੀ ਮਦਦ ਨਾਲ ਹੋ ਗਿਆ ਸੀ ਤੇ ਉਸ ਦੇ ਘਰ ਦਾ ਖਰਚਾ ਵੀ ਗੁਰੂ ਸਾਹਿਬ ਦੀ, ਗੁਰੂ ਸਾਹਿਬ ਦੇ ਪਰਿਵਾਰ ਤੇ ਰਾਏ ਬੁਲਾਰ ਦੀ ਮਦਦ ਨਾਲ ਚਲ ਰਿਹਾ ਸੀ। ਉਸ ਦੀਆਂ ਤੇ ਉਸ ਦੇ ਪਰਿਵਾਰ ਦੀਆਂ ਸਾਰੀਆਂ ਲੋੜਾਂ ਪੂਰੀਆਂ ਹੋ ਰਹੀਆਂ ਸਨ। ਕਦੀ ਕੋਈ ਥੋੜ ਉਸ ਨੂੰ ਮਹਿਸੂਸ ਨਾ ਹੁੰਦੀ। ਜਦੋਂ ਕਦੀ ਭੈਣ ਜੀ ਦੇ ਘਰ ਜਾਂਦਾ ਤਾਂ ਬੇਬੇ ਨਾਨਕੀ ਉਸ ਨੂੰ ਕਦੇ ਵੀ ਖਾਲੀ ਨਾ ਆਉਣ ਦਿੰਦੀ ਤੇ ਕਦੀ ਪੁਛ ਵੀ ਲੈਂਦੀ ਕਿ ਮਰਦਾਨਿਆ ਕਿਸੀ ਚੀਜ਼ ਦੀ ਲੋੜ ਹੋਵੇ ਤਾਂ ਦਸ ਪਰ ਮਰਦਾਨਾ ਤਾਂ ਗੁਰੂ ਨਾਨਕ ਦੇਵ ਜੀ ਦੀ ਸੰਗਤ ਕਰਕੇ ਰੱਜਿਆ ਪੁਜਿਆ ਗਿਆ ਸੀ ਤੇ ਭੈਣ ਜੀ ਨੂੰ ਕਹਿਣ ਲੱਗਾ ਜੋ ਕੁਝ ਬਾਬੇ ਨਾਨਕ ਦਾ ਹੈ ਉਹ ਮੈਨੂੰ ਆਪਣਾ ਹੀ ਭਾਸਦਾ ਹੈ। ਮੈਂ ਕੋਈ ਵੀ ਚੀਜ਼ ਵਰਤ ਸਕਦਾ ਹਾਂ। ਮੈਨੂੰ ਕੋਈ ਰੋਕਦਾ ਨਹੀ ਤੇ ਨਾ ਹੀ ਟੋਕਦਾ ਹੈ। ਭੈਣ ਜੀ ਐਸਾ ਕੁਝ ਬਾਕੀ ਨਹੀ ਰਿਹਾ ਜੋ ਮੈਂ ਮੰਗਾਂ।

ਗੁਰੂ ਨਾਨਕ ਦੇਵ ਜੀ ਦੇ ਵੇਈ ਪ੍ਰਵੇਸ਼ ਦੀ ਅਨੁਭਵੀ ਅਵਸਥਾ ਦੀ ਅਸਚਰਜਤਾ ਦਾ ਵਰਨਣ ਅਸੰਭਵ ਹੈ। ਭਾਈ ਗੁਰਦਾਸ ਨੇ ਇਸ ਅਵਸਥਾ ਦਾ ਵਰਨਣ 'ਬਖਸ਼ਦਰ' ਭਾਵ

ਰਹਿਮਤ ਦਰਵਾਜਾ ਕਰਕੇ ਕੀਤਾ ਹੈ।[3] ਤਿੰਨ ਦਿਨ੍ਹਾਂ ਪਿਛੋਂ ਆਪ ਇਸ਼ਨਾਨ ਕਰਨ ਵਾਲੀ ਥਾਂ ਤੋਂ ਪੂਰਬ ਵੱਲ ਡੇਢ ਕੁ ਮੀਲ ਦੀ ਵਿਥ ਤੇ ਵੇਈ ਤੋਂ ਬਾਹਰ ਆਏ ਤੇ ਨਗਰ ਤੋਂ ਬਾਹਰ ਸ਼ਮਸ਼ਾਨ ਭੂਮੀ ਵਿਚ ਜਾ ਬੈਠੇ। ਜਿਥੋਂ ਗੁਰੂ ਸਾਹਿਬ ਵੇਈ ਨਦੀ ਵਿਚੋਂ ਨਿਕਲੇ ਉਥੇ ਸੰਤਘਾਟ-ਗੁਰਦੁਆਰਾ ਹੈ। ਗੁਰੂ ਸਾਹਿਬ ਉਥੋਂ ਉਠ ਕੇ ਮੋਦੀਖ਼ਾਨੇ ਗਏ ਤੇ ਜੋ ਉਨ੍ਹਾਂ ਦੇ ਹਿਸੇ ਦਾ ਅਨਾਜ ਵਖਰਾ ਕਰਕੇ ਰੱਖਿਆ ਹੋਇਆ ਸੀ ਉਹ ਆਪ ਜੀ ਨੇ ਕੁਝ ਫਕੀਰਾਂ ਵਿੱਚ ਵੰਡ ਦਿੱਤਾ। ਗੁਰੂ ਸਾਹਿਬ ਦੇ ਸੋਹਰੇ ਤੇ ਮਾਤਾ-ਪਿਤਾ ਨੇ ਕਾਫੀ ਸਮਝਾਉਣ ਦੀ ਕੋਸ਼ਿਸ਼ ਕੀਤੀ ਤੇ ਬੇਬੇ ਨਾਨਕੀ ਨਾਲ ਸਲਾਹ ਮਸ਼ਵਰਾ ਕੀਤਾ ਗਿਆ। ਮਾਤਾ ਸੁਲੱਖਣੀ ਜੀ ਲੱਖਮੀ ਚੰਦ ਨੂੰ ਆਪਣੇ ਨਾਲ ਪੱਖੋਕੇ ਲੈ ਗਏ ਤੇ ਸ੍ਰੀ ਚੰਦ ਜੀ ਭੈਣ ਬੇਬੇ ਨਾਨਕੀ ਜੀ ਨੂੰ ਸੌਂਪ ਦਿੱਤੇ ਤੇ ਦੇਸ਼ ਦੇਸ਼ਾਤਰਾਂ ਵਿਖੇ ਸਤਿਨਾਮ ਦਾ ਚਕਰ ਚਲਾਉਣ ਲਈ ਤਿਆਰ ਹੋ ਪਏ।

ਗੁਰੂ ਜੀ ਨੇ ਉਦਾਸੀਆਂ ਤੇ ਜਾਣ ਤੋਂ ਪਹਿਲਾ ਆਪਣੇ ਆਪ ਨੂੰ ਮਾਨਸਕ ਤੇ ਸਰੀਰਕ ਤੌਰ ਤੇ ਤਿਆਰ ਕੀਤਾ। ਵੇਈ ਪਰਵੇਸ਼ ਤੋਂ ਪਿਛੋਂ ਆਪ ਘਰ ਨਹੀ ਗਏ ਤੇ ਪਰਵਾਰ ਨਾਲੋਂ ਮੋਹ ਤੋੜ ਲਿਆ। ਘੋਰ ਤਪੱਸਿਆ ਕੀਤੀ ਖੁਰਾਕ ਘਟ ਕਰ ਦਿੱਤੀ ਕੇਵਲ ਗਾਂ ਦਾ ਦੁਧ ਪੀ ਕੇ ਗੁਜਾਰਾ ਕਰਨ ਲੱਗੇ। ਮਰਦਾਨਾ ਵੀ ਗੁਰੂ ਜੀ ਦੇ ਨਾਲ ਹੀ ਸੀ। ਗੁਰੂ ਜੀ ਨੇ ਮਹਿਸੂਸ ਕੀਤਾ ਕਿ ਮਰਦਾਨੇ ਨੂੰ ਰਬਾਬ ਦੀ ਲੋੜ ਹੈ। ਰਬਾਬ ਤੰਦੀ ਤੇ ਤਾਰ ਦਾ ਇਕ ਸਾਜ ਹੈ ਜੋ ਆਮ ਨਹੀ ਮਿਲਦਾ ਸੀ। ਕੁਝ ਵਿਦਵਾਨ ਇਸ ਨੂੰਪੰਜਾਬ ਦਾ ਲੋਕ ਸਾਜ ਮੰਨਦੇ ਹਨ। ਇਹ ਸੂਫੀ ਸੰਤਾਂ ਦਾ ਹਰਮਨ ਪਿਆਰਾ ਸਾਜ ਸੀ ਤੇ ਆਮ ਲੋਕਾਂ ਵਿੱਚ ਮਕਬੂਲ ਸੀ। ਇਸੇ ਲਈ ਗੁਰੂ ਨਾਨਕ ਦੇਵ ਜੀ ਨੂੰ ਰਬਾਬ ਵਰਗਾ ਆਮ ਲੋਕਾਂ ਦਾ ਸਾਜ ਬਹੁਤ ਪਿਆਰਾ ਸੀ। ਪਰ ਭਾਈ ਵੀਰ ਸਿੰਘ ਜੀ ਰਬਾਬ ਅਰਬੀ ਸਾਜ ਮੰਨਦੇ ਹਨ, ਜਿਸ ਨੂੰ ਗੁਰੂ ਸਾਹਿਬ ਨੇ ਕੁਝ ਆਪਣੀ ਤਰਜ ਦਾ ਬਣਾ ਲਿਆ ਸੀ।[4] ਤੇ ਇੰਦਰਸੈਨ ਫਰਿੰਦੇ ਨੂੰ ਇਹ ਨਵੀ ਤਰਜ ਦਾ ਰਬਾਬ ਬਨਾਉਣ ਲਈ ਕਿਹਾ ਸੀ। ਇਹ ਗੁਰੂ ਕਾਢ ਦਾ ਨਵਾਂ ਰਬਾਬ ਮਰਦਾਨੇ ਨੇ ਉਦਾਸੀਆਂ ਦੇ ਜਾਣ ਵਕਤ ਨਾਲ ਲਿਆ ਸੀ। ਇਹ ਛੇ ਤਾਰਾ ਹੁੰਦਾ ਹੈ ਤੇ ਸਰੋਦ ਵਾਂਗ ਵਜਦਾ ਹੈ। ਪ੍ਰੋ. ਭਾਗ ਸਿੰਘ ਜੀ ਦੇ ਮਤ ਅਨੁਸਾਰ ਰਬਾਬ ਦਾ ਆਵਿਸ਼ਕਾਰ, ਗੁਰੂ ਨਾਨਕ ਦੇਵ ਜੀ ਨੇ ਕੀਤਾ ਤੇ ਉਨ੍ਹਾਂ ਨੇ ਹੀ ਭਾਈ ਮਰਦਾਨੇ ਨੂੰ ਰਬਾਬ ਵਾਦਕ ਦੀ ਸਿਖਿਆ ਪ੍ਰਦਾਨ ਕੀਤੀ।

ਡਾ. ਡੀ ਐਸ ਨਰੂਲਾ ਜੀ ਦਾ ਵਿਚਾਰ ਹੈ ਕਿ ਰਬਾਬ ਦਾ ਮੂਲ ਭਾਰਤੀ ਹੈ, ਭਾਵੇਂ ਇਸ ਦੇ ਵੱਖ-ਵੱਖ ਰੂਪ ਅਰਬ, ਫਰਾਂਸ, ਅਫ਼ਗਾਨਿਸਤਾਨ ਅਤੇ ਯੂਰਪੀ ਦੇਸ਼ਾ ਵਿੱਚ ਵੀ ਪ੍ਰਚਲਤ ਰਹੇ ਹਨ ਪਰ ਇਸ ਵਿੱਚ ਕੋਈ ਦੋ ਰਾਵਾਂ ਨਹੀ ਕਿ ਮੱਧ ਕਾਲੀਨ ਭਾਰਤੀ ਸਮਾਜ ਵਿੱਚ ਇਹੋ ਰਬਾਬ ਪ੍ਰਚਲਿਤ ਸੀ। ਰਬਾਬ ਬੜੀ ਸਿੱਠੀ ਸੁਰ ਵਾਲਾ ਸਾਜ ਹੈ। ਇਹ ਸਾਜ ਕਿਨ੍ਹਾਂ, ਕੁ ਪ੍ਰਭਾਵਸ਼ਾਲੀ ਤੇ ਮਨ-ਮੋਹ ਲੈਣ ਵਾਲਾ ਸਾਜ ਹੈ ਇਸ ਬਾਰੇ ਡਾ. ਬਲਬੀਰ ਸਿੰਘ ਆਪਣੀ ਪੁਸਤਕ 'ਲੰਮੀ ਨਜ਼ਰ' ਵਿਚ ਹਕੀਮ ਫਾਰਾਬੀ ਦਾ ਉਧਾਰਣ ਦੇ ਕੇ ਲਿਖਦੇ ਹਨ, 'ਇਹ ਬੰਦੇ ਨੂੰ ਹਸਾ ਸਕਦਾ ਹੈ, ਰੁਲਾ ਸਕਦਾ ਹੈ ਅਤੇ ਮਦਹੋਸ਼ ਕਰ ਸਕਦਾ ਹੈ।'

ਗੁਰੂ ਜੀ ਨੇ ਮਰਦਾਨੇ ਨੂੰ ਕਿਹਾ ਮਰਦਾਨਿਆ ਜਾ ਕੇ ਕੁਝ ਪੈਸੇ ਭੈਣ, ਨਾਨਕੀ ਤੋਂ ਲੈ ਕੇ ਨਵੀ ਰਬਾਬ ਖਰੀਦ ਲੈ। ਮਰਦਾਨਾ ਭੈਣ ਨਾਨਕੀ ਤੋਂ ਕੁਝ ਰੁਪਏ ਲੈ ਕੇ ਰਬਾਬ ਖਰੀਦਣ ਚਲੇ ਗਿਆ। ਮਰਦਾਨਾ ਸੁਲਤਾਨਪੁਰ ਵਿਖੇ ਉਨ੍ਹਾਂ ਰਬਾਬੀਆਂ ਦੇ ਘਰ ਗਿਆ ਜੋ ਰਬਾਬ ਤੇ ਹੋਰ ਸਾਜ ਬਣਾਉਂਦੇ ਸਨ। ਇਨ੍ਹਾਂ ਮਰਾਸੀਆਂ ਨੇ ਮਰਦਾਨੇ ਨੂੰ ਰਬਾਬ ਵੇਚਣੋਂ ਨਾਹ ਕਰ ਦਿੱਤੀ ਕਿਉਂਕਿ ਮਰਦਾਨੇ ਨੇ ਮਰਾਸੀਆਂ ਦਾ ਖਾਨਦਾਨੀ ਪੇਸ਼ਾ ਛੱਡਕੇ ਸਾਰੇ ਮਰਾਸੀਆਂ ਦਾ ਅਪਮਾਨ ਕੀਤਾ ਸੀ।ਫਿਰ ਬਾਬਾ ਜੀ ਨੇ ਮਰਦਾਨੇ ਨੂੰ ਇਕ ਰਬਾਬੀ ਪਾਸ ਭੇਜਿਆ, ਉਹ ਬੈਠਾ ਰਬਾਬ ਵਜਾ ਰਿਹਾ ਸੀ। ਮਰਦਾਨਾ ਉਸ ਨੂੰ ਨਾਲ ਲੈ ਆਇਆ। ਉਸ ਰਬਾਬੀ ਦੁਆਰਾ ਰਬਾਬ ਛੇੜਨ ਨਾਲ ਗੁਰੂ ਜੀ ਦੀ ਲਿਵ ਟੁਟ ਗਈ। ਗੁਰੂ ਸਾਹਿਬ ਨੂੰਜਦ ਉਸ ਦਾ, ਰਬਾਬ ਵਜਾਉਣਾ ਪਸੰਦ ਨਾ ਆਇਆ ਤੇ ਨਾਹੀ ਰਬਾਬ ਤਾਂ ਉਨ੍ਹਾਂ ਮਰਦਾਨੇ ਨੂੰ ਕਿਹਾ 'ਮਰਦਾਨਿਆ ਤੂੰ ਵਜਾਇ ਰਬਾਬ ਤਾਂ ਮਰਦਾਨੇ ਗੁਰੂ ਜੀ ਦਾ ਹੁਕਮ ਮਨ ਅਜੇਹੀ ਤਾਰ ਵਜਾਈ ਜੋ ਜੰਗਲ ਦੇ ਜਾਨਵਰ ਮਿਰਗੁ ਬੇਸੁਧ ਹੋਇ ਕੇ ਢਹਿ ਪਏ ਤਾਂ ਗੁਰੂ ਨਾਨਕ ਦੇਵ ਜੀ ਬਹੁਤ ਖੁਸ਼ ਹੋਏ ਤੇ ਮਰਦਾਨਾ ਵੀ ਅੰਦਰੋਂ ਅੰਦਰ ਬਹੁਤ ਖੁਸ਼ ਸੀ ਕਿ ਗੁਰੂ ਨਾਨਕ ਜੀ ਨੂੰ ਉਸ ਦੀ ਵਾਦਕ ਕਲਾ ਪਸੰਦ ਆਈ ਹੈ। ਉਹ ਢਾਡੀ ਬਹੁਤ ਹੈਰਾਨ ਹੋਇਆ ਤੇ ਕਹਿਣ ਲੱਗਾ ਕਿ ਮੈਂ ਬੜੇ ਵੱਡੇ ਵੱਡੇ ਰਾਗੀ, ਢਾਡੀ ਦੇਖੇ ਹਨ ਪਰ ਇਹ ਗੁਣ ਕਿਸੇ ਵਿੱਚ ਨਹੀ ਦੇਖਿਆ।

ਸੋ ਇਹ ਹੈ ਮਰਦਾਨੇ ਰਬਾਬੀ ਦੀ ਵਾਦਨ ਕਲਾ ਦਾ ਕਮਾਲ। ਭਾਈ ਮਰਦਾਨਾ ਇਕ ਆਸਾਧਾਰਣ ਤੇ ਅਦੁੱਤੀ

ਕਲਾਕਾਰ ਸੀ। ਐਵੇ ਤਾਂ ਨਹੀ ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨੇ ਨੂੰ ਪੂਰੀ ਜਿੰਦਗੀ ਭਰ ਆਪਣੇ ਨਾਲ ਰੱਖਿਆ ਸੀ ਉਹ ਮਰਦਾਨੇ ਦੀ ਵਾਦਨ ਕਲਾ ਤੋਂ ਤਾ ਰੀਝੇ ਸਨ ਤੇ ਮਰਦਾਨੇ ਨੂੰ ਉਹ ਸੱਭ ਤੋਂ ਵੱਧ ਪਿਆਰ ਕਰਦੇ ਸਨ। ਜਦੋਂ ਮਰਦਾਨਾ ਰਬਾਬ ਵਜਾਉਂਦਾ ਤਾਂ ਗੁਰੂ ਜੀ ਦੇ ਨੈਣ ਮੁੰਦੇ ਜਾਂਦੇ ਸਮਾਧੀ ਲੱਗ ਜਾਂਦੀ ਸੀ। ਬਸ ਇਤਨਾ ਫਰਕ ਸੀ ਮਰਦਾਨੇ ਤੇ ਹੋਰ ਰਬਾਬੀਆਂ ਵਿੱਚ। ਇਕ ਰਬਾਬ ਛੇੜਦਾ ਹੈ ਤਾ ਲਿਵ ਟੁਟ ਜਾਂਦੀ ਹੈ ਤੇ ਦੂਜਾ ਰਬਾਬ ਛੇੜਦਾ ਹੈ ਤਾਂ ਲਿਵ ਲੱਗ ਜਾਂਦੀ ਹੈ। ਐਵੇ ਤਾਂ ਨਹੀ ਸੀ ਮਰਦਾਨੇ ਨੂੰਜੋੜੀ ਰੱਖਿਆ ਆਪਣੇ ਨਾਲ ਬਾਬੇ ਨਾਨਕ ਨੇ ਕੋਈ ਛੋਟਾ-ਮੋਟਾ ਕਲਾਕਾਰ ਉਨ੍ਹਾਂ ਦੀ ਸੰਗਤੀ ਕਿਵੇ ਕਰ ਸਕਦਾ ਸੀ।

ਗੁਰੂ ਬਾਬਾ ਆਪ ਇਕ ਉਚ ਕੋਟੀ ਦੇ ਸੰਗੀਤਕਾਰ ਤੇ ਗਾਇਕ ਸਨ। ਔਸ਼ੋ ਆਪਣੀ ਪੁਸਤਕ 'ਜਪੁਜੀ' ਵਿੱਚ ਲਿਖਦਾ ਹੈ ਕਿ ਗੁਰੂ ਨਾਨਕ ਸਾਰੀ ਜਿੰਦਗੀ ਗਾਉਂਦਾ ਹੀ ਰਿਹਾ ਤੇ ਗਾਉਣ ਵਿਚੋਂ ਹੀ ਉਸ ਨੇ ਪਰਮ ਪਿਤਾ ਪਰਮਾਤਮਾ ਨੂੰ ਪਾ ਲਿਆ। ਇਸ ਤਰ੍ਹਾਂ ਸੰਗੀਤ ਉਸ ਅਕਾਲ ਪੁਰਖ ਨਾਲ ਜੁੜਨ ਦਾ ਸ਼ਕਤੀਸ਼ਾਲੀ ਮਾਧਿਅਮ ਹੈ। ਭਾਈ ਵੀਰ ਸਿੰਘ ਜੀ ਲਿਖਦੇ ਹਨ ਕਿ ਗੁਰੂ ਜੀ ਆਪ ਵੀ ਰੱਬੀ ਦਾਤ ਦਾ ਇਲਾਹੀ ਨਾਦ ਵਾਲਾ ਗਲਾ ਰੱਖਦੇ ਸਨ। ਉਠਦੇ, ਬੈਠਦੇ, ਟੁਰਦੇ, ਫਿਰਦੇ, ਕਿ ਸਤਸੰਗ ਕਿ ਏਕਾਂਤ, ਕੀਰਤਨ ਵਿਚ ਐਵੇ ਬੈਠਿਆ ਆਪਣੇ ਪ੍ਰੀਤਮ ਵਾਹਿਗੁਰੂ ਦੇ ਪਿਆਰ ਵਿਚ ਕਦੇ ਕਦੇ ਐਸਾ ਗਾਇਨ ਕਰਦੇ ਕਿ ਮਾਨੋ ਚਲਦੇ ਦਰਿਆ ਤੇ ਉਡਦੇ ਪੰਛੀ ਸੁਨਣ ਲਈ ਖੜੇ ਹੋ ਜਾਂਦੇ। ਮਰਦਾਨੇ ਦੀ ਰਬਾਬ ਅਤੇ ਗੁਰੂ ਨਾਨਕ ਦੇ ਗਲੇ ਦੀ ਆਵਾਜ਼ ਮਿਲ ਕੇ ਜਦੋਂ ਇਕ ਸੁਰ ਵਿੱਚ ਸ਼ਬਦ ਦਾ ਗਾਇਨ ਕਰਦੇ ਸਨ ਤਾਂ ਇਸ ਵਿਚੋਂ ਹੀ ਉਹ ਸ਼ਕਤੀ ਉਤਪੰਨ ਹੁੰਦੀ ਸੀ, ਜਿਸਦੀ ਤਾਸੀਰ ਇਹ ਸੀ ਕਿ 'ਇਹ ਸੁਆ ਕੇ ਸੁਤੇ ਹੋਏ ਮਨੁੱਖ ਨੂੰਨੀਂਦਰ ਤੋਂ ਪਰੇ ਨਿਰਵਿਕਲਪ ਕਰ ਦਿੰਦੀ ਸੀ, ਉਸ ਨੂੰ ਖਿਆਲਾਂ ਦੀ ਦੁਨੀਆਂ ਦੀ ਸਫੁਰਤੀ ਤੋਂ ਪਰੇ ਸੁੰਨ ਸਮਾਧਿ ਵਿੱਚ ਅਫੁਰ ਕਰ ਦੇਂਦੀ ਹੈ।

ਗੁਰੂ ਸਾਹਿਬ ਨੇ ਕਿਹਾ ਮਰਦਾਨਿਆ ਸੁਲਤਾਨਪੁਰ ਦੇ ਦੱਖਣ-ਪੱਛਮ ਵਲ ਇਕ ਪਿੰਡ ਭਰੋਆਣਾ ਹੈ ਤੇ ਉਥੇ ਭਾਈ ਫਰਿੰਦੇ ਕੋਲ ਰਬਾਬ ਹੈ ਤੇ ਉਹ ਮੰਗਣ ਤੇ ਦੇ ਦੇਵੇਗਾ। ਭਾਈ ਮਰਦਾਨਾ ਭਰੋਆਣੇ ਪਿੰਡ ਗਿਆ। ਇਹ ਪਿੰਡ ਅਜ ਕਲ ਬਿਆਸ ਕੀ ਬੇਟ ਵਿੱਚ ਹੈ, ਜਿਥੇ ਵੇਈ ਨਦੀ ਬਿਆਸ ਦਰਿਆ ਵਿੱਚ ਆ ਕੇ ਮਿਲਦੀ ਹੈ ਉਥੇ ਅਜ ਕਲ ਭਾਈ ਫਰਿੰਦੇ ਦਾ ਗੁਰਦੁਆਰਾ ਵੀ ਬਣਿਆ ਹੋਇਆ ਹੈ। ਭਾਈ ਫਰਿੰਦਾ ਮਰਦਾਨੇ ਤੋਂ ਇਹ ਸੁਣ ਕੇ ਬੜਾ ਖੁਸ਼ ਹੋਇਆ ਕਿ ਗੁਰੂ ਨਾਨਕ ਜੀ ਨੇ ਉਸ ਦੀ ਬਣੀ ਰਬਾਬ ਮੰਗੀ ਹੈ। ਭਾਈ ਫਰਿੰਦਾ ਆਪ ਸੁਲਤਾਨਪੁਰ ਵਿਖੇ ਆ ਕੇ ਗੁਰੂ ਜੀ ਨੂੰ ਰਬਾਬ ਦੇ ਗਿਆ ਤੇ ਗੁਰੂ ਜੀ ਦੇ ਦਰਸ਼ਨ ਕਰਕੇ ਨਿਹਾਲ ਹੋ ਗਿਆ।

ਉਦਾਸੀਆਂ ਸ਼ੁਰੂ ਕਰਨ ਤੋਂ ਪਹਿਲਾ ਮਰਦਾਨਾ ਇਕ ਵਾਰੀ ਆਪਣੇ ਪਰਵਾਰ ਨੂੰ ਮਿਲਣਾ ਚਾਹੁੰਦਾ ਸੀ ਕਿਉਂਕਿ ਸਫ਼ਰ ਲੰਮਾ ਸੀ, ਪਤਾ ਨਹੀ ਫ਼ਿਰ ਕਦੋਂ ਉਹ ਵਾਪਸ ਆ ਸਕੇ। ਗੁਰੂ ਜੀ ਸੱਭ ਤੋਂ ਪਹਿਲਾ ਸੁਲਤਾਨਪੁਰ ਤੋਂ ਚੱਲ ਕੇ ਸੈਦਪੁਰ ਭਾਈ ਲਾਲੋ ਪਾਸ ਆਏ ਤੇ ਭਾਈ ਮਰਦਾਨੇ ਨੂੰ ਤਲਵੰਡੀ ਭੇਜ ਦਿੱਤਾ ਕਿਉਂਕਿ ਸੈਦਪੁਰ ਤੋਂ ਤਲਵੰਡੀ ਬਹੁਤੀ ਦੂਰ ਨਹੀ ਸੀ ਕੋਈ 24-25 ਮੀਲ ਤੇ ਕਰੀਬ ਸੀ। ਭਾਈ ਲਾਲੋ ਦੇ ਘਰ ਰਹਿੰਦਿਆਂ ਗੁਰੂ ਜੀ ਦਿਨ ਵਕਤ ਰੋੜਾ ਦੀ ਵਿਛਾਈ ਕਰਕੇ, ਨਗਰ ਤੋਂ ਥੋੜੀ ਦੂਰ ਇਕਾਂਤ ਵਿੱਚ ਭਜਨ ਬੰਦਗੀ ਕਰਦੇ ਤੇ ਰਾਤ ਨੂੰਭਾਈ ਲਾਲੋ ਦੇ ਘਰ ਅਰਾਮ ਕਰਦੇ। ਗੁਰੂ ਜੀ ਭਾਈ ਲਾਲੋ ਦੇ ਘਰ ਨੂੰ ਭਗਤੀ ਦਾ ਘਰ ਕਹਿੰਦੇ ਸਨ। ਜਿਥੇ ਬੈਠ ਕੇ ਗੁਰੂਜੀ ਨੇ ਘੋਰ ਤਪੱਸਿਆ ਕੀਤੀ, ਉਥੇ ਅੱਜ ਕਲ ਗੁਰਦੁਆਰਾ ਰੋੜੀ ਸਾਹਿਬ (ਪਾਕਿਸਤਾਨ) ਵਿੱਚ ਹੈ। ਜਲਦੀ ਹੀ ਮਰਦਾਨਾ ਆਪਣੇ ਪਰਿਵਾਰ ਤੇ ਸਕੇ ਸਬੰਧੀਆਂ ਨੂੰ ਮਿਲਕੇ ਵਾਪਿਸ ਆ ਗਿਆ ਤੇ ਗੁਰੂ ਜੀ ਭਾਈ ਲਾਲੋ ਤੋਂ ਆਗਿਆ ਲੈ ਕੇ ਅੱਗੇ ਦੇ ਸਫ਼ਰ ਲਈ ਟੁਰ ਪਏ।

ਕਈ ਵਿਦਵਾਨਾਂ ਦਾ ਮੰਨਣਾ ਹੈ ਕਿ ਜਦੋਂ ਮਰਦਾਨਾ ਤਲਵੰਡੀ ਗਿਆ ਤਾਂ ਰਾਏ ਬੁਲਾਰ ਨੇ ਮਰਦਾਨੇ ਹੱਥ ਸੁਨੇਹਾ ਭੇਜਿਆ ਸੀ ਕਿ ਨਾਨਕ ਜੀ ਲੰਮੇ ਸਫ਼ਰ ਤੇ ਜਾਣ ਤੋਂ ਪਹਿਲਾਂ ਉਸ ਨੂੰਆਪਣੇ ਦਰਸ਼ਨ ਦੀਦਾਰ ਜਰੂਰ ਦੇਣ। ਗੁਰੂ ਜੀ ਸੈਦਪੁਰ ਤੋਂ ਮਰਦਾਨੇ ਸਮੇਤ ਫਿਰ ਤਲਵੰਡੀ ਗਏ ਤੇ ਕੁਝ ਦਿਨ ਤਲਵੰਡੀ ਰਹਿਕੇ ਰਾਏ ਬੁਲਾਰ, ਮਾਤਾ ਪਿਤਾ ਤੇ ਹੋਰ ਸਾਕ ਸਬੰਧੀਆਂ ਨ ਮਿਲ ਕੇ ਫਿਰ ਗੁਰੂ ਸਾਹਿਬ ਧਰਤ ਲੁਕਾਈ ਨੂੰਸੋਧਣ ਲਈ ਤੁਰ ਪਏ ਤੇ, ਆਪ ਜੀ ਦੇ ਨਾਲ ਸੀ, ਉਨ੍ਹਾਂ ਦਾ ਰਬਾਬ ਸਾਥੀ ਭਾਈ ਮਰਦਾਨਾ। ਗੁਰੂ ਨਾਨਕ ਦੇਵ ਜੀ ਦੀ ਪਾਵਨ ਛੋਹ ਪ੍ਰਾਪਤ ਕਰਨ ਦਾ ਜਿਨ੍ਹਾਂ ਸਮਾਂ ਤੇ ਮਾਣ ਮਰਦਾਨੇ ਨੂੰ ਮਿਲਿਆ, ਇਸ ਤਰ੍ਹਾਂ ਦਾ ਮਾਣ ਕਿਸੀ ਹੋਰ ਸਿੱਖ ਨੂੰਪ੍ਰਾਪਤ ਨਹੀ ਹੋਇਆ। ਜਿਨ੍ਹੀ ਖੁਸ਼ੀ ਮਰਦਾਨੇ ਨੇ ਗੁਰੂ ਨਾਨਕ ਦੇਵ ਜੀ ਨਾਲ ਰਹਿਕੇ ਮਾਣੀ, ਉਹ

ਕਿਸੀ ਹੋਰ ਦੀ ਕਿਸਮਤ ਵਿੱਚ ਨਹੀ ਸੀ। ਗੁਰੂ ਨਾਨਕ ਦੇਵ ਜੀ ਦੇ ਪ੍ਰਯੋਜਨ ਨੂੰ ਸਫਲ ਬਨਾਉਣ ਲਈ ਜਿਨੀ ਘਾਲ ਮਰਦਾਨੇ ਨੇ ਘਾਲੀ, ਉਨ੍ਹੀ ਕਿਸੀ ਹੋਰ ਸਿੱਖ ਦੇ ਹਿਸੇ ਨਹੀ ਆਈ। ਜਿਨ੍ਹੀ ਸੱਚੀ ਸਾਖੀ ਗੁਰੂ ਨਾਨਕ ਦੇਵ ਜੀ ਬਾਰੇ ਮਰਦਾਨਾ ਜਾਣਦਾ ਸੀ, ਕੋਈ ਹੋਰ ਨਹੀ। ਅਗਰ ਭਾਈ ਬਾਲਾ ਜੀ ਕਿਧਰੇ ਗੁਰੂ ਨਾਨਕ ਦੇਵ ਜੀ ਦੀ ਜੀਵਨ ਸਾਖੀ ਭਾਈ ਮਰਦਾਨੇ ਦੇ ਜੀਵਨਕਾਲ ਵਿੱਚ ਲਿਖ ਲੈਂਦੇ ਤੇ ਭਾਈ ਬਾਲੇ ਵਾਲੀ ਜਨਮ ਸਾਖੀ ਦਾ ਰੂਪ ਹੀ ਕੁਝ ਹੋਰ ਹੋਣਾ ਸੀ।

ਭਾਈ ਮਰਦਾਨਾ ਜੀ ਪੂਰੇ ਸਬਰ, ਸਹਿਜ ਤੇ ਸੰਤੋਖ ਨਾਲ ਉਦਾਸੀਆਂ ਦੇ ਲੰਮੇ ਸਫ਼ਰ ਕਰਨ ਸਮੇਂ ਗੁਰੂ ਨਾਨਕ ਦੇਵ ਜੀ ਦੇ ਨਾਲ ਰਹੇ ਸਫ਼ਰਾਂ ਦੀਆਂ ਦੁਖ ਤਕਲੀਫਾਂ ਬਾਬੇ ਦੇ ਨਾਲ ਝੱਲੀਆ। ਗੁਰੂ ਜੀ ਨਾਲ ਮੇਲ ਤੋਂ ਪਹਿਲਾ ਮਰਦਾਨਾ ਇਸਲਾਮੀ ਸ਼ਰ੍ਹਾਂ ਦਾ ਪੱਕਾ ਵਿਸ਼ਵਾਸੀ ਸੀ ਪਰ ਗੁਰੂਜੀ ਦਾ ਰਬਾਬੀ ਸਾਥੀ ਬਨਣ ਤੋਂ ਬਾਦ ਉਹ ਪੂਰਨ ਤੋਰ ਤੇ ਸੁਤੰਤਰ ਸੀ ਨਾਂ ਉਸ ਨੂੰਆਪਣੀ ਜਾਤ ਦਾ ਕੋਈ ਖਿਆਲ ਸੀ ਤੇ ਨਾਂ ਹੀ ਆਪਣੇ ਧਰਮ ਤੇ ਸ਼ਰ੍ਹਾਂ ਦਾ, ਉਹ ਤਾਂ ਗੁਰੂ ਨਾਨਕ ਦੇਵ ਜੀ ਦਾ ਸਾਥੀ ਬਣਕੇ ਪੂਰਨ ਤੌਰ ਤੇ ਸਰਬ ਵੰਡ ਵਿਤਕਰਿਆਂ ਤੋਂ ਉਪਰ ਉਠ ਕੇ ਅਦ੍ਵੈਤ ਮੰਡਲ ਦਾ ਵਾਸੀ ਬਣ ਗਿਆ ਸੀ ਮਾਨਵਵਾਦੀ ਤੇ ਆਤਮਵਾਦੀ ਉਸ ਦਾ ਸੁਭਾ ਬਣ ਗਿਆ ਸੀ। ਮਨੁਖਤਾ ਨਾਲ ਪਿਆਰ ਕਰਨਾ ਤੇ ਨਿਜ-ਆਤਮ ਨੂੰ ਸਦਾ ਵਿਗਾਸ ਵਿੱਚ ਰੱਖਣਾ ਇਹ ਭਾਈ ਮਰਦਾਨੇ ਦਾ ਜੀਵਨ ਉਦੇਸ਼ ਬਣ ਗਿਆ ਸੀ। ਅਸਲ ਵਿੱਚ ਇਨ੍ਹਾਂ ਗੁਣਾ ਦੀ ਸਾਂਝ ਹੀ ਤਾਂ ਸੀ, ਜਿਸ ਕਰਕੇ ਭਾਈ ਮਰਦਾਨਾ ਤੇ ਗੁਰੂ ਨਾਨਕ ਦੇਵ ਜੀ ਧਰਤਿ-ਲੁਕਾਈ ਨੂੰਸੋਧਣ ਦੇ ਸਦੀਵੀ ਸਾਥੀ ਬਣੇ ਰਹੇ। ਉਨ੍ਹਾਂ ਵਿੱਚ ਇਤਨੇ ਲੰਮੇ ਸਮੇ ਦੋਰਾਨ ਵੀ ਕਦੀ ਕੋਈ ਤ੍ਰੇੜ ਜਾ ਕੁਫੈੜ ਪੈਦਾ ਨਾ ਹੋ ਸਕੀ। ਭਾਈ ਮਰਦਾਨਾ ਗੁਰੂ ਨਾਨਕ ਵਾਸਤੇ ਜੀਉਂਦੇ ਸਨ। ਦੋਵੇ ਇਕ ਦੂਜੇ ਨਾਲ ਸੁਰ-ਸੰਗਮ ਸਨ। ਗੁਰੂ ਨਾਨਕ ਦੇਵ ਜੀ ਦਾ ਜਿਹੜਾ ਸੁਰ ਸੰਗਮ ਹੋਇਆ ਉਹ ਸ਼ਬਦ ਤੇ ਰਾਗ ਦਾ ਸੁਰ ਸੰਗਮ ਸੀ। ਸ਼ਬਦ ਤੋਂ ਬਿਨ੍ਹਾਂ ਰਾਗ ਦਾ ਮੁੱਲ ਤੇ ਵਾਤਾਵਰਣ ਅਤਿ ਨੀਵਾ ਹੁੰਦਾ ਹੈ ਤੇ ਰਾਗ ਬਿਨ੍ਹਾਂ ਸ਼ਬਦ ਦਾ ਪ੍ਰਭਾਵ ਘਟ ਜਾਂਦਾ ਹੈ।

ਸ਼ਬਦ ਤੇ ਰਾਗ ਦੀ ਬੱਝਵੀ ਇਕਾਗਰਤਾ ਹੋਵੇ ਤਾਂ ਸ਼ਬਦ ਤੇ ਰਾਗ ਤੋਂ ਬਣਿਆ 'ਕੀਰਤਨ' ਜੋ ਹੈ ਉਸ ਦਾ ਮੁਲ ਨਹੀ ਪਾਇਆ ਜਾ ਸਕਦਾ, ਉਹ ਅਮੋਲਕ ਹੈ। ਉਸ ਨਾਲ ਵਾਤਾਵਰਣ ਸ਼ੁਧ ਤੇ ਸ਼ਾਤ ਬਣ ਜਾਂਦਾ ਹੈ। ਭਾਈ ਮਰਦਾਨੇ ਦਾ ਰਾਗ ਬਾਬੇ ਨਾਨਕ ਜੀ ਦੀਆਂ ਬਿਰਤੀਆਂ ਨੂੰ ਇਕਾਗਰਤਾ, ਸ਼ਾਤ ਤੇ ਸ਼ੁਧ ਮੰਡਲ ਪ੍ਰਦਾਨ ਕਰਦਾ ਸੀ। ਜਦੋਂ ਗੁਰੂ ਜੀ ਸ਼ਬਦ ਦਾ ਗਾਇਨ ਕਰਦੇ ਸਨ ਤੇ ਮਰਦਾਨਾ ਬਾਬੇ ਦੇ ਸ਼ਬਦ ਨਾਲ ਜੁੜ ਜਾਂਦਾ ਸੀ। ਇਸ ਤਰ੍ਹਾਂ ਦੇ ਸੁਰ ਸੰਗਮ ਤੋਂ ਜੋ ਬਾਣੀ ਆਵੇਸ਼ ਹੁੰਦਾ ਸੀ ਉਹ ਇਤਨਾ ਉਚਾ, ਸੱਚਾ ਤੇ ਸੁਚਾ ਹੁੰਦਾ ਸੀ ਕਿ ਉਹ ਸਾਧਾਰਣ ਮਨੁਖ ਨੂੰਪੂਰਨ ਮਨੁੱਖ ਜਾ ਮਰਦਾਨਾ ਬਣਾ ਸਕਦਾ ਸੀ। ਭਾਵੇਂ ਗੁਰੂ ਮਹਾਰਾਜ ਦੀਆਂ ਉਦਾਸੀਆਂ ਵਕਤ ਉਨ੍ਹਾਂ ਨੂੰਕਈ ਪੰਡਿਤ ਮੁਲਾਂ, ਸਿੱਧ-ਜੋਗੀ, ਪੀਰ-ਫਕੀਰ, ਗਰੀਬ-ਅਮੀਰ, ਰਾਗੀ ਤੇ ਢਾਡੀ ਮਿਲੇ ਪਰ ਉਨ੍ਹਾਂ ਦੇ ਰਬਾਬ ਸਾਥੀ ਬਣੇ ਰਹਿਣ ਦਾ ਅਧੀਕਾਰ, ਕੇਵਲ ਤੇ ਕੇਵਲ ਭਾਈ ਮਰਦਾਨੇ ਨੂੰਹੀ ਮਿਲਿਆ।

ਉਦਾਸੀਆਂ ਵਕਤ ਜਿਥੇਂ ਵੀ ਗੁਰੂ ਨਾਨਕ ਦੇਵ ਜੀ ਗਏ ਭਾਈ ਮਰਦਾਨਾ ਉਨ੍ਹਾਂ ਦੀ ਸੰਗਤ ਤੇ ਰਬਾਬ ਸਾਥੀ ਬਣਿਆ ਰਿਹਾ। ਅਗਰ ਗੁਰੂ ਸਾਹਿਬ ਭਾਰਤੀ ਤੀਰਥ ਅਸਥਾਨਾਂ ਤੇ ਗਏ ਤਾਂ ਵੀ ਭਾਈ ਮਰਦਾਨਾ ਉਨ੍ਹਾਂ ਦੇ ਨਾਲ ਸੀ ਤੇ ਜੇਕਰ ਗੁਰੂ ਬਾਬਾ ਸੁਮੇਰ ਪਰਬਤ ਤੇ ਸਿੱਧ ਜੋਗੀਆਂ ਨੂੰ ਗ੍ਰਿਹਸਥ ਛੱਡਕੇ ਰਿਧੀਆਂ-ਸਿਧੀਆਂ ਵਿੱਚ ਉਲਾਰ ਹੁੰਦਿਆਂ ਨੂੰ ਸੋਧਣ ਲਈ ਗਏ ਤਾਂ ਵੀ ਭਾਈ ਮਰਦਾਨਾ ਨੇ ਆਪਣੇ ਭਾਈ ਤੇ ਮਿੱਤਰ ਨੂੰ ਆਪਣੀ ਸੰਗਤ ਦਿੱਤੀ। ਫਿਰ ਅਗਰ ਗੁਰੂ ਸਾਹਿਬ ਮੱਕਾ, ਮਦੀਨਾ ਤੇ ਬਗਦਾਦ ਗਏ ਤਾਂ ਵੀ ਮਰਦਾਨਾ ਨਾਲ ਸੀ। ਭਾਵੇਂ ਮੁਸਲਮਾਨੀ-ਕੇਂਦਰਾਂ ਤੇ ਭਾਈ ਮਰਦਾਨਾ ਦਾ ਇਕ ਹਿੰਦੂ ਫਕੀਰ (ਗੁਰੂ ਨਾਨਕ ਦੇਵ ਜੀ) ਨਾਲ ਰਬਾਬ ਸਾਥੀ ਤੇ ਆਗਿਆਕਾਰੀ ਬਣ ਕੇ ਰਹਿਣਾ, ਕਾਜ਼ੀ ਮੁੱਲਾ ਤੇ ਮੁਸਲਮਾਨਾ ਵਾਸਤੇ ਅਤਿ ਅਪਮਾਨ ਦੀ ਘਟਨਾ ਸੀ। ਖਾਸ ਕਰਕੇ ਬਾਬੇ ਨਾਨਕ ਦੇ ਹੁਕਮ ਵਿੱਚ ਭਾਈ ਮਰਦਾਨੇ ਦਾ ਰਬਾਬ ਸੁਰਾਂ ਨੂੰ ਛੇੜਨਾ, ਸ਼ਬਦ ਤੇ ਰਾਗ ਨੂੰ ਮਿਲਾ ਕੇ, ਕੀਰਤਨ ਦਾ ਗਾਇਨ ਕਰਨਾ ਫਿਰ ਅਜੇਹਾ ਪ੍ਰਭਾਵ ਪਾਉਣਾ, ਕਿ ਸਾਰਾ ਨਗਰ ਹੀ ਸੁੰਨ-ਮੁੰਨ ਹੋ ਜਾਏ, ਇਹ ਕਾਜ਼ੀ ਤੇ ਮੁੱਲਾਵਾਂ ਵਾਸਤੇ ਹੋਰ ਵੀ ਸ਼ਰਮ ਦੀ ਗਲ ਸੀ ਪਹਿਲੀ ਗਲ ਤਾਂ ਇਹ ਕੀ ਮੁਸਲਮਾਨਾ ਵਿੱਚ ਰਾਗਕਾਰੀ ਦੀ ਮਨਾਹੀ ਸੀ, ਦੂਸਰਾ ਇਕ ਹਿੰਦੂ ਗੁਰੂ ਨਾਲ ਮੁਸਲਮਾਨ ਦਾ ਰਹਿਣਾ, ਤੀਸਰਾ ਇਸਲਾਮੀ ਸ਼ਰ੍ਹਾਂ ਨੂੰ ਛੱਡ ਕੇ ਨਾਨਕ ਸ਼ਰ੍ਹਾਂ ਨੂੰ ਮੰਨਣ ਲੱਗ ਪੈਣਾ, ਚੌਥਾ ਮੁਸਲਮਾਨੀ ਵਿਚਾਰਾਂ ਤੇ ਸੰਸਕਾਰਾਂ ਨੂੰ ਛੱਡਕੇ, ਗੁਰੂ ਨਾਨਕ ਦੇ ਵਿਚਾਰਾਂ ਤੇ ਸੰਸਕਾਰਾਂ ਦਾ ਨਿਡਰ ਹੋ ਕੇ ਸਾਥ ਦੇਣਾ। ਭਾਈ

ਮਰਦਾਨੇ ਦੀਆਂ ਰਬਾਬ ਧੁਨ੍ਹਾਂ ਸਰਬ ਮੁਸਲਮਾਨੀ ਦੇਸ਼ਾ ਨੇ ਸੁਣੀਆਂ, ਪਰਨਾਂ ਮਰਦਾਨਾ ਕਿਸੇ ਡਰ ਕਰਕੇ ਘਬਰਾਇਆ, ਅਤੇ ਨਾਂ ਹੀ ਕਾਜ਼ੀ ਮੁੱਲਾਂ ਉਸ ਨੂੰ ਡਰਾਉਣ ਦੀ ਜੁਰਅਤ ਕਰ ਸਕੇ। ਮਰਦਾਨਾ ਨਿਰਭੈ ਤੇ ਨਿਰਭਓ ਪਦ ਨੂੰਪ੍ਰਾਪਤ ਹੋ ਚੁੱਕਾ ਸੀ। ਇਹ ਦਾਤ ਉਸ ਨੂੰ ਜਗਤ ਬਾਬਾ ਨੇ ਦਿੱਤੀ ਸੀ।

ਭਾਈ ਮਰਦਾਨਾ ਗੁਰੂ ਬਾਬੇ ਦਾ ਸੁਹਿਰਦ ਮਿੱਤਰ ਤੇ ਸਾਥੀ ਸੀ। ਧਰਤ ਲੁਕਾਈ ਦੇ ਸੁਧਾਰ ਲਈ ਅਗਰ ਗੁਰੂ ਬਾਬੇ ਨੂੰ ਭੁਖਾਂ ਕੱਟਣੀਆ ਪਈਆ ਤਾਂ ਮਰਦਾਨੇ ਨੇ ਵੀ ਬੜੇ ਸਬਰ ਸੰਤੋਖ ਤੇ ਸਹਿਜਤਾ ਨਾਲ ਭੁੱਖਾਂ ਕੱਟੀਆਂ। ਅਗਰ ਕਈ ਤਰ੍ਹਾਂ ਦੀਆਂ ਕਠਨਾਈਆਂ ਤੇ ਮੁਸ਼ਕਿਲਾਂ ਗੁਰੂ ਬਾਬੇ ਨੇ ਕੱਟੀਆਂ ਤਾਂ ਭਾਈ ਮਰਦਾਨੇ ਨੇ ਵੀ ਪੂਰੇ ਸਾਹਸ ਤੇ ਦਬੰਗਤਾ ਨਾਲ ਉਹ ਮੁਸ਼ਕਿਲਾਂ ਕੱਟੀਆਂ ਹੋਣਗੀਆਂ। ਅਗਰ ਸਫਰਾਂ ਦੀ ਥਕਾਵਟ ਨੂੰ ਗੁਰੂ ਬਾਬੇ ਮਹਿਸੂਸ ਨਹੀ ਕੀਤਾ ਤਾਂ ਭਾਈ ਮਰਦਾਨਾ ਵੀ ਥਕਾਵਟ ਤੋਂ ਨਿਰਾਸ ਹੋ ਕੇ ਵਾਪਸ ਤਲਵੰਡੀ ਨਹੀ ਤੁਰ ਪਿਆ, ਸਗੋਂ ਪੂਰੇ ਸਿਰੜ ਨਾਲ ਗੁਰੂ ਬਾਬੇ ਦੇ ਮਨੋਰਥ ਨੂੰ ਪੂਰਾ ਕਰਨ ਲਈ ਉਨ੍ਹਾਂ ਦਾ ਹਰ ਤਰ੍ਹਾਂ ਸਾਥ ਦਿੱਤਾ। ਲੰਮੇ ਸਮੇ ਦੇ ਸਾਥ ਨਾਲ ਗੁਰੂ ਬਾਬੇ ਤੇ ਮਰਦਾਨੇ ਦਾ ਜੀਵਨ ਮਨੋਰਥ ਇਕ ਹੀ ਹੋ ਗਿਆ ਸੀ ਕਿਉਂਕਿ ਦੋਵੇਂ ਕਿਸੇ ਮਹਾਨ ਤੇ ਆਦਰਸ਼ਵਾਦੀ ਪ੍ਰਯੋਜਨ ਦੀ ਪੂਰਨਤਾ ਵਾਸਤੇ ਯਤਨ ਕਰ ਰਹੇ ਸਨ। ਅਜਿਹੀ ਮਰਦਾਨਗੀ ਦੇ ਮਾਲਕ ਭਾਈ ਮਰਦਾਨਾ ਨੂੰ ਜਨਮ ਸਾਖੀ ਦੇ ਲੇਖਕਾਂ ਦਾ ਉਸ ਨੂੰ ਭੁੱਖਾਂ, ਤ੍ਰਿਹਾਇਆ, ਲੋਭੀ, ਲਾਲਚੀ, ਕੰਮਜ਼ੋਰ, ਡਰਪੋਕ, ਪਰਯੋਜਨ-ਰਹਿਤ ਤੇ ਮਸ਼ਕਰੇ ਦੇ ਰੂਪ ਵਿੱਚ ਮੂਰਤੀਮਾਨ ਕਰਨਾ ਬਹੁਤ ਹੀ ਅਸੁਭਾਵਿਕ ਲਗਦਾ ਹੈ।

ਬਾਬਾ ਨਾਨਕ ਅਤੇ ਮਰਦਾਨੇ ਦਾ ਸ਼ਬਦ ਅਤੇ ਨਾਦ ਦਾ ਜਦੋਂ ਮੇਲ ਹੋ ਗਿਆ ਤਾਂ ਜਿਸ ਪ੍ਰਕਾਰ ਦੀਆਂ ਕਰਾਮਾਤਾਂ ਵਾਪਰਦੀਆਂ ਹਨ, ਉਨ੍ਹਾਂ ਦੀ ਮਿਸਾਲ ਹੋਰ ਦੁਨੀਆਂ ਦੇ ਇਤਿਹਾਸ ਵਿੱਚ ਕਿਧਰੇ ਨਹੀ ਮਿਲਦੀ। ਪਰ ਬੜੇ ਅਫਸੋਸ ਨਾਲ ਕਿਹਣਾ ਪੈਂਦਾ ਹੈ ਕਿ ਮਰਦਾਨੇ ਵਰਗੇ ਗੁਰਸਿੱਖ, ਨਿਰਛਲ ਤੇ ਨਿਰਕਪਟ, ਕਲਾਕਾਰ ਨੂੰ ਗਲਤ ਤਾਰੀਕੇ ਨਾਲ ਪੇਸ਼ ਕੀਤਾ ਗਿਆ ਹੈ। ਅਸਲ ਗਲ ਇਹ ਹੈ ਕਿ ਅਸੀ ਲੋਕਾਂ ਨੇ ਜਨਮ ਸਾਖੀਆਂ ਨੂੰ ਗਲਤ ਸਮਝਿਆ ਹੈ। ਅਸੀ ਸਾਖੀਆਂ ਦੇ ਕੇਂਦਰ ਬਿੰਦੂ ਨੂੰ ਭੁੱਲ ਕੇ ਆਸ-ਪਾਸ ਦੇ ਵੇਰਵਿਆ ਨੂੰ ਹੀ ਜ਼ਿਆਦਾ ਪ੍ਰਭਾਵ ਪੂਰਨ ਮੰਨਿਆ ਹੈ।

ਡਾ. ਕਰਨਜੀਤ ਸਿੰਘ ਜੀ ਨੇ ਜਨਮ ਸਾਖੀਆਂ ਦੇ ਲੇਖਕਾਂ ਦੇ ਮਨੋਰਥ ਨੂੰ ਬੜੇ ਸੁੱਚਜੇ ਤਰੀਕੇ ਨਾਲ ਸਾਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ। ਆਪ ਜੀ ਲਿਖਦੇ ਹਨ ਕਿ 'ਸਾਖੀਕਾਰਾਂ ਦਾ ਪਹਿਲਾ ਮਨੋਰਥ ਗੁਰੂ ਸਾਹਿਬ ਦੇ ਜੀਵਨ ਦੀਆਂ ਕੁਝ ਚੋਣਵੀਆਂ ਘਟਨਾਵਾਂ ਦੇ ਵਿਵਰਣ ਦੁਆਰਾ ਗੁਰਬਾਣੀ ਦੀ ਵਿਚਾਰਧਾਰਾ ਦੀ ਵਿਆਖਿਆ ਕਰਨਾ ਤੇ ਇਸ ਦਾ ਪ੍ਰਚਾਰ ਕਰਨਾ ਪ੍ਰਤੀਤ ਹੁੰਦਾ ਹੈ। ਨਾਲ ਹੀ ਉਨ੍ਹਾਂ ਦੇ ਸਾਹਮਣੇ ਇਹ ਮਸਲਾ ਵੀ ਹੈ ਕਿ ਪਾਠਕਾਂ ਦੀ ਦਿਲਚਸਪੀ ਬਣੀ ਰਹੇ। ਇਸ ਲਈ ਉਹ ਲੋਕ ਕਥਾਵਾਂ ਅਤੇ ਮਿੱਥਾਂ ਆਦਿ ਦੀ ਵਰਤੋਂ ਕਰਦੇ ਹਨ ਅਤੇ ਮਰਦਾਨੇ ਨੂੰ ਇਕ ਮਾਧਿਅਮ ਦੇ ਰੂਪ ਵਿੱਚ ਵਰਤਦੇ ਹਨ। ਇਸ ਲਈ ਜਨਮ ਸਾਖੀਆਂ ਵਿਚੋਂ ਨਾਂ ਤਾਂ ਨਿਰੋਲ ਇਤਿਹਾਸਕ ਵਾਸਤਵਿਕਤਾ ਲੱਭਣ ਦਾ ਹੀ ਯਤਨ ਕਰਨਾ ਚਾਹੀਦਾ ਹੈ ਅਤੇ ਨਾਂ ਹੀ ਕਥਾ ਸਮਗਰੀ ਨੂੰ ਨਿਰੋਲ ਤੱਥ ਸਵੀਕਾਰ ਕਰਨਾ ਚਾਹੀਦਾ ਹੈ।

ਕਈ ਗੱਲਾਂ ਜਿਨ੍ਹਾ ਨੂੰ ਸੱਚ ਤੇ ਤੱਥ ਮਨ ਲਿਆ ਗਿਆ ਹੈ ਉਹ ਅਸਲ ਵਿੱਚ ਸਾਖੀਕਾਰਾਂ ਦੀਆਂ ਸੰਚਾਰ-ਜੁਗਤਾਂ ਹਨ। ਮਰਦਾਨੇ ਦਾ ਵਿਹਾਰ ਵੀ ਇਕ ਜੁਗਤ ਹੈ ਜਿਸ ਨਾਲ ਸਾਖੀਕਾਰ ਕੁਝ ਦੱਸਣਾ ਚਾਹੁੰਦਾ ਹੈ। ਮਿਸਾਲ ਵਾਸਤੇ ਇਸ ਗੱਲ ਤੋਂ ਕਿਵੇਂ ਇਨਕਾਰ ਕੀਤਾ ਜਾ ਸੱਕਦਾ ਹੈ ਕਿ ਸਫ਼ਰ ਲਈ ਨਿਕਲੇ ਦੋ ਸਾਥੀ, ਦੋ ਮਿੱਤਰ ਕਿਸੇ ਨਾ ਕਿਸੇ ਗਲ ਨੂੰ ਹਲਕੇ-ਫੁਲਕੇ ਠੱਠੇ ਮਜਾਕ ਦਾ ਮਜ਼ਬੂਨ ਬਣਾ ਹੀ ਸੱਕਦੇ ਸਨ। ਇਸ ਵਾਸਤੇ ਇਹ ਗੱਲ ਹਲਕਾ ਫੁਲਕਾ ਮਜ਼ਾਕ ਵੀ ਹੋ ਸਕਦਾ ਹੈ ਕਿ ਭਾਈ ਮਰਦਾਨਾ ਬਾਬੇ ਨਾਲ ਖਫ਼ਾ ਹੋ ਕੇ ਉਸ ਦਾ ਸਾਥ ਛੱਡ ਜਾਣ ਲਈ ਤਿਆਰ ਹੋ ਪਿਆ, ਦਿਖਾਇਆ ਹੈ। ਪੁਰਾਤਨ ਜਨਮ ਸਾਖੀ ਵਿੱਚ ਮਰਦਾਨੇ ਦੀ ਭੁੱਖ ਦੂਰ ਕਰਨ ਦੀ ਸਾਖੀ ਆਉਂਦੀ ਹੈ, ਜਦੋਂ ਬਾਬੇ ਦਾ ਹੁਕਮ ਮੰਨਕੇ ਮਰਦਾਨੇ ਨੇ ਇਕ ਪੇੜ ਦੇ ਫੱਲ ਖਾਕੇ ਭੁੱਖ ਮਿਟਾਈ। ਪਰ ਫੱਲ ਇਤਨੇ ਸੁਆਦ ਲੱਗੇ ਕਿ ਬਾਬੇ ਦੀ ਹੁਕਮ ਅਦੂਲੀ ਕਰਕੇ ਪੱਲੇ ਵੀ ਬੰਨ੍ਹ ਲਏ। ਸਾਖੀ ਦੇ ਅਖੀਰ ਵਿੱਚ ਆਉਂਦਾ ਹੈ ਕਿ 'ਤਬਿ ਮਰਦਾਨੇ ਆਖਿਆ- 'ਸੁਹਾਣ ਤੇਰੀ ਭਗਤਿ ਨੂੰ ਅਤੇ ਤੇਰੀ ਕਮਾਈ ਨੂੰ ਅਸੀ ਤਾਂ ਡੂਮ ਮੰਗਿ ਪਿਨਿਖਾਧਾ ਲੋੜਾਹਾਂ। ਤੂੰ ਅਤੀਤ ਮਹਾਪੁਰਸ਼ ਖਾਹਿ ਪੀਵਹਿ ਕਿਛੁ ਨਹੀ, ਅਤੇ ਵਸਤੀ ਵੜੈ ਨਹੀ, ਹਉ ਕਿਉ ਕਰਿ ਤੁਦਿ ਨਾਲ ਰਹਾਂ? ਅਸਾਂ ਨੂੰ ਵਿਦਾ ਕਰ।[5]

ਭਾਈ ਵੀਰ ਸਿੰਘ ਜੀ ਦੇ ਸ਼ਬਦਾਂ ਵਿੱਚ ਤਬ ਬਾਬੇ ਨਾਨਕ

ਨੇ ਕਿਹਾ 'ਮਰਦਾਨਿਆ ਕਿਵੈ ਰਹੈ ਭੀ? ਮਰਦਾਨੇ ਆਖਿਆ 'ਹਉ ਤਾਂ ਰਹਾਂ ਜੇ ਮੇਰੀ ਭੁੱਖ ਗਵਾਵਹਿ, ਜੋ ਤੇਰਾ ਆਹਾਰ ਹੋਵੈ ਸੋ ਮੇਰਾ ਹੋਵੈ, ਸੋ ਮੇਰਾ ਆਹਾਰ ਕਰਹਿ। ਜੇ ਤੂੰ ਇਹ ਕੰਮ ਕਰਹਿ ਤਾਂ ਤੇਰੇ ਨਾਲ ਰਹਾਂ। ਤਾਂ ਇਹ ਬਚਨ ਕਰਹਿ ਜੋ ਮੇਰੇ ਕਰਮ ਵੀ ਨਾ ਬੀਚਾਰਹਿ ਤਾਂ ਹਉ ਤੇਰੇ ਨਾਲੇ ਰਹਾਂ, ਜੇ ਤੂੰ ਇਹ ਕੰਮ ਕਰੈ ਨਾਹੀ ਤਾਂ ਮੈਨੂੰ ਵਿਦਾ ਕਰ।' ਭਾਈ ਵੀਰ ਸਿੰਘ ਨੇ ਤਾਂ ਇਸ ਨੂੰ ਭਾਈ ਮਰਦਾਨੇ ਦਾ ਲਾਡ ਭਰਿਆ ਰੁਸੇਵਾ ਆਖਿਆ ਹੈ। ਪਰ ਜਰਾ ਸੋਚੀਏ ਕਿ ਮਰਦਾਨੇ ਨੇ ਗੁਰੂ ਜੀ ਤੋਂ ਕੀ ਮੰਗਿਆ ਹੈ। ਉਹ ਬਾਬੇ ਦੀ ਤਰ੍ਹਾਂ ਹੀ ਹੋ ਜਾਣਾ ਲੋਚਦਾ ਹੈ ਤਾਂ ਕਿ ਸਹਿਜਤਾ ਨਾਲ ਉਹ ਵੀ ਬਾਬੇ ਦੀ ਤਰ੍ਹਾਂ ਹੀ ਸਾਰੀਆਂ ਮੁਸ਼ਕਿਲਾਂ ਨੂੰ ਦਬੰਗਤਾ ਨਾਲ ਸਹਿਨ ਕਰ ਲਵੇ ਤੇ ਬਾਬੇ ਦਾ ਸੰਗੀ ਸਾਥੀ ਬਣਿਆ ਰਹੈ।

ਬਾਬੇ ਨੇ ਇਹ ਸੁਣ ਨੇ ਮਰਦਾਨੇ ਨੂੰ ਗਲੇ ਲਗਾ ਲਿਆ ਤੇ ਕਿਹਾ ਮਰਦਾਨਿਆਂ ਤੂੰ ਠੀਕ ਆਖਦਾ ਹੈ। ਭਾਈ ਵੀਰ ਸਿੰਘ ਜੀ ਦੇ ਸ਼ਬਦਾਂ ਵਿੱਚ ਭਾਈ ਮਰਦਾਨਾ ਕਹਿੰਦਾ ਹੈ ਹੇ ਮੇਰੇ ਮਾਲਕ, ਮੇਰੀ ਮਤ ਪੂਰੀ ਨਹੀ ਨਾਂ ਹੀ ਮੇਰੇ ਪਾਸ ਰੂਪ ਹੈ, ਨਾਂ ਹੀ ਧਨ ਹੈ, ਨਾਂ ਸੋਹਣੇ ਮ੍ਰਿਗ ਵਰਗੇ ਨੈਣ ਹਨ, ਨਾਂ ਬੁਲਬੁਲ ਵਰਗੀ ਮਿੱਠੀ ਬੋਲੀ ਤੇ ਨਾਂ ਹੀ ਮੋਰ ਜੈਸੀ ਸੋਹਣੀ ਚਾਲ ਹੈ ਮੇਰੇ ਕੋਲ, ਨਾ ਮੇਰੇ ਪੱਲੇ ਕੋਈ ਚੱਜ-ਅਚਾਰ ਤੇ ਗੁਣ ਹੈ ਤਾਂ ਮੈਂ ਕਿਸ ਤਰ੍ਹਾਂ ਤੇਰੇ ਨਾਲ ਨਿਭਾ। ਦੇਖੋ ਕਿਵੇਂ ਆਪਣੇ ਆਪ ਨੂੰ ਜਿਸ ਤਰ੍ਹਾਂ ਅਕਾਲ ਪੁਰਖ ਦੇ ਸਾਹਮਣੇ ਆਪਣੇ ਆਪ ਨੂੰ ਅਸੀ ਨਾਚੀਜ਼ ਸਮਝਦੇ ਹਾਂ, ਉਹ ਸੱਭ ਵੀ ਤਾਂ ਮਰਦਾਨਾ ਗੁਰੂ ਬਾਬੇ ਨੂੰ ਅਕਾਲ ਰੂਪ ਜਾਣ ਕੇ ਆਪਣੇ ਨਿਮਾਣੇਪਨ ਦਾ ਵਰਨਣ ਕਰਦਾ ਹੈ। ਫਿਰ ਬੜੀ ਅੱਪਣਤ ਨਾਲ ਕਹਿੰਦਾ ਹੈ ਦੇਖੋ ਜੇ ਮੈ ਭੁੱਲਾਂ ਤਾ ਤੁਸੀ ਮੈਨੂੰ ਠੀਕ ਰਾਸਤੇ ਪਾਵੋਗੇ, ਜੇ ਮੈ ਤੈਥੋ ਵਿਛੁੜਨਾ ਵੀ ਚਾਵਾ ਤੂੰ ਤਾਂ ਵੀ ਮੈਨੂੰ ਆਪਣੇ ਨਾਲ ਰੱਖੇਗਾ ਅਗਰ ਮੈਂ ਤੇਰੇ ਨਾਲ ਕਦੀ ਟੁਟ ਜਾਵਾਂ ਤਾਂ ਤੂੰ ਟੂਟੀ ਗੰਡੇਗਾ ਜੇ ਮੈਂ ਕਦੀ ਵਿਗੜ ਪਵਾ ਤਾਂ ਤੂੰ ਸੰਭਾਲ ਲਵੇ, ਮੈਂ ਤੇਰੇ ਤੋਂ ਮੂੰਹ ਵੀ ਮੋੜਾ ਤੂੰ ਗਲ ਲਾ ਲਵੇ, ਅਗਰ ਮੈ ਵਿਛੁੜਾ ਤਾਂ ਤੂੰ ਅੰਗ ਨਾਲ ਲਾਵੇ, ਜੇ ਮੈ ਮੂੜ-ਮੁਗਧ ਬੰਦਾ ਰੁਸ ਵੀ ਜਾਵਾ ਤਾਂ ਤੂੰ ਆਪਣੀ ਝੋਲੀ ਵਿੱਚ ਬਿਠਾ ਲਵੇ ਤੇ ਤੂੰ ਝੱਲਿਆ ਵਾਂਗ ਮੈਨੂੰ ਪਿਆਰ ਕਰੇ ਤਾਂ ਆਪਣੀ ਨਿਭਣੀ ਹੈ। ਹਮੇਸ਼ਾ ਦਰਸ਼ਨ ਦੇਂਦਾ ਰਵੇਂ ਤੇ ਆਪਣੇ ਚਰਨੀ ਲਗਾਈ ਰੱਖੇ ਤੇ ਤੂੰ ਕਦੀ ਵੀ ਅੱਕੇ ਨਾਂ ਇਸ ਤੋਂ ਤੇ ਤੂੰ ਮੇਰੇ ਐਬ ਵੀ ਚਿਤਾਰੇ ਨਾਂ ਤਾਂ ਹੀ ਆਪਣੀ ਨਿਭਦੀ ਹੈ ਤੇਰੇ ਨਾਲ। ਮੇਰੀਆ ਭੁੱਲਾਂ ਨੂੰ ਵਿਸਾਰ ਦੇਵੇ ਤੇ ਟੁਟੀ ਗੰਢ ਲਵੇ। ਮੇਰੀਆ ਇਨ੍ਹਾਂ ਆਦਤਾਂ ਨਾਲ ਤੂੰ ਮੈਨੂੰ ਪਿਆਰ ਕਰੇ ਤੇ ਰੀਝੇ ਤਾਂ ਮੇਰੀ ਤੇਰੇ ਨਾਲ ਨਿਭਦੀ ਹੈ।

ਮੇਰੀ ਐਉ ਨਿਭਦੀ ਤੁਧ ਨਾਲ
ਹੇ ਮੇਰੇ ਪਿਆਰੇ ਗੁਰ ਨਾਨਕ
ਐਉ ਨਿਭਦੀ ਤੁਧ ਨਾਲ
ਮੇਰੀ ਐਉ ਨਿਭਦੀ ਤੁਧ ਨਾਲ[6]

ਅਸਲ ਵਿੱਚ ਸਾਖੀਕਾਰ ਮਰਦਾਨੇ ਦੇ ਮਾਧਿਅਮ ਰਾਹੀ ਸਾਨੂੰ ਗੁਰੂ ਨਾਨਕ ਦੇਵ ਜੀ ਦੇ ਕਿਸੇ ਬਹੁਮੁਲੇ ਉਦੇਸ਼ ਨੂੰ ਸਾਡੇ ਤਕ ਪਹੁੰਚਾਣਾ ਚਾਹੁੰਦੇ ਹਨ। ਇਹ ਉਨ੍ਹਾਂ ਦੀ ਇਕ ਸੰਚਾਰ ਜੁਗਤ ਹੈ। ਇਸ ਸਾਖੀ ਰਾਹੀ ਉਹ ਮਰਦਾਨੇ ਦੀ ਭੁੱਖ ਨਹੀ ਸਗੋਂ ਸਾਨੂੰ ਸਮਝਾਉਣਾ ਚਾਹੁੰਦੇ ਹਨ ਕਿ 'ਨਾਂ ਤਾਂ ਭੁੱਖ ਨੂੰ ਮਾਰਨ ਦੀ ਲੋੜ ਹੈ ਅਤੇ ਨਾ ਹੀ ਭੁੱਖੀ ਨੀਤ ਵਾਲੇ ਬਣਨਾ ਚਾਹੀਦਾ ਹੈ' ਲੋੜ ਅਨੁਸਾਰ ਖਾਧਾ ਮਿਠਾ ਹੈ ਤੇ ਜਮਾ ਕੀਤਾ ਕੋੜਾ ਜ਼ਹਿਰ ਹੈ। ਇਸ ਤਰ੍ਹਾਂ ਮਰਦਾਨੇ ਦੇ ਹਵਾਲੇ ਨਾਲ ਸਮਾਜਕ ਪ੍ਰਸਥਿਤੀਆਂ ਅਤੇ ਸਮਾਜ ਦੀ ਕਾਣੀ ਵੰਡ ਦਾ ਤੇ ਜਾਤ-ਪਾਤ ਦਾ ਸ਼ਿਕਾਰ ਹੋਈਆਂ ਮਰਦਾਨੇ ਵਰਗੇ ਡੂਮ ਮਿਰਾਸੀ ਤੇ ਹੋਰ ਛੋਟੀਆਂ ਜਾਤਾਂ ਨਾਲ ਸਮਾਜ ਦੇ ਗਲਤ ਵਰਤੀਰੇ ਬਾਰੇ ਪਾਠਕਾਂ ਨੂੰ ਜਾਗਰਿਤ ਕਰਦੇ ਹਨ। ਪਰ ਅਗਰ ਮਰਦਾਨੇ ਵਲ ਦੇਖੀਏ ਤਾਂ ਉਹ ਜਾਤ-ਪਾਤ ਤੋਂ ਬਹੁਤ ਉਪਰ ਉਠ ਚੁੱਕਾ ਹੈ। ਉਸ ਦਾ ਜੀਵਨ ਉਸ ਗੁਰਸਿਖ ਵਰਗਾ ਹੈ, ਜਿਸ ਤਰ੍ਹਾਂ ਦਾ ਗੁਰੂ ਨਾਨਕ ਦੇਵ ਜੀ ਉਸ ਨੂੰ ਜਾਂ ਸਮਾਜ ਦੇ ਦੂਸਰੇ ਲੋਕਾਂ ਨੂੰ ਬਨਾਉਣਾ ਚਾਹੁੰਦੇ ਸਨ। ਮਰਦਾਨਾ ਤਾਂ ਸਮਾਜ ਲਈ ਇਕ ਆਦਰਸ਼ ਸੀ। ਜਦੋਂ ਤਲਵੰਡੀ ਤੋਂ ਗੁਰੂ ਜੀ ਸੁਲਤਾਨਪੁਰ ਚਲੇ ਗਏ ਤਾਂ ਉਹ ਵਿਛੋੜੇ ਕਾਰਨ ਬਿਹਬਲ ਹੁੰਦਾ ਹੈ ਤਾਂ ਮਿਲਾਪ ਲੋੜਦਾ ਹੈ। ਜਿੰਦਗੀ ਭਰ ਗੁਰੂ ਨਾਨਕ ਦੇਵ ਜੀ ਦੇ ਨਾਲ ਰਹਿਣਾ, ਉਦਾਸੀਆਂ ਸਮੇ ਨਾਲ ਜਾਣਾ, ਉਸ ਦਾ ਗੁਰੂ ਬਾਬੇ ਪ੍ਰਤੀ ਪਿਆਰ ਸੀ। ਉਹ ਆਪਣੀ ਮਰਜੀ ਨਾਲ ਗੁਰੂ ਬਾਬੇ ਨਾਲ ਤੁਰਿਆ ਸੀ। ਇਹ ਉਸ ਦਾ ਆਪਣਾ ਸੁਤੰਤਰ ਫੈਸਲਾ ਸੀ ਕਿਸੀ ਨੇ ਬੰਨ੍ਹਕੇ ਉਸ ਨੂੰਬਾਬੇ ਨਾਲ ਨਹੀ ਸੀ ਤੋਰਿਆ ਅਤੇ ਨਾਂ ਹੀ ਉਸ ਦੀ ਕੋਈ ਮਜਬੂਰੀ ਸੀ। ਉਸ ਨੇ ਇਹ ਦੁਰਗਮ, ਕਠਿਨਾਈਆਂ ਤੇ ਮੁਸੀਬਤਾਂ ਭਰਿਆ ਰਾਸਤਾ ਆਪ ਚੁਣਿਆ ਸੀ ਕਿਉਂਕਿ ਉਸ ਦਾ ਗੁਰੂ ਨਾਨਕ ਨਾਲ ਅਤਿਅੰਤ ਪਿਆਰ ਸੀ। ਉਹ ਤਾਂ ਜਲ ਦੀ ਮਛਲੀ ਦੀ ਤਰ੍ਹਾਂ ਸੀ, ਉਹ ਬਾਬੇ ਤੋਂ ਬਿਨ੍ਹਾਂ ਇਕਲਾ ਤਲਵੰਡੀ

ਵਿਖੇ ਇਵੇਂ ਹੀ ਤੜਫ ਰਿਹਾ ਸੀ ਜਿਵੇਂ ਜਲ ਤੋਂ ਬਿਨ੍ਹਾਂ ਮਛਲੀ ਤੜਫਦੀ ਹੈ। ਉਹ ਬਾਬੇ ਤੋਂ ਬਿਨ੍ਹਾਂ ਰਹਿ ਨਹੀ ਸੀ ਸਕਦਾ।

ਜਦੋਂ ਗੁਰੁ ਜੀ ਵੇਈ ਵਿੱਚ ਇਸ਼ਨਾਨ ਕਰਨ ਗਏ, ਤਿੰਨ ਦਿਨ ਤਕ ਬਾਹਰ ਨਾਂ ਆਏ ਤਾਂ ਮਰਦਾਨਾ ਵੀ ਘਰ ਨਹੀਂ ਗਿਆ। ਵੇਈ ਦੇ ਆਸ-ਪਾਸ ਘੁੰਮ-ਘੁੰਮ ਕੇ ਵਿਛੋੜੇ ਦੇ ਸ਼ਬਦ ਪੜੇ ਤੇ ਵੈਰਾਗ ਵਿੱਚ ਕਿਛ ਖਾਵੇ ਨਾਂ ਤੇ ਵੇਈ ਤੇ ਹੀ ਤਿੰਨ ਦਿਨ ਰਿਹਾ। ਜਦੋਂ ਬਾਬਾ ਬਾਹਰ ਆਇਆ ਤਾਂ ਮਰਦਾਨੇ ਨੂੰ ਵੀ ਮਾਨੋ ਸਾਹ ਆਇਆ ਸੀ। ਉਹ ਤਾਂ ਉਸ ਵਕਤ ਤੋਂ ਹੀ ਬਾਬੇ ਦਾ ਹੋ ਗਿਆ ਸੀ। ਪਹਿਲੀ ਵਾਰੀ ਕਿਸੀ ਉਚੀ ਜਾਤ ਦੇ ਵਿਅਕਤੀ ਨੇ ਉਸ ਨੂੰ ਗਲੇ ਲਾਇਆ ਸੀ ਬਿਨ੍ਹਾਂ ਇਹ ਸੋਚੇ ਸਮਝੇ ਕਿ ਉਹ ਇਕ ਨੀਚ ਜਾਤ ਦਾ ਮਿਰਾਸੀ ਹੈ। ਅਗਰ ਮਰਦਾਨਾ ਅਸਾਮ ਵਿੱਚ ਨੂਰਸ਼ਾਹ ਦਾ ਬਣਾਇਆ ਮੇਮਣਾ ਬਣਦਾ ਹੈ ਤਾਂ ਮਰਦਾਨੇ ਦਾ ਪੱਕਾ ਵਿਸ਼ਵਾਸ ਸੀ ਕਿ ਗੁਰੂ ਬਾਬੇ ਦੇ ਆਉਣ ਨਾਲ ਉਹ ਫਿਰ ਇਨਸਾਨ ਬਣ ਜਾਵੇਗਾ। ਇਹ ਅੰਤਾਂ ਦੇ ਵਿਸ਼ਵਾਸ ਵਾਲੇ ਮਰਦਾਨੇ ਨੂੰ ਸਾਖੀ ਕਾਰ ਕਦੀ ਵੀ ਨਿਰਾਦਰ ਨਾਲ ਪੇਸ਼ ਨਹੀ ਕਰ ਸਕਦੇ ਸਨ। ਉਹ ਪਰਛਾਵੇਂ ਦੀ ਤਰ੍ਹਾਂ ਬਾਬੇ ਨਾਨਕ ਦੇ ਨਾਲ ਰਹਿਣ ਵਾਲਾ ਉਨ੍ਹਾਂ ਦਾ ਦਿਨ ਰਾਤ ਦਾ ਸਾਥੀ, ਦੁੱਖ ਸੁਖ ਦਾ ਸਾਥੀ, ਮਰਣ-ਜੀਉਣ ਦਾ ਸਾਥੀ, ਬਾਬੇ ਦੀ ਹਰ ਰਮਜ਼ ਨੂੰ ਸਮਝਣ ਵਾਲੇ ਮਰਦਾਨੇ ਦਾ ਨਿਰਾਦਰ ਕਰਨਾ ਸਾਖੀ ਕਾਰਾਂ ਦਾ ਮਕਸਦ ਨਹੀ ਉਹ ਤਾਂ ਸਿਰਫ ਮਰਦਾਨੇ ਦੇ ਮਾਧਿਅਮ ਦਵਾਰਾ ਜਗਤ ਨੂੰ ਨਾਨਕ ਦੇਵ ਜੀ ਦਾ ਉਪਦੇਸ਼ ਸੁਣਾ ਰਹੇ ਹੁੰਦੇ ਹਨ। ਇਹ ਉਨ੍ਹਾਂ ਦੀ ਸੰਚਾਰ ਜੁਗਤ ਕਹੀ ਜਾ ਸਕਦੀ ਹੈ, ਗੁਰੂ ਨਾਨਕ ਦੇ ਪਿਆਰੇ ਮਰਦਾਨੇ ਦਾ ਨਿਰਾਦਰ ਨਹੀ।

ਤਾਰੀਖੇ ਪੰਜਾਬ ਵਿੱਚ, ਪ੍ਰਿੰਸੀਪਲ ਸਤਿਬੀਰ ਸਿੰਘ ਜੀ ਦਸਦੇ ਹਨ ਕਿ ਲਿਖਿਆ ਹੈ ਕਿ 'ਮਰਦਾਨੇ ਦੀ ਰਬਾਬ ਦੀ ਹਰ ਤਾਰ ਚੋਂ ਨਿਰੰਕਾਰ ਨਾਨਕ ਬੰਦਾ ਤੇਰਾ ਹੈ' ਦੀ ਧੁਨਿ ਨਿਕਲਦੀ ਰਹਿੰਦੀ ਸੀ ਅਤੇ ਬਾਬਾ ਜੀ ਕਰਤਾਰ ਕਰਤਾਰ ਬੋਲਦੇ ਰਹਿੰਦੇ ਸਨ। ਜਿਸ ਮਰਦਾਨੇ ਨੂੰ ਗੁਰੂ ਨਾਨਕ ਦੇਵ ਜੀ ਨਾਲ ਮਿਲਣ ਤੋਂ ਪਹਿਲਾਂ ਆਪਣੇ ਬੱਚਿਆਂ ਦੇ ਦਾਣੇ ਫੱਕੇ ਦਾ ਫਿਕਰ ਸੀ, ਉਹ ਹੀ ਹੁਣ ਅਸਲ ਮਰਦਾਨਾ ਬਣ ਸਿਰਫ ਸ਼ਬਦ ਕੀਰਤੀ ਤੇ ਨਾਮ ਦਾ ਹੀ ਢੂੰਡਾਉ ਹੋ ਗਿਆ। ਜੋ ਆਗਿਆ ਗੁਰੂ ਨਾਨਕ ਜੀ ਨੇ ਕੀਤੀ ਮਰਦਾਨਾ ਜੀ ਨੇ ਮੰਨੀ ਅਤੇ ਉਸ ਉਤੇ ਫੁੱਲ ਚੜਾਏ।

ਜਦੋਂ ਆਪ ਜੀ ਨੇ ਪਹਿਲੀ ਉਦਾਸੀ ਸ਼ੁਰੂ ਕੀਤੀ ਤਾਂ ਆਪ ਜੀ ਹੜੱਪਾ ਵਿਖੇ ਪਹੁੰਚੇ ਤਾਂ ਬਾਬਾ ਜੀ ਨੇ ਮਰਦਾਨੇ ਨੂੰ ਕਿਹਾ ਮਰਦਾਨੇ ਭੁੱਖ ਲੱਗੀ ਹੈ ਤਾਂ, ਮਰਦਾਨਾ ਇਥੇ ਉਪਲਾਂ ਦਾ ਘਰ ਹੈ ਤੂੰ ਓਥੇਂ ਜਾ ਜਦੋਂ ਮਰਦਾਨਾ ਉਥੇਂ ਗਿਆ ਤਾਂ ਉਥੋਂ ਦੇ ਲੋਕਾਂ ਨੇ ਮਰਦਾਨੇ ਦੀ ਬਹੁਤ ਸੇਵਾ ਕੀਤੀ ਤੇ ਬੜੇ ਬਸਤ੍ਰ ਤੇ ਮਾਇਆ ਦਿੱਤੀ, ਮਰਦਾਨਾ ਇਹ ਸੱਭ ਵਸਤਾ ਗਠੜੀ ਬੰਨ ਕੇ ਲੈ ਆਇਆ। ਬਾਬਾ ਜੀ ਦੂਰੋਂ ਦੇਖ ਕੇ ਹੱਸ ਪਏ ਤੇ ਕਿਹਾ ਮਰਦਾਨਿਆਂ ਇਹ ਕੀ? 'ਲੋਕਾਂ ਜੋ ਚੜਾਏ, ਸੋ ਆਣੈ ਹੈਨਿ। ਜਿਵੇ ਰਜਾਇ ਹੋਵੈ ਤਿਵੈ ਮੈਂ ਕਰੀ।' ਗੁਰੂ ਜੀ ਕਿਹਾ, 'ਮਰਦਾਨਿਆ ਤੈਂ ਆਦੇ ਸੇ ਭਲਾ ਕੀਤਾ। ਪਰ ਇਹ ਸਾਡੇ ਕੰਮ ਨਹੀ, ਪਏ ਭਠਿ, ਇਹ ਸੁਟ ਘਤੁ ਏਥਾਉ।' ਮਰਦਾਨਾ ਜੀ ਨੇ ਸਾਰੇ ਪਦਾਰਥ ਉਥੇ ਹੀ ਸੁਟ ਦਿੱਤੇ। ਮਰਦਾਨਾ ਜੀ ਤਾਂ ਸਾਡੇ ਲਈ ਪੂਰਨੇ ਪਾ ਰਹੇ ਸਨ। ਮਰਦਾਨਾ ਜੀ ਨੂੰ ਪੈਂਡੇ ਦੇ ਕਿਤਨੇ ਕੁ ਦੁੱਖ ਸਹਾਰਨੇ ਪਏ, ਇਸ ਦਾ ਅੰਦਾਜ਼ਾ ਇਸ ਤੋਂ ਹੀ ਲਗਾਇਆ ਜਾ ਸਕਦਾ ਹੈ ਕਿ ਉਨ੍ਹਾਂ ਨੂੰ ਕਈ ਕਈ ਦਿਨ ਭੁੱਖਾਂ ਰਹਿਣਾ ਪਿਆ। ਉਜਾੜਾਂ ਥੱਲਾਂ ਤੇ ਨੋਕੀਲੇ ਪੱਥਰਾਂ ਉਤੇ ਟੁਰਦੇ ਵੀ ਉਹ ਕਰਤਾਰ ਕਰਤਾਰ ਗਜਾਂਦੇ ਰਹੇ। ਉਸ ਨੂੰ ਅਗਰ ਗੁਰੂ ਸਾਹਿਬ ਨੇ ਅੱਕ ਖਾਣ ਲਈ ਕਿਹਾ ਤਾਂ ਹੱਸ ਹੱਸ ਕੇ ਅੱਕ ਖਾ ਕੇ ਰੋੜਾਂ ਦੀ ਵਿਛਾਈ ਕੀਤੀ। ਹਰ ਉਹ ਤਸੀਹਾ ਝਲਿਆ ਜੋ ਉਸ ਦੇ ਬਾਬੇ ਨੇ ਸਹਾਰਿਆ। ਇਸੇ ਤਰ੍ਹਾਂ ਮਰਦਾਨੇ ਦੇ ਮਾਧਿਅਮ ਰਾਹੀ ਕਲਜੁਗ ਦੀ ਸਾਖੀ ਦਵਾਰਾ ਸਾਨੂੰ ਸਮਝਾਇਆ ਹੈ ਕਿ ਕਲਜੁਗ ਬੜਾ ਬਲਵਾਨ ਹੋਵੇਗਾ, ਪਰ ਉਸ ਦੀ ਕੀਰਤ ਅਗੇ ਇਕ ਨਹੀ ਚਲਦੀ। ਮਰਦਾਨੇ ਰਾਹੀ ਬਾਬੇ ਨੇ ਕਲਜੁਗ ਦੀ ਕਮਜੋਰੀ ਨੂੰ ਨੰਗਿਆ ਕੀਤਾ ਹੈ। ਸਾਰੇ ਭੇਦ ਖੋਲ ਦਿੱਤੇ। ਕਲਜੁਗ ਜਿਤਿਆ ਗਿਆ। ਬਾਬਾ ਸ਼ਬਦ ਹੈ, ਮਰਦਾਨਾ ਸੁਰਤ ਹੈ। ਸੁਰਤ ਭੁਲ ਜਾਂਦੀ ਹੈ ਤੇ ਕਲਜੁਗ ਆ ਜਾਂਦਾ ਹੈ। ਸ਼ਬਦ ਟੁੱਟਾ ਨਹੀ ਕਿ ਸੁਰਤਿ ਡਿੱਗੀ ਨਹੀ।'

ਮਰਦਾਨਾ ਗੁਰੂ ਬਾਬੇ ਦਾ ਗੂੜਾ ਮਿਤਰ ਸੀ। ਲੰਮੇ ਸਫ਼ਰ ਵਿੱਚ ਬਾਬੇ ਨੇ ਮਰਦਾਨੇ ਨੂੰ ਆਪਣੇ ਨਾਲ ਲਿਆ, ਕਿਉਂਕਿ ਉਹ ਮਰਦਾਨੇ ਨਾਲ ਆਪਣੇ ਦਿਲ ਦੀ ਗਲ ਕਰ ਸਕਦੇ ਸਨ, ਉਸ ਦੀ ਸੰਗਤ ਨਾਲ ਸਫ਼ਰ ਸੁਖਾਲਾ ਹੁੰਦਾ ਦਿਖਦਾ ਸੀ, ਉਸ ਨਾਲ ਬਾਬੇ ਦੇ ਲਕਸ਼ ਦੀ ਸਾਂਝ ਸੀ, ਉਸ ਨਾਲ ਪਿਆਰ ਦਾ ਗੂੜਾ ਰਿਸ਼ਤਾ ਸੀ। ਇਸ ਮਿੱਤਰ ਨਾਲ ਉਹ ਹਸ-ਖੇਡ ਸਕਦੇ ਸਨ, ਠੱਠਾ ਮਖੋਲ ਵੀ ਕਰ ਸਕਦੇ ਸਨ। ਮਰਦਾਨਾ ਉਨ੍ਹਾਂ ਦੇ ਦਿਲ ਦੇ ਬਹੁਤ

ਕਰੀਬ ਸੀ। ਇਸ ਲਈ ਮਰਦਾਨਾ ਸਾਡੇ ਸਤਿਕਾਰ ਦਾ ਪਾਤਰ ਹੈ। ਭਾਈ ਮਰਦਾਨਾ ਨਿਮਰਤਾ ਦਾ ਪੂਜ ਸੀ। ਭਾਈ ਮਰਦਾਨਾ ਗੁਰੂ ਬਾਬੇ ਦੀ ਸੇਹਤ ਦਾ ਵੀ ਬਹੁਤ ਧਿਆਨ ਰੱਖਦਾ ਸੀ। ਭਾਈ ਵੀਰ ਸਿੰਘ ਜੀ ਦੇ ਗੁਰੂ ਨਾਨਕ ਚਮਤਕਾਰ ਪੜ੍ਹ ਕੇ ਪਤਾ ਲਗਦਾ ਹੈ ਕਿ ਗੁਰੂ ਨਾਨਕ ਦੇਵ ਜੀ ਭਾਈ ਮਰਦਾਨੇ ਨੂੰ ਕਿੰਨਾ ਪਿਆਰ ਕਰਦੇ ਸਨ। ਘਰ ਸੁਲਤਾਨਪੁਰ ਤੋਂ ਚੱਲਣ ਵਕਤ ਭੈਣ ਨਾਨਕੀ ਤੇ ਗੁਰੂ ਜੀ ਦੇ ਮਾਤਾ ਪਿਤਾ ਤੇ ਮਾਤਾ ਸੁਲੱਖਣੀ ਜੀ ਨੇ ਟੁਰਨ ਲੱਗਿਆ ਮਰਦਾਨੇ ਨੂੰ ਖਾਸ ਹਦਾਇਤ ਦਿੱਤੀ ਸੀ ਕਿ ਉਹ ਨਾਨਕ ਜੀ ਦਾ ਪੂਰਾ ਧਿਆਨ ਰੱਖੇ। ਇਸੀ ਹੁਕਮ ਦੇ ਤਹਿਤ ਕਦੀ ਉਹ ਮੇਮਣਾ ਬਣਦਾ ਹੈ, ਕਦੇ ਭੁੱਖ ਦੀ ਦੁਹਾਈ ਦੇਂਦਾ ਹੈ ਤੇ ਕਦੇ ਉਸ ਨੂੰ ਆਪਣੇ ਬੱਚੇ ਯਾਦ ਆਉਂਦੇ ਹਨ।

ਪ੍ਰੋ. ਕਿਰਪਾਲ ਸਿੰਘ ਜੀ ਨੇ ਠੀਕ ਲਿਖਿਆ ਹੈ 'ਗੁਰੂ ਜੀ ਦੇ ਸਫ਼ਰ ਸਮੇ ਆਪ ਦਾ ਸਾਥੀ, ਸੇਵਕ ਤੇ ਰਬਾਬੀ ਹੋਣ ਤੋਂ ਇਲਾਵਾ ਉਹ ਮਨੁਖੀ ਸੰਸਾਰ ਦੇ ਸੰਬੰਧਾਂ ਅਤੇ ਮਨੁਖੀ ਸਰੀਰ ਦੀਆਂ ਲੋੜਾਂ ਦਾ ਚਿਤਾਵਾਨੀਆਂ ਵੀ ਸੀ।[7] ਇਸੇ ਲਈ ਉਹ ਕਦੀ ਆਪਣੀ ਭੁਖ ਪਿਆਸ ਤੇ ਕਦੀ ਬੱਚਿਆ ਦੀ ਯਾਦ ਦਾ ਵਾਸਤਾ ਪਾਉਂਦਾ ਹੈ। ਇਹ ਮਰਦਾਨੇ ਦੀ ਬਾਬੇ ਪ੍ਰਤੀ ਚਿੰਤਾ ਹੈ। ਤੇ ਬਾਬੇ ਦਾ ਮਰਦਾਨੇ ਪ੍ਰਤੀ ਪਿਆਰ, ਦੇਖੋਂ ਮਰਦਾਨੇ ਦੀ ਜਬਾਨੀ 'ਸੁਹਾਣ ਤੇਰੇ ਜੇਰੇ ਨੂੰਜੋ ਮੈਂ ਮੂਰਖ ਨਾਲ ਕੱਟਦੇ ਹੋ, ਕੱਟਦੇ ਹੀ ਨਹੀ ਸਗੋਂ ਪਿਆਰ ਕਰਦੇ ਹੋ।[8] ਮਰਦਾਨਾ ਆਪਣੀ ਭੁੱਖ ਤਿਹ ਦਾ, ਥਕਾਵਟ ਆਦਿ ਦਾ ਜੋ ਵਾਸਤਾ ਪਾਉਂਦਾ ਹੈ ਉਸਦਾ ਮਨੋਰਥ ਵੀ ਬਾਬੇ ਦੀ ਸੇਹਤ ਦੀ ਚਿੰਤਾ ਹੈ। ਪਟਨਾ ਤੇ ਗਯਾ ਦੀ ਯਾਤਰਾ ਤੋਂ ਪਿਛੋ ਭਾਈ ਮਰਦਾਨਾ ਇਸੇ ਤਰ੍ਹਾਂ ਮੌਸਮ ਦਾ, ਥਕਾਂਨ ਦਾ, ਸਿਹਤ ਦਾ ਵਾਸਤਾ ਪਾਕੇ ਕੁਝ ਦਿਨ ਫਿਰਕੇ ਆਰਾਮ ਕਰ ਲੈਣ ਨੂੰ ਕਹਿੰਦਾ ਹੈ ਤਾਂ ਗੁਰੂ ਜੀ ਰਾਜ਼ੀ ਹੋ ਜਾਂਦੇ ਹਨ।

ਇਸ ਸਿਲਸਿਲੇ ਵਿੱਚ ਹੋਈ ਵਿਚਾਰ ਦਾ ਨਿਚੋੜ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦਿੰਦੇ ਹਨ[9] "ਗੁਰੂ ਜੀ ਮਰਦਾਨੇ ਦੇ ਇਸ ਪਿਆਰ ਨੂੰ ਸਮਝਦੇ ਸਨ। ਜਦੋਂ ਗੁਰੂ ਜੀ ਆਪਣੇ ਤੇ ਸ਼੍ਰਮ ਲੈਂਦੇ ਤਾਂ ਮਰਦਾਨਾ ਆਪਣੀ ਥਕਾਨ ਜਾਂ ਭੁੱਖ ਜਾਂ ਕਿਸੇ ਹੋਰ ਲੋੜ ਦੀ ਸ਼ਰਮ ਕਰਕੇ ਚੁੱਪ ਨਹੀ ਸੀ ਹੁੰਦਾ ਸਗੋਂ ਬੋਲ ਕੇ, ਦੱਸਕੇ ਆਪਣੀ ਖਾਤਰ ਵਾਸਤੇ ਪਾ ਪਾ ਕੇ ਉਨ੍ਹਾਂ ਨੂੰ ਆਰਾਮ ਲਈ ਟਿਕਾ ਲੈਂਦਾ ਹੈ। ਬਸੰਤ ਰੁਤ ਦੇ ਤੁਰੇ ਹੋਏ ਗੁਰੂ ਜੀ ਕਿਧਰੇ ਡੇਰਾ ਪਾ ਕੇ ਨਹੀ ਸਨ ਰਹੇ, ਕਿਧਰੇ ਦੋ ਕਿਧਰੇ ਚਾਰ ਦਿਨ ਠਹਿਰਦੇ, ਸਤਿਨਾਮ ਦਾ ਉਪਦੇਸ਼ ਦਿੰਦੇ ਅੱਗੇ ਹੀ ਅੱਗੇ ਜਾ ਰਹੇ ਸਨ ਤੇ ਹੁਣ ਬਰਸਾਤ ਲਗ ਰਹੀ ਸੀ, ਤ੍ਰੈ ਚਾਰ ਮਹੀਨੇ ਕੱਟ ਕੇ ਗਰਮੀ ਦਾ ਸ਼ਫ਼ਰ ਕੀਤਾ, ਉਪਦੇਸ਼ ਦਿੱਤੇ ਤੇ ਮੋਏ ਜੀਵਾਲ, ਜੀਅਦਾਨ ਦੇ ਕੇ ਹੁਣ ਮਰਦਾਨਾ ਚਾਹੁੰਦਾ ਸੀ ਕਿ ਮੇਰੇ ਮਾਲਕ ਜੀ ਚਾਰ ਦਿਨ ਆਰਾਮ ਕਰਨ। ਸਤਿਗੁਰੂ ਜੀ ਉਸ ਦੇ ਪਿਆਰ ਨੂੰ ਸਤਿਕਾਰ ਦੇਣ ਲਈ ਬੋਲੇ, "ਭਲਾ ਮਰਦਾਨਿਆ। ਜਿਥੇ ਹੁਣ ਕੋਈ ਨਗਰੀ ਆਉਂਦੀ ਹੈ ਚੁਮਾਸੇ ਦੇ ਦਿਨ ਅਟਕ ਜਾਵਾਂਗੇ।" ਭਾਈ ਵੀਰ ਸਿੰਘ ਜੀ ਦੇ ਗੁਰੂ ਨਾਨਕ ਚਮਤਕਾਰ ਪੜਿਆ ਸਮਝ ਲਗਦੀ ਹੈ ਕਿ ਮਰਦਾਨਾ ਕੀ ਸੀ? 'ਮਰਦਾਨਾ ਤਰਬ ਵਾਂਗ ਤਾਰ ਦੀ ਪ੍ਰਤੀ ਧੁਨੀ ਬਣ ਜਾਣਾ ਲੋਚਦਾ ਹੈ। ਉਹ ਸ਼ਬਦ ਨਾਦ ਵਿੱਚ ਘੁਲਮਿਲ ਜਾਣਾ ਚਾਹੁੰਦਾ ਹੈ। ਉਸ ਦੀ ਗੁਰੂ ਨੂੰ ਅਸੀਸ ਸੀ ਕਿ ਅਜੇਹਾ ਹੋਵੇਗਾ। ਉਸ ਉਤੇ ਗੁਰੂ ਜੀ ਦੀ ਮਿਹਰ ਸੀ ਕਿ ਅਜੇਹਾ ਹੋਇਆ।[10]

ਪ੍ਰਿੰਸੀਪਲ ਸਤਿਬੀਰ ਸਿੰਘ ਜੀ ਲਿਖਦੇ ਹਨ ਕਿ ਭਾਈ ਮਰਦਾਨਾ ਨਾਲ ਹੋਈਆਂ ਗੁਰੂ ਨਾਨਕ ਜੀ ਦੀਆਂ ਸਾਰੀਆਂ ਹੀ ਗੋਸ਼ਟਾਂ ਪੜ੍ਹਨ ਨਾਲ ਸਬੰਧ ਰੱਖਦੀਆਂ ਹਨ। ਹਰ ਗੋਸ਼ਟੀ ਨੇ ਕਈ ਗੁਹਜ ਭਾਵ ਖੋਲੇ ਹਨ। 'ਰਾਗਾਂ ਦੀ ਮਹੱਤਤਾ, ਧਨ ਪਿਰ ਦਾ ਵਿਛੁੜਨਾ ਸਮਾ ਕਿਹੜਾ ਚੰਗਾ, ਦਰਿਆ ਤੇ ਤਾਂ ਬੇੜਾ ਹੁੰਦਾ ਹੈ, ਮਲਾਹ ਪਾਰ ਲੰਘਾਂਦਾ ਹੈ ਤਿਵੇਂ ਸੰਸਾਰ ਦਰਿਆ ਹੈ, ਇਸ ਦਰਿਆ ਦਾ ਬੇੜਾ ਕਉਨ ਹੈ, ਲੰਘਾਉਣ ਵਾਲਾ ਕਉਨ ਹੈ। ਮਨੁੱਖ ਖੁਦਾ ਨਾਲ ਮਿਲਦਾ ਕਿਵੇਂ ਹੈ ਤੇ ਵਿਛੜਦਾ ਕਿਵੇਂ ਹੈ, ਜਿਸ ਨੇ ਉਸ ਨੂੰ ਪਾ ਲਿਆ, ਉਸ ਨੂੰ ਕਿਵੇਂ ਕਰ ਜਾਣੀਏ, ਆਦਿਕ ਕਿਤਨੇ ਹੀ ਸੁਆਲ ਪੁੱਛੇ। ਇਨ੍ਹਾਂ ਪ੍ਰਸ਼ਨਾਂ ਤੋਂ ਮਰਦਾਨਾ ਜੀ ਦੀ ਲਗਨ ਤੇ ਤੀਖਣ ਬੁੱਧੀ ਦਾ ਪਤਾ ਲਗਦਾ ਹੈ।[11]

ਸੰਸਾਰ ਭਲੇ ਲਈ ਗੁਰੂ ਨਾਨਕ ਜੀ ਨੇ ਹਰ ਉਠਾਏ ਗਏ ਪ੍ਰਸ਼ਨ ਦਾ ਉਤਰ ਦਿੱਤਾ। 'ਰਾਗ ਤਾਂ ਸਭ ਭਲੇ ਹੈਨਿ ਪਰ ਸਭ ਤੋਂ ਭਲਾ ਉਹ ਹੀ ਹੈ, ਜਿਸ ਦੁਆਰਾ ਉਹ ਚਿੱਤ ਆਵੇ। ਸਭੇ ਰੁਤੀ ਅਰ ਸਭੇ ਮਾਹ ਉਸੇ ਨੂੰਭਲੇ ਹੈਨਿ ਜਿਨ੍ਹਾਂ ਨੂੰ ਪਰਮੇਸ਼ਰ ਚਿੱਤ ਆਵਦਾ ਹੈ। ਬਾਣੀ ਬੋਹਥ ਹੈ ਗੁਰੂ ਲੰਘਾਵਣਹਾਰ ਮਲਾਹ ਹੈ। ਜੋ ਅੰਤਰ ਦੀ ਹਉਮੈ, ਜੋ ਗਰਬ ਹੈ, ਸੋ ਦਿਲ ਤੇ ਨਿਵਾਰ ਦੂਰ ਕਰੇ ਤੇ ਤਾਂ ਹੀ ਇਹ ਸਾਹਿਬ ਨੂੰਪਾਏ ਆਦਿ'।[12]

ਜਨਮ ਸਾਖੀਆਂ ਵਿੱਚ ਜ਼ਿਕਰ ਆਉਂਦਾ ਹੈ ਕਿ ਰਬਾਬ ਤੇ ਸ਼ਬਦ ਦੀ ਅਵਾਜ਼ ਸੁਣ ਕੇ ਲੋਕੀ ਬਾਬੇ ਪਾਸ ਖਿਚੇ ਚਲੇ ਆਉਂਦੇ

ਸਨ। ਜਦੋਂ ਬਗਦਾਦ ਦੇ ਬਾਹਰ ਬਾਬਾ ਨਾਨਕ ਤੇ ਮਰਦਾਨੇ ਨੇ ਡੇਰਾ ਲਾਇਆ ਤੇ ਕੀਰਤਨ ਆਰੰਭ ਕੀਤਾ ਤਾਂ ਸਾਰੀ ਨਗਰੀ ਸੁੰਨ-ਮੁੰਨ ਹੋ ਗਈ ਤੇ ਪੀਰ ਬਹੁਤ ਹੈਰਾਨ ਹੋਇਆ। ਬਗਦਾਦ ਦੇ ਖਲੀਫੇ ਦੇ ਮੁਰਸ਼ਦ ਅਬਦੁਲ ਰਹਿਮਾਨ ਨੇ ਆਪਣੇ ਚੇਲੇ ਅਬਦੁਲ ਵਜੀਦ ਤੇ ਦਸਤਗੀਰ ਨੂੰ ਗੁਰੂ ਜੀ ਪਾਸ ਭੇਜਿਆ ਕਿ ਉਹ ਜਾ ਕੇ ਸ਼ਬਦ-ਕੀਰਤਨ ਬੰਦ ਕਰਵਾਉਣ ਪਰ ਕੀਰਤਨ ਸੁਣਕੇ ਉਥੇ ਹੀ ਟਿਕ ਗਏ। ਜੋ ਵੀ ਆਵੇ ਉਹ ਕੀਰਤਨ ਵਿੱਚ ਜੁੜੀ ਜਾਵੇ। ਅਖੀਰ ਪੀਰ ਨੇ ਆਪ ਆ ਕੇ ਕਿਹਾ ਮੁਹਮਦੀ ਸ਼ਰ੍ਹਾਂ ਵਿੱਚ ਸਰੋਦ ਦੀ ਮਨਾਹੀ ਹੈ, ਸੋ ਬੰਦ ਕਰੋ ਸਰੋਦ। ਤਾਂ ਬਾਬੇ ਨਾਨਕ ਨੇ ਕਿਹਾ 'ਜੇ ਸਰੋਦ ਨੂੰ ਮੁਹੰਮਦ ਸਾਹਿਬ ਬੁਰਾ ਸਮਝਦੇ ਤਾਂ ਬੀਬੀ ਆਇਸ਼ਾ ਨੂੰ ਆਪਣੇ ਮੋਢਿਆ ਉਤੇ ਚੁੱਕ ਕੇ ਬਲੋਚਾਂ ਦੇ ਰਾਗ ਸੁਨਾਵਣ ਲਈ ਰਾਤ ਸਮੇਂ ਕਿਓ ਲੈ ਜਾਂਦੇ।' ਸਾਰਿਆ ਨੇ ਸਿਰ ਝੁਕਾ ਦਿੱਤਾ ਇਹ ਕੀਰਤਨ ਦੀ ਤਾਕਤ ਸੀ, ਜਿਨ੍ਹਾਂ ਰਬਾਬ ਫੜ **'ਗੜ ਬਗਦਾਦ ਨਿਵਾਇਕੇ ਮੱਕਾ ਮਦੀਨਾ ਸਭ ਨਿਵਾਇਆ।'**

ਮਰਦਾਨੇ ਕੋਲ, ਗੁਰੂ ਬਾਬੇ ਦੀ ਦਿੱਤੀ ਜੁਰਅਤ, ਨਿਰਭੈਤਾ ਤੇ ਬੇਬਾਕੀ ਵੀ ਰੱਜਕੇ ਸੀ। ਇਸਲਾਮੀ ਮੁਲਕਾਂ ਵਿੱਚ ਮਰਦਾਨਾ ਜੀ ਨੇ **'ਪਾਤਾਲਾ ਪਾਤਾਲ ਲਖ ਆਗਾਸਾ ਆਗਾਸ'** ਗਾਏ। ਪੀਰ ਜਲਾਲ ਦੇ ਪੁਤਰ ਜਲ ਜਲਾਲੀ ਨੇ ਕਿਹਾ 'ਜਾਂ ਇਹ ਕਾਫਰ ਹੈ ਤੇ ਜਾਂ ਬਾਉਲਾ।' ਮਰਦਾਨੇ ਨੇ ਉਸ ਸਮੇ ਹੀ ਕਿਹਾ 'ਮੈਂ ਬਾਵਲਾ ਨਹੀ, ਮੁਰਸ਼ਦ ਦੀ ਅਵਾਜ ਸੁਣਾ ਰਿਹਾ ਹਾਂ।' ਜਦੋਂ ਉਨ੍ਹਾਂ ਮੁਰਸ਼ਦ ਨਾਨਕ ਨੂੰ ਪਾਸ ਬੁਲਾਉਣ ਲਈ ਕਿਹਾ ਤਾਂ ਮਰਦਾਨਾ ਜੀ ਨੇ ਕਿਹਾ 'ਪੀਰ ਉਹ ਕਦੇ ਕਿਸੇ ਦੇ ਸੱਦਿਆ ਨਹੀਂ ਆਵਦਾ, ਬੇਪ੍ਰਵਾਹ ਹੈ, ਆਪ ਭਾਵੇਂ ਕਿਸੇ ਥਾਂ ਚਲਿਆ ਜਾਵੇ' ਸਮੇ ਦੇ ਹਾਕਮ ਸਾਹਮਣੇ ਠੀਕ ਗੱਲ ਆਖ ਦੇਣੀ ਮਰਦਾਨਾ ਜੀ ਦੀ ਹੀ ਜੁਰਅੱਤ ਸੀ। ਇਹ ਭਾਈ ਮਰਦਾਨੇ ਦੀ ਰਬਾਬ ਤੇ ਬਾਬੇ ਦੇ ਸ਼ਬਦ ਹੀ ਤਾਂ ਸਨ ਕਿ ਮੱਕੇ, ਮਦੀਨੇ ਤੇ ਬਗਦਾਦ ਵਿਖੇ ਬਾਬੇ ਤੇ ਮਰਦਾਨੇ ਨੂੰ ਸੰਗ ਸਾਰ ਕਰਨ ਆਇਆਂ ਦੇ ਪੱਥਰ ਹੱਥਾਂ ਵਿਚ ਪਕੜੇ ਹੀ ਰਹਿ ਗਏ ਸਨ, ਉਨ੍ਹਾਂ ਨੂੰ ਇਵੇ ਪ੍ਰਤੀਤ ਹੋਣ ਲੱਗਾ ਕਿ ਉਨ੍ਹਾਂ ਦੇ ਹੱਥ ਪੈਰ ਹਿਲਦੇ ਹੀ ਨਹੀ।

ਭਾਈ ਮਰਦਾਨਾ ਜੀ, ਅਰਸਤੂ ਵਾਂਗ ਉਦਾਹਰਣਾ ਦੇ ਕੇ ਸਾਨੂੰ ਮੱਤਾ ਦੇਂਦੇ ਸਨ ਤਾਂ ਕਿ ਅਸੀ ਨਿਮਾਣੇ ਜੀਵ ਕਿਸੇ ਦੇ ਜਾਲ ਜਾ ਚੁੰਗਲ ਵਿਚ ਨਾਂ ਫਸ ਜਾਈਏ। ਇਸੇ ਤਰ੍ਹਾਂ ਇਕ ਵਾਰ ਭਾਈ ਮਰਦਾਨਾ ਜੀ ਇਕ ਹੱਥ ਘੋੜੇ ਦੀ ਲਗਾਮ ਪਕੜੀ ਖੜੇ ਸਨ ਤਾਂ ਗੁਰੂ ਬਾਬੇ ਨੇ ਕਿਹਾ ਮਰਦਾਨਿਆ ਰਬਾਬ ਵਜਾਇ ਤਾਂ ਮਰਦਾਨੇ ਨੇ ਕਿਹਾ 'ਪਾਤਸ਼ਾਹ ਇਹ ਹੋਵੈ ਨਾਹੀ ਕਿਉਂਕਿ ਦੋਵੇਂ ਹੱਥ ਰੁੱਝੇ ਹਨ।' ਤਾਂ ਬਾਬੇ ਨੇ ਫੁਰਮਾਇਆ 'ਘੋੜਾ ਜਾਣ ਦੇ, ਰਬਾਬ ਵਜਾਇ' ਇਹ ਘੋੜੇ ਦਾ ਖਿਆਲ ਹੀ ਹਰ ਵੇਲੇ ਸੁਰਤਿ ਵਿਚ ਸ਼ਬਦ ਨਹੀ ਬੈਠਣ ਦਿੰਦਾ। ਕਿਸ ਤਰ੍ਹਾਂ ਗੁਰੂ ਬਾਬਾ ਸਾਨੂੰ ਮਰਦਾਨੇ ਦੇ ਮਾਧਿਅਮ ਰਾਹੀ ਸਮਝਾਉਂਦੇ ਹਨ।

ਕਰਤਾਰਪੁਰ ਸਾਹਿਬ ਦੀ ਗੱਲ ਹੈ ਕਿ ਸਜੀ ਧਜੀ ਗਹਿਣੇ ਕੱਪੜਿਆਂ ਨਾਲ ਲੱਦੀ ਔਰਤ ਮੱਥਾ ਟੇਕ ਕੇ ਦੂਰ ਬੈਠ ਗਈ, ਗੁਰੂ ਜੀ ਨੇ ਉਸ ਵੱਲ ਵੇਖਿਆ ਤੱਕ ਨਾ, ਮਰਦਾਨੇ ਦੇਖਕੇ ਕਿਹਾ 'ਇਹ ਕਾਉਣ ਹੈ, ਜੋ ਅੱਗੇ ਨਹੀ ਆਉਂਦੀ। ਗੁਰੂ ਜੀ ਫੁਰਮਾਏ ਕਿ 'ਇਹ ਦੁਨੀਆ ਹੈ, ਜਿਸ ਨੂੰ ਮਾਇਆ ਆਖਦੇ ਹਨ। ਇਸ ਨੇ ਵੱਡੇ ਵੱਡੇ ਦੇਵਤੇ, ਰਿਖੀ, ਅਵਤਾਰ, ਪੀਰ-ਪੈਗੰਬਰ ਆਪਣੇ ਵਸ ਕਰਕੇ ਬੰਦਰ ਵਾਂਗ ਨਚਾਏ ਹਨ। ਇਹ ਪਹਿਲਾਂ ਲੋਕਾਂ ਦੇ ਪੈਰ ਲਗਦੀ ਹੈ ਤੇ ਫਿਰ ਉਨ੍ਹਾਂ ਨੂੰ ਪੈਰੀ ਲਾ ਲੈਂਦੀ ਹੈ। ਇਹ ਡਰਦੀ ਸਾਡੇ ਪਾਸ ਨਹੀ ਆਉਂਦੀ, ਅਸਾਂ ਇਸ ਨੂੰਦੂਰ ਹੀ ਰੱਖਿਆ ਹੈ। ਸਾਡੇ ਪਿਛੇ ਇਹ ਬੂਹੇ ਤੱਕ ਆ ਜਾਵੇਗੀ, ਤੀਜੀ ਪੀੜੀ ਵੇਲੇ ਚਰਨੀ ਲੱਗੇਗੀ, ਚੌਥੀ ਪੀੜੀ ਵੇਲੇ ਘਰ ਨਿਵਾਸ ਕਰੇਗੀ ਪਰ ਉਹ ਨਿਰਲੇਪ ਰਹਿਣ ਦੀ ਜਾਂਚ ਸਿਖਾ ਦੇਣਗੇ।' ਸਾਡੇ ਵਰਗੇ ਅਲਪਮੱਤੀ ਜੀਵਾਂ ਨੂੰ ਮੱਤ ਦੇਣ ਲਈ ਭਾਈ ਮਰਦਾਨੇ ਨੇ ਕਿਹਾ ਬਾਬਾ ਉਤਨੀ ਦੇਰ ਮੈਨੂੰ ਹੀ ਬਖਸ਼ ਛੱਡੋ। ਮਰਦਾਨਾ ਜੀ ਨੇ ਆਪਣੇ ਉਤੇ ਮਾਇਆ ਸਵਾਰ ਕਰ ਲਈ। ਮਾਇਆ ਮਰਦਾਨੇ ਨੂੰ ਨਚਾਉਣ ਲੱਗੀ, ਜਿਧਰ ਉਹ ਫੇਰੇ ਉਧਰ ਮਰਦਾਨਾ ਜੀ ਫਿਰਨ। ਜੋ ਉਹ ਕਰਾਏ, ਸੋਈ ਉਹ ਕਰੇ। ਜਦੋਂ ਸਾਰੇ ਮਰਦਾਨੇ ਦੀ ਬੇਬਸੀ ਦੇਖ ਖਿੜ ਖਿੜ ਹੱਸੇ ਤਾਂ ਮਰਦਾਨਾ ਜੀ ਨੇ ਮਾਇਆ ਰੂਪੀ ਇਸਤ੍ਰੀ ਨੂੰ ਥੱਲੇ ਸੁਟ ਮਾਰਿਆ ਜਿਵੇਂ ਅਰਸਤੂ ਨੇ ਅਲੈਗਜੇਡਰ ਨੂੰ ਬਚਾਉਣ ਲਈ ਵੇਸ਼ਵਾ ਨੂੰ ਥੱਲੇ ਲਾਹ ਮਾਰਿਆ ਸੀ ਤੇ ਕਿਹਾ 'ਇਹ ਕਾਬੂ ਕਰਨੀ ਬੜੀ ਕਠਿਨ ਹੈ, ਤੁਹਾਡੀ ਰਹਿਮਤ ਹੋਵੇ ਤਾਂ ਬਚੀਏ।' ਬਾਬਾ ਜੀ ਨੇ ਸਾਰੀ ਸੰਗਤ ਨੂੰ ਸੰਬੋਧਨ ਕਰਕੇ ਕਿਹਾ ਕੋਈ ਮਰਦਾਨਾ ਸੂਰਮਾ ਹੀ ਇਸ ਨੂੰ ਮਾਰ ਸੁਟ ਸਕਦਾ ਹੈ, ਬਾਕੀ ਤਾਂ ਸਾਰੇ ਇਸ ਦੇ ਬਸ ਹੀ ਹੋ ਜਾਂਦੇ ਹਨ। ਮਰਦਾਨਾ ਬਨਣ ਲਈ ਮਰਦਾਂ ਵਾਲੀ ਘਾਲ ਦੀ ਲੋੜ ਹੈ। ਸੱਚ ਮੁੱਚ ਮਰਦਾਨਾ ਜੀ ਨੇ ਇਹ ਮਰਦਾ ਵਾਲੀ ਘਾਲ

ਕਮਾ ਕੇ ਦਿਖਾਈ ਸੀ।

ਭਾਈ ਮਰਦਾਨਾ ਅਸਲ ਵਿੱਚ ਸੰਗਤੀ ਜੀਵਨ ਦਾ ਭੁੱਖਾ ਸੀ ਤੇ ਗੁਰੂ ਨਾਨਕ ਦੇਵ ਜੀ ਦੀ ਸੰਗਤ ਤੋਂ ਵਧੀਆ ਸੰਗਤ ਉਸ ਨੂੰ ਕਿਧਰੋ ਹੋਰ ਨਹੀ ਸੀ ਮਿਲ ਸਕਦੀ ਕਿਉਂਕਿ ਗੁਰੂ ਨਾਨਕ ਦੇਵ ਜੀ ਨੂੰ ਵੀ ਸੰਗਤ ਤੋਂ ਬਿਨ੍ਹਾਂ ਕੋਈ ਓਟ ਆਸਰਾ ਨਹੀ ਸੀ। ਗੁਰੂ ਨਾਨਕ ਦੇਵ ਜੀ ਨੇ ਧਰਤ ਲੁਕਾਈ ਨੂੰ ਸੋਧਣ ਦਾ ਜਿਹੜਾ ਪਰਯੋਜਨ ਮੂਰਤੀ ਮਾਨ ਕੀਤਾ ਸੀ, ਉਸ ਦੀ ਪੂਰਨ ਸਫੱਲਤਾ ਵਾਸਤੇ, ਉਨ੍ਹਾਂ ਨੂੰ ਸੰਗਤੀ-ਵਾਤਾ-ਵਰਣ ਹੀ ਸਭ ਤੋਂ ਵਧ ਯੋਗ ਆਸਰਾ ਤੇ ਹਥਿਆਰ ਜਾਪਦਾ ਸੀ। ਸੰਗਤਿ ਬਿਨ੍ਹਾਂ ਧਰਤ ਲੁਕਾਈ ਨੂੰ ਸੋਧਣ ਵਾਸਤੇ ਨੌਖੰਡ ਪ੍ਰਿਥਮੀ ਵਿੱਚ ਘੁੰਮਣਾ ਬਹੁਤ ਮੁਸ਼ਕਿਲ ਸੀ। ਗੁਰੂ ਨਾਨਕ ਦੇਵ ਜੀ ਗੁਰੂ ਪੱਦ ਦੇ ਅਧਿਕਾਰੀ ਜ਼ਰੂਰ ਸਨ। ਪਰ ਉਹ ਆਪਣੇ ਆਪ ਨੂੰ ਹਮੇਸ਼ਾ ਰੱਬੀ ਦਰਬਾਰ ਦਾ ਜਨ, ਦਾਸ, ਸੇਵਕ ਤੇ ਸਿੱਖ ਹੀ ਸਮਝਦੇ ਸਨ। ਹਾਂ ਭਾਈ ਮਰਦਾਨਾ ਜੀ ਗੁਰੂ ਨਾਨਕ ਦੇਵ ਜੀ ਦੇ ਸੱਚੇ ਤੇ ਸੁਹਿਰਦ ਸਿੱਖ ਸੇਵਕ ਬਣ ਗਏ ਹੋਏ ਸਨ।

ਜਿਸ ਤਰ੍ਹਾਂ ਭਾਈ ਗੁਰਦਾਸ ਜੀ ਨੇ ਸੰਗਤ ਦਾ ਸੰਕਲਪ ਮੂਰਤੀ ਮਾਨ ਕਰਦਿਆ ਲਿਖਿਆ ਹੈ **'ਇਕ ਸਿੱਖ ਦੁਇ ਸਾਧ ਸੰਗ'** ਕੁਝ ਇਸੇ ਪ੍ਰਸੰਗ ਵਿੱਚ ਹੀ ਗੁਰੂ ਨਾਨਕ ਦੇਵ ਜੀ ਭਾਈ ਮਰਦਾਨੇ ਨੂੰ ਆਪਣੇ ਨਾਲ ਲੈ ਜਾਣ ਦੇ ਇੱਛਾਵਾਨ ਸਨ। ਗੁਰੂ ਨਾਨਕ ਦੇਵ ਜੀ ਤੇ ਭਾਈ ਮਰਦਾਨੇ ਦਾ ਭਾਵ, ਬੁੱਧੀ ਤੇ ਕਲਾ ਪੱਖੋ, ਇਕ ਸੁਰ ਹੋਣ ਨਾਲ ਸੰਗਤੀ ਵਾਤਾਵਰਣ ਦਾ ਜਨਮ ਹੋਇਆ ਸੀ। ਭਾਵੇਂ ਭਾਈ ਮਰਦਾਨਾ ਡੂਮਿ ਮਿਰਾਸੀ ਸਨ, ਪਰ ਸੰਗਤ ਵਿੱਚ ਜੁੜ ਕੇ 'ਗੁਰੂ ਤੇ ਸਿੱਖ' ਇਕ ਸਮਾਨ ਹੋ ਗਏ ਸਨ, ਦੋਹਾਂ ਵਿੱਚ ਮਜ਼ਹਬ ਜਾਤਿ ਤੇ ਊਚ-ਨੀਚ ਦੀਆਂ ਭਾਵਨਾਵਾ ਖਤਮ ਹੋ ਗਈਆਂ ਸਨ। ਅਸਲ ਵਿੱਚ 'ਸੱਚੀ ਸੰਗਤਿ' ਦਾ ਜਿਹੜਾ ਸੰਕਲਪ ਗੁਰੂ ਨਾਨਕ ਦੇਵ ਜੀ ਨੇ ਰੂਪਮਾਨ ਕੀਤਾ ਉਸ ਦੀ ਪ੍ਰਮੁੱਖ ਵਿਸ਼ੇਸ਼ਤਾ ਆਤਮ-ਰੂਪ ਵਿੱਚ ਹੋਈ ਏਕਤਾ ਉਤੇ ਹੀ ਆਧਾਰਤ ਹੈ। ਸੰਗਤ ਵਿੱਚ ਬੈਠੇ ਸਿੱਖ ਜੇ ਆਤਮਕ ਤੌਰ ਤੇ ਪ੍ਰਮਾਤਮਾ ਨਾਲ ਇਕ ਸੁਰ ਨਹੀ, ਵੰਡ ਵਿਤਕਰਿਆਂ ਤੋਂ ਮੁਕਤ ਨਹੀ, ਤਾਂ ਨਾਂ ਤਾਂ ਉਹ ਸਹੀ ਤੋਰ ਤੇ ਸਿੱਖ ਹਨ ਤੇ ਨਾਂ ਹੀ ਉਨ੍ਹਾਂ ਦੇ ਇਕਠ ਜਾ ਮਿਲ ਬੈਠਣ ਨੂੰ 'ਸੰਗਤ' ਦਾ ਸੰਕਲਪ ਦਿੱਤਾ ਜਾ ਸਕਦਾ ਹੈ। ਸੰਗਤ ਵਿੱਚ ਪ੍ਰਭੂ-ਏਕਤਾ ਤੇ ਮਾਨਵ ਏਕਤਾ ਦਾ ਪਾਸਾਰ ਹੋਣਾ ਜਰੂਰੀ ਹੈ। ਸੰਗਤੀ ਜੀਵਨ ਵੰਡ ਵਿਤਕਰਿਆਂ ਤੋਂ ਪੂਰਨ ਰੂਪ ਵਿੱਚ ਸੁਤੰਤਰ ਹੁੰਦਾ ਹੈ। ਇਸੇ ਲਈ 'ਸੰਗਤਿ' ਨੂੰ'ਸਚ ਖੰਡ' ਨਾਲ ਉਪਮਾਇਆ ਜਾਂਦਾ ਹੈ। ਸੱਚਖੰਡ ਵਿੱਚ ਨਿਰੋਲ ਨਿਰੰਕਾਰੀ ਕੀਮਤਾਂ ਪ੍ਰਧਾਨ ਹੁੰਦੀਆਂ ਹਨ। ਜਿਵੇਂ ਸੱਚਖੰਡ ਵਿੱਚ ਨਿਰੰਕਾਰ ਦਾ ਵਾਸਾ ਹੁੰਦਾ ਹੈ, ਕੁਝ ਇਸੇ ਤਰ੍ਹਾਂ ਸੰਗਤਿ ਵਿੱਚ ਵੀ ਪ੍ਰਭੂ ਹਰਿ ਦਾ ਵਾਸਾ ਹੁੰਦਾ ਹੈ।

ਅਸਲ ਵਿੱਚ ਪ੍ਰਭੂ ਏਕਤਾ ਤੇ ਮਾਨਵ ਏਕਤਾ ਦਾ ਮਿਆਰ ਹੀ ਢਹਿ ਢੇਰੀ ਹੋ ਰਿਹਾ ਸੀ, ਜਿਸ ਦੀ ਪੁਨਰ ਉਸਾਰੀ ਵਾਸਤੇ ਗੁਰੂ ਨਾਨਕ ਦੇਵ ਜੀ ਨੇ ਉਦਾਸੀ ਰੀਤ ਪ੍ਰਾਰੰਭ ਕਰਨ ਦਾ ਨਿਸਚਾ ਧਾਰ ਲਿਆ ਸੀ। ਉਨ੍ਹਾਂ ਦੇ ਵਿਸ਼ਵਾਸ ਅਨੁਸਾਰ ਪ੍ਰਭੂ ਏਕਤਾ ਤੇ ਮਾਨਵ ਏਕਤਾ ਦੇ ਮਿਆਰ ਨੂੰ ਸਥਿਰ ਤੇ ਸੁਰੱਖਿਅੱਕ ਰੱਖਣ ਵਾਸਤੇ ਜਰੂਰੀ ਸੀ, ਕਿ ਸੰਗਤਾਂ ਕਾਇਮ ਕੀਤੀਆ ਜਾਣ ਕਿਉਂਕਿ ਦੈਵੀ ਸੰਗਤੀ ਵਾਤਾਵਰਣ ਨਾਲ ਸਹਿਜ ਸੁਭਾ ਮਨੁੱਖਤਾ ਉਤੇ ਦੈਵੀ ਪ੍ਰਭਾਵ ਪੈਂਦਾ ਸੀ। ਨਾਲੇ ਸੰਗਤੀ ਜੀਵਨ ਵਿੱਚ ਪਈ ਹੋਈ ਸਾਂਝ ਨਾਲ ਪ੍ਰਭੂ ਸ਼ਰਧਾਲੂਆ ਵਿੱਚ ਲਗਨ, ਦ੍ਰਿੜਤਾ ਤੇ ਸ਼ਕਤੀ ਦਾ ਜਜ਼ਬਾ ਪੈਦਾ ਹੁੰਦਾ ਸੀ। ਗੁਰੂ ਨਾਨਕ ਦੇਵ ਜੀ ਦਾ 'ਭਾਈ ਮਰਦਾਨੇ' ਨੂੰ ਨਾਲ ਲੈ ਜਾਣ ਦਾ ਵੱਡਾ ਕਾਰਨ ਹੀ ਇਹ ਸੀ ਕਿ ਇਕ ਤਾਂ ਉਹ ਸੰਗਤੀ ਵਾਤਾਵਰਣ ਪੈਦਾ ਕਰਨਾ ਚਾਹੁੰਦੇ ਸਨ, ਦੂਜਾ ਸੰਗਤੀ ਵਾਤਾਵਰਣ ਦੀ ਦੇਵੀ ਛੋਹ ਨਾਲ ਲੋਕਾਂ ਵਿੱਚ ਸੰਗਤੀ ਵਾਤਾਵਰਣ ਵਾਸਤੇ ਉਤਸ਼ਾਹ ਜਗਾਉਣਾ ਚਾਹੁੰਦੇ ਸਨ, ਤੀਜਾ ਸੰਗਤੀ ਵਾਤਾਵਰਣ ਤੋਂ ਧਰਤਿ ਲੁਕਾਈ ਨੂੰ ਸੋਧਣ ਵਾਸਤੇ ਲਗਨ, ਦ੍ਰਿੜਤਾ ਤੇ ਸ਼ਕਤੀ ਜਾਂ ਜਜ਼ਬਾ ਪੈਦਾ ਕਰੀ ਰੱਖਣਾ ਚਾਹੁੰਦੇ ਸਨ, ਚੋਥਾ ਸੰਗਤੀ ਵਾਤਾਵਰਣ ਦੁਆਰਾ ਪ੍ਰਭੂ ਏਕਤਾ ਤੇ ਮਾਨਵ ਏਕਤਾ ਦਾ ਮਿਆਰ ਸਥਾਪਿਤ ਕਰਨਾ ਚਾਹੁੰਦੇ ਸਨ।

ਅਸਲ ਵਿੱਚ ਇਹ ਹੀ ਤਾਂ ਉਨ੍ਹਾਂ ਦੀ ਉਦਾਸੀ ਰੀਤ ਦਾ ਪਰਯੋਜਨ ਸੀ। ਇਸੇ ਪਰਯੋਜਨ ਦੀ ਸਫੱਲਤਾ ਵਾਸਤੇ ਹੀ ਤਾਂ ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨੇ ਨੂੰ ਆਪਣੇ ਨਾਲ ਲੈ ਜਾਣ ਦਾ ਨਿਸਚਾ ਧਾਰ ਲਿਆ ਸੀ। ਜਦੋਂ ਗੁਰੂ ਨਾਨਕ ਦੇਵ ਜੀ ਕਹਿੰਦੇ ਸਨ 'ਮਰਦਾਨਿਆ, ਰਬਾਬ ਛੇੜ ਬਾਣੀ ਆਈ ਹੈ' ਤਾਂ ਇਹ ਬਾਣੀ ਦਾ ਆਵੇਸ਼ ਉਸ ਸੰਗਤੀ ਵਾਤਾਵਰਣ ਵਿਚੋਂ ਹੀ ਹੁੰਦਾ ਅਨੁਭਵ ਹੁੰਦਾ ਹੈ। ਭਾਈ ਮਰਦਾਨਾ ਦੀ ਰਬਾਬ ਸੰਗਤੀ ਵਾਤਾਵਰਣ ਨੂੰ ਸਥਿਰ, ਸ਼ੁੱਧ, ਸਹਜਮਈ ਤੇ ਸੱਚਖੰਡੀ ਬਨਾਉਣ ਵਿੱਚ ਸਹਾਇਕ ਸਾਬਤ ਹੁੰਦੀ ਹੈ। ਇਸੇ ਕਰਕੇ ਸਿੱਖ ਧਰਮ-ਕੇਂਦਰਾ ਅਰਥਾਤ ਗੁਰਦੁਆਰਿਆਂ ਵਿੱਚ ਸੰਗਤੀ

ਵਾਤਾਵਰਣ ਨੂੰ ਸਥਿਰ, ਸ਼ੁਧ, ਸ਼ਾਂਤ ਸੁਹਜਮਈ ਤੇ ਸੱਚ ਖੰਡੀ ਬਣਾਈ ਰੱਖਣ ਵਾਸਤੇ ਕੀਰਤਨ ਦਾ ਗਾਇਨ ਕੀਤਾ ਜਾਂਦਾ ਹੈ। ਸੰਗਤ ਬਿਨਾ ਕੀਰਤਨ ਦੀ ਵਿਸ਼ੇਸ਼ਤਾ ਘੱਟ ਜਾਂਦੀ ਹੈ ਤੇ ਕੀਰਤਨ ਬਿਨ੍ਹਾਂ ਸੰਗਤ ਦਾ ਵਾਤਾਵਰਣ ਸਥਿਰ, ਸ਼ੁਧ, ਸ਼ਾਂਤ, ਸਹਜਮਈ ਤੇ ਸੱਚਖੰਡੀ ਰਹਿਣਾ ਮੁਸ਼ਕਿਲ ਹੋ ਜਾਂਦਾ ਹੈ।

ਸਿੱਖ ਧਰਮ ਵਿੱਚ ਸ਼ਬਦ ਨੂੰ ਜਦੋਂ ਰਾਗਾਤਮਿਕ-ਲੈਅ ਤਾਲ ਵਿੱਚ ਬੰਨ੍ਹ ਕੇ ਗਾਇਆ ਜਾਂਦਾ ਹੈ, ਤਾਂ ਉਸ ਨੂੰ ਕੀਰਤਨ ਕਿਹਾ ਜਾਂਦਾ ਹੈ। ਕੀਰਤਨ ਹੀ ਕਲਜੁਗ ਵਿੱਚ ਧਰਤਿ-ਲੁਕਾਈ ਨੂੰ ਸੋਧਣ ਦਾ ਪ੍ਰਧਾਨ ਹਥਿਆਰ ਸਮਝਿਆ ਗਿਆ ਹੈ। 'ਕੀਰਤਨ' ਬਿਨ੍ਹਾਂ ਕਲਜੁਗ ਦਾ ਸੁਧਾਰ ਤੇ ਉਧਾਰ ਹੋਣਾ ਅਸੰਭਵ ਹੈ। ਇਸੇ ਕਰਕੇ ਇਕ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਸ਼ਬਦ ਬਾਣੀ ਰਾਗਾਤਮਿਕ-ਲੈਅ ਤਾਲ ਵਿੱਚ ਬੰਨ੍ਹੀ ਗਈ ਹੈ ਤੇ ਦੂਜਾ ਇਸ ਸ਼ਬਦ ਬਾਣੀ ਵਿੱਚ ਸਰਬ ਗੁਰੂਆਂ ਵਲੋਂ ਕੀਰਤਨ ਦੀ ਮਹਿਮਾ ਤੇ ਵਡਿੱਤਣ ਨੂੰ ਮੂਰਤੀਮਾਨ ਕੀਤਾ ਗਿਆ ਹੈ। ਇਹੀ ਵੱਡਾ ਕਾਰਨ ਸੀ ਕਿ ਗੁਰੂ ਨਾਨਕ ਦੇਵ ਜੀ ਨੇ ਨੌਖੰਡ ਪ੍ਰਿਥਮੀ ਘੁੰਮਣ ਵੇਲੇ ਰਬਾਬ ਸਾਥੀ ਭਾਈ ਮਰਦਾਨੇ ਨੂੰ ਹੀ ਵਿਸ਼ੇਸ਼ ਸਮਝਿਆ ਤੇ ਚੁਣਿਆ। ਕਿਉਂਕਿ ਭਾਈ ਮਰਦਾਨੇ ਪਾਸ ਸੰਗਤੀ ਵਾਤਾਵਰਣ ਮਾਨਣ ਦਾ ਉਤਸ਼ਾਹ ਵੀ ਸੀ ਤੇ ਸੰਗਤੀ ਵਾਤਾਵਰਣ ਬਣਾਈ ਰੱਖਣ ਦੀ ਸਮਰੱਥਾ ਵੀ ਸੀ ਤੇ ਨਾਲ ਹੀ ਨਿਜ ਤੇ ਰਾਗ ਪ੍ਰਬੀਨਤਾ ਨੂੰ ਸ਼ਬਦ ਦੀ ਭੇਟ ਚੜਾ ਦੇਣ ਦਾ ਤਿਆਗ ਵੀ ਸੀ।

'ਸ਼ਬਦ ਤੇ ਸੰਗਤ' ਦੇ ਨਮਿੱਤ ਗੁਰੂ ਨਾਨਕ ਦੇਵ ਜੀ ਨੇ ਵੀ ਆਪਣਾ ਸਰਬ ਆਪਾ ਭੇਟ ਚੜਾ ਦਿੱਤਾ ਤੇ ਭਾਈ ਮਰਦਾਨੇ ਨੇ ਵੀ ਸ਼ਬਦ ਤੇ ਸੰਗਤਿ ਵਾਸਤੇ ਆਪਣਾ ਸਭ ਕੁਝ ਤਿਆਗ ਦਿੱਤਾ। ਗੁਰੂ ਨਾਨਕ ਦੇਵ ਜੀ ਤੇ ਭਾਈ ਮਰਦਾਨਾ ਸ਼ਬਦ ਤੇ ਸੰਗਤ ਆਸਰੇ ਹੀ ਜੀਉਂਦੇ ਸਨ। ਸ਼ਬਦ ਤੇ ਸੰਗਤ ਮੰਡਲ ਵਿੱਚ ਗੁਰੂ ਨਾਨਕ ਦੇਵ ਜੀ ਭਾਈ ਮਰਦਾਨੇ ਵਾਲੇ ਸਨ ਤੇ ਭਾਈ ਗੁਰੂ ਨਾਨਕ ਦੇਵ ਜੀ ਵਾਲਾ ਸੀ। ਇਸੇ ਕਰਕੇ ਮਾਨਸਿਕ ਤੇ ਆਤਮਿਕ ਅਵੱਸਥਾ ਵਿੱਚ ਦੋਵੇਂ ਇਕ ਪੱਧਰ ਦੀ ਵਿਗਾਸਸ਼ੀਲ ਤੇ ਸੁਤੰਤਰ-ਪ੍ਰਤਿਭਾ ਦੇ ਵਾਰਿਸ ਸਨ। ਦੋਹਾਂ ਦਾ ਜੀਵਨ ਦ੍ਰਿਸ਼ਟੀਕੋਣ ਮਾਨਵਵਾਦੀ ਤੇ ਆਤਮਵਾਦੀ ਸੀ। ਦੋਵੇਂ ਧਰਤਿ ਲੁਕਾਈ ਨੂੰ ਸੋਧ ਕੇ ਪ੍ਰਭੂ ਏਕਤਾ ਤੇ ਮਾਨਵ ਏਕਤਾ ਦਾ ਵਾਤਾਵਰਣ ਪਸਾਰਣ ਦੇ ਦ੍ਰਿੜ ਹਾਮੀ ਸਨ। ਦੋਵੇਂ ਮੋਹ-ਮਾਇਆ ਦੀਆਂ ਕੀਮਤਾਂ ਤਿਆਗ ਕੇ ਸੱਚ ਖੰਡੀ ਕੀਮਤਾਂ ਦੇ ਸੁਆਮੀ ਬਣ ਗਏ ਸਨ। ਦੋਹਾਂ ਨੇ ਔਗਣਾ ਨੂੰ ਭੁੱਲਕੇ ਗੁਣਾ ਦੀ ਸਾਂਝ ਪੈਦਾ ਕਰ ਲਈ ਸੀ। 'ਗੁਣ ਸਾਂਝ' ਕਾਰਨ ਹੀ ਗੁਰੂ ਨਾਨਕ ਦੇਵ ਜੀ ਭਾਈ ਮਰਦਾਨੇ ਦੇ ਤੇ ਭਾਈ ਮਰਦਾਨਾ ਗੁਰੂ ਨਾਨਕ ਦੇਵ ਜੀ ਦਾ ਸੀ। ਇਸ 'ਗੁਣ ਸਾਂਝ' ਸਦਕਾ ਹੀ ਮਰਦਾਨੇ ਨੂੰ ਭਾਈ ਪਦ ਤੇ ਮਰਦਾਨਗੀ ਪ੍ਰਾਪਤ ਹੋਈ। ਬਾਣੀ ਦਾ ਆਵੇਸ਼ ਪ੍ਰਾਪਤ ਹੋਇਆ, 'ਨਾਨਕ ਮੁਹਰ' ਵਰਤਣ ਦਾ ਅਧਿਕਾਰ ਪ੍ਰਾਪਤ ਹੋਇਆ ਤੇ ਸ੍ਰੀ ਗੁਰੂਗ੍ਰੰਥ ਸਾਹਿਬ ਵਿੱਚ ਪ੍ਰਵਾਨਗੀ-ਨੀਸਾਣ ਵੀ ਪ੍ਰਾਪਤ ਹੋਇਆ।

ਭਾਈ ਮਰਦਾਨਾ ਬੜਾ ਨਿਝੱਕ ਹੋ ਕੇ ਬਾਬੇ ਤੋਂ ਪ੍ਰਸ਼ਨ ਪੁਛਦਾ ਤੇ ਬਾਬਾ ਵੀ ਬੜੀ ਅੱਪਣਤ ਨਾਲ ਜੁਆਬ ਦੇਂਦੇ। ਮਰਦਾਨਾ ਜੀ ਨਿਮਰਤਾ ਦੇ ਪੁੰਜ ਸਨ ਜਦੋਂ ਵੀ ਬਾਬੇ ਤੋਂ ਕੁਝ ਮੰਗਦੇ ਤਾਂ 'ਦੂਜੇ ਭਾਵ ਦਾ ਝਗੜਾ ਮੇਰੇ ਮਨ ਤੇ ਤੁਟੇ, ਹੀ ਮੰਗਦੇ ਜਾਂ ਧੀਰਜ ਦੀ ਰਹਿਮਤ ਲਈ ਝੋਲੀ ਪਸਾਰਦੇ। ਮਰਦਾਨੇ ਨੇ ਇਕ ਵਾਰ ਹੱਥ ਜੋੜ ਕੇ ਕਿਹਾ :

> ਏਡਾ ਨਾ ਵਡਾ ਹੋਇ ਫਿਰੀ
> ਤੇਰਾ ਮੇਰਾ ਬਹੁਤਾ ਅੰਤਰ ਨਹੀ।
> ਤੂੰ ਖੁਦਾ ਦਾ ਡੂਮ, ਹਉ ਤੇਰਾ ਡੂਮ।
> ਤੈਂ ਖੁਦਾਇ ਪਾਇਆ ਹੈ
> ਅਸਾ ਤੇਰੇ ਵਿਚੋਂ ਦੇਖਿਆ ਹੈ।1

ਨਾਲ ਹੀ ਭਾਈ ਮਰਦਾਨਾ ਇਕ ਬੇਨਤੀ ਵੀ ਕਰਦਾ ਹੈ

> 'ਇਕ ਮੈਨੂੰ ਵਿਛੋੜਨਾ ਨਾਹੀ ਆਪ ਨਾਲਹੁ
> ਨਾ ਐਥੇ ਨਾ ਉਥੈ'

ਬਾਬੇ ਨਾਨਕ ਨੇ ਉਸੇ ਵਕਤ ਮਿਹਰ ਦੇ ਘਰ ਵਿਚ ਆ ਕੇ ਫੁਰਮਾਇਆ 'ਮਰਦਾਨਿਆ ਤੁਧ ਉਪਰ ਮੇਰੀ ਖੁਸ਼ੀ ਹੈ। ਜਿਥੇ ਤੇਰਾ ਵਾਸਾ ਉਥੇ ਮੇਰਾ ਵਾਸਾ।[13] ਭਾਈ ਮਨੀ ਸਿੰਘ ਜੀ ਦੀ ਇਸ ਵਾਰਤਾ ਤੋਂ ਭਾਈ ਮਰਦਾਨੇ ਦੀ ਬਾਬੇ ਪ੍ਰਤੀ ਅਪਣਤ ਤੇ ਬਾਬੇ ਦਾ ਮਰਦਾਨੇ ਪ੍ਰਤੀ ਪਿਆਰ ਝੱਲਕਾ ਮਾਰਦਾ ਦਿਖਾਈ ਪੈਂਦਾ ਹੈ।

ਮਰਦਾਨਾ ਬਹੁਤ ਲੰਮਾ ਸਮਾ ਗੁਰੂ ਨਾਨਕ ਦੇਵ ਜੀ ਨਾਲ ਰਿਹਾ ਅਤੇ ਗੁਰੂ ਨਾਨਕ ਦੇਵ ਜੀ ਬਾਣੀ ਰਚਨਾ ਕਰਦੇ ਸਨ ਫਿਰ ਭਾਈ ਮਰਦਾਨੇ ਦੇ ਰਬਾਬ ਨਾਲ ਗਾਇਨ ਕਰਦੇ ਸਨ। ਇਹ ਦੇਖ ਕੇ ਮਰਦਾਨੇ ਦਾ ਵੀ ਦਿਲ ਕਰਦਾ ਕਿ ਉਹ ਵੀ ਕੋਈ ਸਲੋਕ ਕਹੇ, ਕਿਉਂਕਿ ਗੁਰੂ ਨਾਨਕ ਦੀ ਸੰਗਤ ਵਿੱਚ ਰਹਿਕੇ ਉਸ ਨੂੰ ਕਵਿਤਾ

ਦਾ ਗਿਆਨ ਵੀ ਹੋ ਗਿਆ ਸੀ। ਗੁਰੂ ਗ੍ਰੰਥ ਸਾਹਿਬ ਵਿਚ ਬਿਹਾਗੜੇ ਦੀ ਵਾਰ ਮਹਲਾ ੪ ਦੀ ਬਾਰਵੀਂ ਪਾਉੜੀ ਦੇ ਨਾਲ ਤਿੰਨ ਸਲੋਕ ਦਰਜ ਹਨ ਜੋ ਭਾਈ ਮਰਦਾਨਾ ਦਵਾਰਾ ਰਚਿਤ ਹਨ। ਪ੍ਰਿੰਸੀਪਲ ਡਾ. ਮਹਿੰਦਰ ਕੌਰ ਗਿਲ ਲਿਖਦੇ ਹਨ 'ਭਾਈ ਮਰਦਾਨਾ ਕੇਵਲ ਵਜੰਤ੍ਰੀ ਹੀ ਨਹੀ ਸਨ, ਸਗੋਂ ਬਹੁਤ ਉਚੀ ਅਵਸਥਾ ਵਾਲਾ ਪੁਰਸ਼ ਹੋ ਗਿਆ ਸੀ ਤੇ ਸਤਿਗੁਰੂ ਇਸ ਨੂੰ ਭਾਈ ਕਹਿਕੇ ਯਾਦ ਕਰਦੇ ਸਨ। ਬਿਹਾਗੜੇ ਦੀ ਵਾਰ ਵਿੱਚ ਮਰਦਾਨੇ ਦੇ ਨਾਂ ਤੇ ਜੋ ਤਿੰਨ ਸਲੋਕ ਹਨ ਉਨ੍ਹਾਂ ਵਿੱਚ ਵਿਕਾਰ ਪੈਦਾ ਕਰਨ ਵਾਲੀ ਸ਼ਰਾਬ ਨੂੰ ਕੱਢਕੇ ਸੱਚੇ ਨਸ਼ੇ ਦੀ ਸਿਖਿਆ ਦਿੱਤੀ ਗਈ ਹੈ। ਭਾਈ ਮਰਦਾਨਾ ਦੀ ਬਾਣੀ ਤੇ ਹੋਰ ਵਿਚਾਰਾਂ ਕਰਨ ਤੋਂ ਪਹਿਲਾਂ ਅਸੀ ਮੂਲ ਬਾਣੀ ਵੱਲ ਜਰਾ ਝਾਤ ਮਾਰ ਲਈਏ। ਇਨ੍ਹਾਂ ਸਲੋਕਾਂ ਦਾ ਮੂਲ ਪਾਠ ਇਸ ਪ੍ਰਕਾਰ ਹੈ

**ਸਲੋਕ ਮਰਦਾਨਾ ੧॥**
**ਕਲਿ ਕਲਵਾਲੀ ਕਾਮੁ ਮਦੁ ਮਨੂਆ ਪੀਵਣਹਾਰੁ**
**ਕ੍ਰੋਧ ਕਟੋਰੀ ਮੋਹਿ ਭਰੀ ਪੀਲਾਵਾ ਅਹੰਕਾਰੁ ॥**
**ਮਜਲਸ ਕੂੜੇ ਲਬ ਕੀ ਪੀ ਪੀ ਹੋਇ ਖੁਆਰੁ ॥**
**ਕਰਣੀ ਲਾਹਣਿ ਸਤ ਗੁੜੁ ਸਚੁ ਸਰਾ ਕਰਿ ਸਾਰੁ ॥**
**ਗੁਣ ਮੰਡੇ ਕਰਿ ਸੀਲੁ ਘਿਉ ਸਰਮੁ ਮਾਸੁ ਅਹਾਰੁ ॥**
**ਗੁਰਮੁਖ ਪਾਇਐ ਨਾਨਕਾ ਖਾਧੈ ਜਾਹਿ ਬਿਕਾਰ ॥੧॥**
**(ਅੰਗ 1378)**

**ਮਰਦਾਨਾ ੧ ॥**
**ਕਾਇਆ ਲਾਹਣਿ ਆਪੁ ਮਦੁ ਮਜਲਸ ਤ੍ਰਿਸਨਾ ਧਾਤੁ ॥**
**ਮਨਸਾ ਕਟੋਰੀ ਕੂੜਿ ਭਰੀ ਪੀਲਾਏ ਜਮਕਾਲੁ ॥**
**ਇਤੁ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰ ॥**
**ਗਿਆਨੁ ਗੁੜੁ ਸਾਲਾਹ ਮੰਡੇ ਭਉ ਮਾਸੁ ਆਹਾਰੁ ॥**
**ਨਾਨਕ ਇਹੁ ਭੋਜਨੁ ਸਚੁ ਹੈ ਸਚੁ ਨਾਮ ਆਧਾਰੁ ॥੨॥**
**(ਅੰਗ 1380)**

**ਕਾਂਯਾਂ ਲਾਹਣਿ ਆਪੁ ਮਦੁ ਅੰਮ੍ਰਿਤ ਤਿਸ ਕੀ ਧਾਰ ॥**
**ਸਤਿ ਸੰਗਤਿ ਸਿਉ ਮੇਲਾਪੁ ਹੋਇ**
**ਲਿਵ ਕਟੋਰੀ ਅੰਮ੍ਰਿਤ ਭਰੀ ਪੀ ਪੀ ਕਟਹਿ ਬਿਕਾਰ ॥੩॥**
**(ਅੰਗ 1383)**

ਇਨ੍ਹਾਂ ਸਲੋਕਾਂ ਬਾਰੇ ਇਤਿਹਾਸਕਾਰ ਸ਼ਮਸ਼ੇਰ ਸਿੰਘ ਅਸ਼ੋਕ ਨੇ ਲਿਖਿਆ ਹੈ, 'ਭਾਈ ਮਰਦਾਨਾ ਰਬਾਬੀ ਸੰਗੀਤ ਕਲਾ ਦਾ ਮਾਹਿਰ ਹੋਣ ਦੇ ਨਾਲ ਨਾਲ ਕਾਵਯ ਕਲਾ ਵਿੱਚ ਵੀ ਬੜਾ ਪ੍ਰਬੀਨ ਸੀ।' ਜੋ ਤਿੰਨ ਸਲੋਕ ਰਾਗ ਬਿਹਾਗੜੇ ਦੀ ਵਾਰ ਵਿੱਚ ਦਰਜ ਹਨ ...........' ਉਹ ਭਾਈ ਮਰਦਾਨੇ ਤੇ ਗੁਰੂ ਨਾਨਕ ਦੀ ਅਧਿਆਤਮਕ ਪ੍ਰਸ਼ਨੋਤਰੀ ਵਜੋਂ ਸਾਹਿਤਕ ਵਿਚਾਰਧਾਰਾ ਦਾ ਪ੍ਰਤੀਕ ਮੰਨੇ ਜਾਂਦੇ ਹਨ।[14] ਪ੍ਰਿੰਸੀਪਲ ਸਤਿਬੀਰ ਸਿੰਘ ਜੀ ਆਪਣੀ 'ਪੁਸਤਕ ਪੁਰਾਤਨ ਇਤਿਹਾਸਕ ਜੀਵਨੀਆਂ' ਵਿੱਚ ਲਿਖਦੇ ਹਨ ਕਿ 'ਇਨ੍ਹਾਂ ਸਲੋਕਾਂ ਵਿੱਚ ਮਰਦਾਨਾ ਜੀ, ਕਲਜੁਗੀ ਸੁਭਾ ਨੂੰ ਸ਼ਰਾਬ ਕੱਢਣ ਵਾਲੀ ਮੱਟੀ ਕਹਿੰਦੇ ਹਨ' ਅਤੇ 'ਦੂਜੇ ਸਲੋਕ ਵਿੱਚ ਮਰਦਾਨਾ ਜੀ ਝੂਠੀ ਸ਼ਰਾਬ ਪੀਣ ਨੂੰ ਬਹੁਤੇ ਵਿਕਾਰ ਖੱਟਣਾ ਆਖਦੇ ਹਨ ਤੇ ਤੀਜੇ ਵਿੱਚ ਵਿਕਾਰ ਦੂਰ ਕਰਨ ਦਾ ਵੱਲ ਦੱਸਦੇ ਹੋਏ ਕਹਿੰਦੇ ਹਨ ਕਿ ਜੇ ਸਰੀਰ ਮੱਟੀ ਹੋਵੈ ਆਪੇ ਦੀ ਪਛਾਣ ਸ਼ਰਾਬ ਤੇ ਉਸ ਦੀ ਧਾਰ ਅਸਰ ਕਰਨ ਵਾਲੀ ਹੋਵੇ, ਸਤ ਸੰਗਤ ਨਾਲ ਮੇਲ ਹੋਵੇ, ਅੰਮ੍ਰਿਤ ਨਾਮ ਦੀ ਭਰੀ ਹੋਈ ਲਿਵ ਰੂਪੀ ਕਟੋਰੀ ਹੋਵੇ ਤਾਂ ਮਨੁਖ ਐਸੀ ਸ਼ਰਾਬ ਨੂੰ ਪੀ ਪੀ ਕੇ ਸਾਰੇ ਵਿਕਾਰ ਦੂਰ ਕਰ ਸਕਦਾ ਹੈ।[15] ਪ੍ਰਿਸੀਪਲ ਮਹਿੰਦਰ ਕੌਰ ਇਨ੍ਹਾਂ ਸਲੋਕਾਂ ਦਾ ਵਿਚਾਰ ਕਰਦੇ ਹੋਏ ਲਿਖਦੇ ਹਨ 'ਮਰਦਾਨਾ' ਉਪਰ ਇਥੇ 'ਮਰਦਾਨਾ' ਸ਼ਬਦ ਇਹ ਸੰਕੇਤ ਕਰਦਾ ਹੈ ਕਿ ਇਸ ਸਲੋਕ ਦੇ ਰਚੈਤਾ ਭਾਈ ਮਰਦਾਨਾ ਜੀ ਹਨ ਪਰ ਏਕਾ ਵੀ ਇਥੈ ਅਣਗੋਲਿਆ ਨਹੀ ਜਾ ਸਕਦਾ।

ਇਵੇਂ ਲਗਦਾ ਹੈ ਕਿ ਮਰਦਾਨੇ ਨੂੰ ਅੱਖਰ ਗਿਆਨ ਨਹੀ ਸੀ ਕਿਉਂਕਿ ਇਸਦੇ ਬਾਰੇ ਕੋਈ ਸੰਕੇਤ ਪ੍ਰਾਪਤ ਨਹੀ ਕਿ ਉਨ੍ਹਾਂ ਨੂੰ ਗੁਰਮੁਖੀ ਅੱਖਰ ਬੋਧ ਸੀ। ਹੁਣ ਸਵਾਲ ਹੈ ਕਿ ਇਸ ਗੁੰਝਲ ਨੂੰ ਕਿਵੇ ਹੱਲ ਕੀਤਾ ਜਾਵੇ। ਇਸ ਸੰਬੰਧ ਵਿੱਚ ਸ਼੍ਰੋਮਣੀ ਕਮੇਟੀ ਦਾ ਸ਼ਬਦਾਰਥ ਸਾਡੀ ਮੱਦਤ ਕਰਦਾ ਹੈ। ਸ਼ਬਦਾਰਥ ਦੇ ਟੀਕਾਕਾਰ ਪ੍ਰਿਸੀਪਲ ਤੇਜਾ ਸਿੰਘ ਨੇ ਸ਼ਲੋਕ ਮਰਦਾਨਾ ੧' ਗੁਰੂ ਨਾਨਕ ਸਾਹਿਬ ਮਰਦਾਨਾ ਵਲੋਂ ਹੋ ਕੇ ਲਿਖਦੇ ਹਨ। ਕਾਰਣ ਸਪੱਸ਼ਟ ਹੈ ਕਿ ਸ਼ਾਇਦ ਮਰਦਾਨਾ ਜੀ ਨੂੰ ਗੁਰਮੁਖੀ ਅੱਖਰ ਗਿਆਨ ਨਹੀ ਸੀ। ਗੁਰੂ ਨਾਨਕ ਸਾਹਿਬ ਆਪ ਰਬਾਬੀ ਦੇ ਕਦਰਦਾਨ ਸਨ। ਉਨ੍ਹਾਂ ਨੇ ਮਰਦਾਨਾ ਉਚਰਿਤ ਬਾਣੀ ਦਾ ਮੂਲ ਬਰਕਰਾਰ ਰੱਖਿਆ ਤੇ (੧) ਏਕਾ ਨਾਲ ਪਾ ਦਿੱਤਾ ਕਿ ਮਰਦਾਨਾ ਜੀ ਦੀ ਬਾਣੀ ਨੂੰਖੁਦ ਗੁਰੂਨਾਨਕ ਸਾਹਿਬ ਨੇ ਲਿਖਿਆ ਹੈ। ਆਰਥਾਤ ਗੁਰੂ ਨਾਨਕ ਦੇਵ ਜੀ ਮਰਦਾਨੇ ਵਲੋਂ ਹੋ ਕੇ ਲਿਖਦੇ ਹਨ।[16] ਤੇ ਆਪਣੀਆਂ ਰਚਨਾਵਾਂ ਦੀ ਤਰ੍ਹਾਂ ਸਾਂਝ ਕੇ ਪੂਰੀ ਇਮਾਨਦਾਰੀ ਦੇ ਨਾਲ ਸਲੋਕ ਮਰਦਾਨਾ ੧ ਦਾ ਸਿਰਲੇਖ ਦਿੱਤਾ ਹੋਵੇਗਾ।

ਬਿਹਾਗੜੇ ਦੀ ਵਾਰ ਮਹਲਾ ੪ ਵਿੱਚ 22ਵੀਂ ਪਉੜੀ ਦੇ ਨਾਲ ਤਿੰਨ ਸਲੋਕ ਭਾਈ ਮਰਦਾਨਾ ਰਚਿਤ ਹਨ। ਇਨ੍ਹਾਂ ਨੂੰ ਇਸ ਕ੍ਰਮ ਅਨੁਸਾਰ ਦਰਜ ਕੀਤਾ ਗਿਆ ਹੈ

1. ਸਲੋਕ ਮਰਦਾਨਾ ੧ (ਅੰਗ 553)
2. ਮਰਦਾਨਾ ੧ (ਅੰਗ 553)
3. ਸਿਰਲੇਖ ਤੋਂ ਬਗੈਰ (ਅੰਗ 553)

ਪ੍ਰਿੰਸੀਪਲ ਡਾ. ਮੁਹਿੰਦਰ ਕੌਰ ਲਿਖਦੇ ਹਨ 'ਰਚਨਾ ਦੇ ਅਖੀਰ 'ਨਾਨਕ' ਪਦ ਹੈ ਜੋ ਨਾਨਕ ਜੋਤ ਦੇ ਅਧਿਕਾਰੀ ਪੁਰਖ ਹੀ ਵਰਤ ਸਕਦੇ ਹਨ ਅਥਵਾ ਗੁਰੂ ਸਾਹਿਬਾਨ ਹੀ। ਕੋਈ ਹੋਰ ਸੰਤ-ਭਗਤ 'ਨਾਨਕ' ਪਦ ਵਰਤਣ ਦਾ ਅਧਿਕਾਰੀ ਹੀ ਨਹੀ ਹੈ।' ਡਾ. ਗਿਲ ਫਿਰ ਲਿਖਦੇ ਹਨ ਮਰਦਾਨਾ ੧ ਸਿਰਲੇਖ ਦੇ ਅਧੀਨ ਲਿਖੀ ਗਈ ਬਾਣੀ ਇਸ ਦਾ ਮੂਲ ਤਾਂ ਮਰਦਾਨਾ ਉਚਰਿਤ ਹੀ ਹੈ। ਗੁਰੂ ਨਾਨਕ ਸਾਹਿਬ ਨੇ ਇਹ ਬਾਣੀ ਮਰਦਾਨੇ ਵਲੋਂ ਹੋ ਕੇ ਲਿਖੀ ਹੈ। ਇਸ ਤਰ੍ਹਾਂ ਆਪਾ ਕਹਿ ਸਕਦੇ ਹਾਂ ਕਿ 'ਇਸ ਰਚਨਾ ਦਾ ਮੂਲ ਕਰਤਾ ਭਾਈ ਮਰਦਾਨਾ ਹੈ ਪਰ 'ਇਕ' ਅੰਕ ਤੇ 'ਨਾਨਕ' ਪਦ ਦੋਵੇਂ ਇਸ ਤੱਥ ਦੇ ਪੂਰਕ ਹਨ ਕਿ ਮਹਲਾ ੧ ਨੇ ਇਹ ਬਾਣੀ ਮਰਦਾਨੇ ਵਲੋਂ ਹੋ ਕੇ ਲਿਖੀ ਹੈ ਇਸ ਲਈ ਮਰਦਾਨੇ ਦਾ ਨਾਮ ਰਹਿਣ ਦਿੱਤਾ ਹੈ। ਇਹ ਤਾਂ ਇਕ ਤਰ੍ਹਾਂ ਮਰਦਾਨਾ ਜੀ ਦੀ ਉਚੇਰੀ ਸੰਗਤ ਤੇ ਸੁਰਤ ਨੂੰ ਪ੍ਰਵਾਨਗੀ ਦੇਣੀ ਹੈ। ਗੁਰੂ ਨਾਨਕ ਪਾਤਸ਼ਾਹ ਨਾਲ ਲੰਮੇ ਸਮੇਂ ਦੀ ਸੰਗਤ ਨੇ ਭਾਈ ਮਰਦਾਨਾ ਨੂੰ ਵੀ ਬਾਣੀ ਦੀ ਜਾਗ ਲਾਈ ਤੇ ਉਹ ਵੀ ਇਸ ਕਤਾਰ ਵਿੱਚ ਸ਼ਾਮਲ ਹੋ ਸੱਕਿਆ। ਇਤਿਹਾਸਕ ਤੱਥਾਂ ਅਨੁਸਾਰ ਚਾਰ ਜਿਹੜੇ ਸਿੱਖ ਬਾਣੀਕਾਰ ਦੇ ਤੌਰ ਤੇ ਪ੍ਰਵਾਨ ਕੀਤੇ ਗਏ ਹਨ ਉਨ੍ਹਾਂ ਵਿਚ ਭਾਈ ਮਰਦਾਨਾ ਜੀ ਦਾ ਨਾਮ ਸਭ ਤੋਂ ਪਹਿਲਾ ਆਉਂਦਾ ਹੈ।

1. ਭਾਈ ਮਰਦਾਨਾ (ਤਿੰਨ ਸ਼ਲੋਕ)
2. ਬਾਬਾ ਸੁੰਦਰ (ਸੱਦ ਦੇ ਕਰਤਾ)
3. ਭਾਈ ਸਤਾ (ਰਾਮਕਲੀ ਦੀ ਵਾਰ)
4. ਭਾਈ ਬਲਵੰਡ (ਰਾਮਕਲੀ ਦੀ ਵਾਰ)

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਪ੍ਰਵਾਨਗੀ ਮਿਲਣ ਦਾ ਇਕ ਭਾਵ ਇਹ ਵੀ ਹੈ ਕਿ 'ਭਾਈ ਮਰਦਾਨਾ' ਵੀ ਸਰਬ ਗੁਰੂ, ਭਗਤ, ਭੱਟ ਤੇ ਰਬਾਬੀ ਸ਼ਖਸ਼ੀਅਤਾਂ ਦੇ ਬਰਾਬਰ ਦੀ ਸ਼ਖਸ਼ੀਅਤ ਦਾ ਹੀ ਮਾਲਕ ਹੈ। ਭਾਵੇ ਭਾਈ ਮਰਦਾਨਾ ਦੀ 'ਬਾਣੀ ਰਚਨਾ' ਸਰਬ ਗੁਰੂ ਭਗਤ, ਭੱਟ ਤੇ ਰਬਾਬੀ ਸ਼ਖਸ਼ੀਅਤਾਂ ਦੀ ਰਚਨਾ ਨਾਲੋਂ ਆਕਾਰ ਵਿੱਚ ਬੜੀ ਘਟ ਹੈ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪ੍ਰਵਾਨਗੀ ਮਿਲਣ ਦਾ ਨੀਸਾਣ ਕਾਰਨ, ਕੋਈ ਆਕਾਰ ਵਿੱਚ ਵਧ ਜਾ ਘਟ ਬਾਣੀ ਰਚਨਾ ਨਹੀ। ਭਗਤ ਸੂਰਦਾਸ ਦੀ ਬਾਣੀ ਤਾ ਭਾਈ ਮਰਦਾਨੇ ਤੋਂ ਵੀ ਘਟ ਹੈ। ਅਸਲ ਗੱਲ ਇਹ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਮਿਲੀ ਪਰਵਾਨਗੀ ਦਾ ਵਿਸ਼ੇਸ਼ ਤੇ ਪ੍ਰਮੁੱਖ ਆਧਾਰ ਬਾਣੀ ਕਰਤਿਆਂ ਦਾ ਆਤਮ ਤੇ ਮਾਨਵ ਅਨੁਭਵ ਪੱਧਰ ਹੀ ਹੈ। ਜਿਹੜੇ ਜਿਹੜੇ ਗੁਰੂ ਸਾਹਿਬਾਨ, ਭਗਤ, ਭੱਟ ਤੇ ਰਬਾਬੀਆਂ ਦੀ ਬਾਣੀ ਰਚਨਾ ਉਸ ਆਤਮ ਤੇ ਮਾਨਵ ਅਨੁਭਵ ਪੱਧਰ ਦੀ ਗੁਰੂ ਅਰਜਨ ਦੇਵ ਜੀ ਨੂੰ ਦਿਸੀ, ਉਨ੍ਹਾਂ ਦੀ ਬਾਣੀ ਰਚਨਾ ਨੂੰ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸੰਪਾਦਿਤ ਕਰ ਦਿੱਤਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਮੂਹ 'ਬਾਣੀ ਕਰਤਾਂ' ਭਾਵੇਂ ਵਖੋ ਵਖਰੇ ਕਿੱਤੇ, ਜਾਤਿ, ਪ੍ਰਾਂਤ, ਮਜ਼ਹਬ ਤੇ ਰੂਪ ਰੰਗ ਨਾਲ ਸੰਬੰਧ ਰਖਦੇ ਸਨ, ਚੂੰਕਿ ਆਤਮ ਤੇ ਮਾਨਵ-ਪੱਧਰ ਉਤੇ ਉਹ ਇਕੋ ਜਹੇ ਸਨ, ਇਸ ਕਰਕੇ ਗੁਰੂ ਅਰਜਨ ਦੇਵ ਜੀ ਨੇ ਇਨ੍ਹਾਂ ਸਭ ਦੀ ਰਚਨਾ ਨੂੰ ਇਕੋ ਥਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸੰਪਾਦਿਤ ਕਰ ਦਿੱਤਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਤੇ ਸਰਬਤ੍ਰ ਖਾਲਸੇ ਦਾ 'ਗੁਰੂ' ਨਿਸਚਿਤ ਕਰਕੇ ਇਹ ਸਿਧ ਕਰ ਦਿੱਤਾ ਕਿ ਸਮੂਹ 'ਬਾਣੀ ਕਰਤਾ' ਗੁਰੂ ਪਦ ਦੇ ਅਧਿਕਾਰੀ ਹਨ। ਭਾਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਗੁਰੂ, ਭਗਤ, ਭੱਟ ਤੇ ਰਬਾਬੀ ਕਵੀਆਂ ਦੀ ਬਾਣੀ ਨੂੰ ਇਕ ਦੂਜੇ ਤੋਂ ਨਿਖੇੜਨ ਵਾਸਤੇ ਸਿਰਲੇਖਾਂ ਵਿਚ ਬਾਣੀ ਕਰਤਿਆਂ ਦੇ ਪ੍ਰਤੀਕ ਨੰਬਰ ਤੇ ਨਾਮ ਵਰਤੇ ਗਏ ਹਨ, ਪਰ ਭਾਵ ਤੇ ਅਨੁਭਵ ਪੱਧਰ ਉਤੇ ਸਾਰੀ ਰਚਨਾ ਨੂੰ'ਗੁਰੂਪਦ ਨਾਲ ਹੀ' ਸਵੀਕਾਰਿਆ ਤੇ ਸਤਿਕਾਰਿਆ ਜਾਂਦਾ ਹੈ। ਕਿਉਂਕਿ ਗੁਰੂ ਨਾਨਕ ਦੇਵ ਜੀ ਦਾ ਰਬਾਬ ਸਾਥੀ ਭਾਈ ਮਰਦਾਨਾ ਵੀ ਗੁਰੂ ਸਾਹਿਬਾਨ, ਭਗਤਾਂ ਤੇ ਭੱਟਾਂ ਦਾ ਪੱਧਰ ਦਾ ਅਨੁਭਵੀ ਤੇ 'ਕਵੀ ਕਰਤਾ' ਸੀ, ਇਸ ਕਰਕੇ ਉਸ ਦੀ ਬਾਣੀ ਰਚਨਾ ਨੂੰ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸੰਪਾਦਿਤ ਕਰ ਲਿਆ ਗਿਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਲੋਕ ਮਰਦਾਨਾ ਜੀ ਦੇ ਸਿਰਲੇਖ ਹੇਠਾ ਜਿਹੜੇ ਤਿੰਨ ਸ਼ਲੋਕ ਸੰਪਾਦਿਤ ਹੋਏ ਮਿਲਦੇ

ਹਨ, ਇਨ੍ਹਾਂ ਸ਼ਲੋਕਾਂ ਦੀ ਸੰਪਾਦਨਾ ਕਿਸੇ ਸੁਤੰਤਰ ਰੂਪ ਵਿੱਚ ਨਹੀਂ ਹੋਈ, ਹਾਂ ਬਿਹਾਗੜੇ ਦੀ ਵਾਰ ਮ: ੪ ਦੀਆਂ ਪਉੜੀਆਂ ਨਾਲ ਅਧੀਨ ਰੂਪ ਵਿੱਚ ਹੀ ਹੋਈ ਹੈ। ਹੋ ਸਕਦਾ ਹੈ ਕਿ ਭਾਈ ਮਰਦਾਨੇ ਦੀ ਇਹ ਰਚਨਾ ਗੁਰੂ ਨਾਨਕ ਦੇਵ ਜੀ ਦੀ ਰਚਨਾ ਵਾਂਗ, ਸੁਤੰਤਰ ਰੂਪ ਵਿੱਚ ਹੀ ਗੁਰੂ ਅੰਗਦ ਦੇਵ ਜੀ ਨੂੰ ਵਿਰਸੇ ਵਿੱਚ ਪ੍ਰਾਪਤ ਹੋਈ ਹੋਵੇ ਤੇ ਇਸੇ ਤਰ੍ਹਾਂ ਸੁਤੰਤਰ ਰੂਪ ਵਿੱਚ ਹੀ ਗੁਰੂ ਅਰਜਨ ਦੇਵ ਜੀ ਪਾਸ ਪਹੁੰਚੀ ਹੋਵੇ। ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਗੁਰੂ ਅਰਜਨ ਦੇਵ ਜੀ ਨੇ ਕੀਤੀ ਸੀ, ਤੇ ਉਨ੍ਹਾਂ ਨੇ ਹੀ ਵਾਰਾਂ ਦੀਆਂ ਪਉੜੀਆਂ ਨਾਲ ਸ਼ਲੋਕਾਂ ਨੂੰ ਸੰਬੰਧਤ ਕਰਨ ਦੀ ਚੋਣ ਕੀਤੀ ਸੀ। ਭਾਈ ਮਰਦਾਨੇ ਦੇ ਸਲੋਕ ਭਾਵੇਂ ਸੁਤੰਤਰ ਸਿਰਲੇਖ ਹੇਠ ਹੋਣ ਤੇ ਭਾਵੇਂ ਬਿਹਾਗੜੇ ਦੀ ਵਾਰ ਮ: ੪ ਦੀਆਂ ਪਉੜੀਆਂ ਨਾਲ ਸਬੰਧਤ ਅਧੀਨ ਰੂਪ ਵਿੱਚ ਹੋਣ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਉਸ ਨੂੰ ਮਿਲੀ ਪਰਵਾਨਗੀ, ਇਸ ਕਥਨ ਦਾ ਉਘਾ ਤੇ ਨਿੱਘਰ ਪ੍ਰਮਾਣ ਹੈ, ਕਿ 'ਭਾਈ ਮਰਦਾਨਾ' ਸਿੱਖ ਸਾਹਿਤ ਦੀ ਇਕ ਅਨੁਭਵੀ ਕਾਵਿ-ਪ੍ਰਤਿਭਾ ਦਾ ਸੁਆਮੀ ਵੀ ਸੀ।

ਜਿਸ ਤਰ੍ਹਾਂ ਦਾ ਚਰਿੱਤਰ, ਜਨਮ ਸਾਖੀਆਂ ਵਿੱਚ ਮਰਦਾਨੇ ਦਾ ਚਿੱਤਰਿਆ ਗਿਆ ਹੈ, ਅਸਲ ਵਿੱਚ ਉਸ ਤਰ੍ਹਾਂ ਦਾ ਚੱਰਿਤ੍ਰ ਗੁਰੂ ਨਾਨਕ ਦੇਵ ਜੀ ਦੇ ਰਬਾਬੀ ਸਾਥੀ ਭਾਈ ਮਰਦਾਨੇ ਦਾ ਨਹੀਂ ਹੋ ਸਕਦਾ। ਗੁਰੂ ਜੀ ਦੇ ਰਬਾਬੀ ਸਾਥੀ ਭਾਈ ਮਰਦਾਨੇ ਪਾਸ ਸ੍ਵੈ-ਜ਼ਬਤ ਸੀ, ਸਬਰ, ਸਿਦਕ ਤੇ ਸੰਤੋਖ, ਉਸ ਦੀ ਅਨੁਭਵੀ ਸ਼ਖਸ਼ੀਅਤ ਦੇ ਸ਼ਿੰਗਾਰ ਗੁਣ ਸਨ। ਜਿੰਨਾ ਸਮਾਂ ਤੇ ਜਿੰਨਾ ਬਿਖੜੇ ਮਾਰਗ ਉਤੇ ਭਾਈ ਮਰਦਾਨਾ ਗੁਰੂ ਨਾਨਕ ਦੇਵ ਜੀ ਨਾਲ ਰਬਾਬ-ਸਾਥੀ ਬਣਿਆ ਰਿਹਾ, ਇਸ ਤਰ੍ਹਾਂ ਦਾ ਸਾਥ ਕੋਈ ਸਬਰ, ਸਿਦਕ ਤੇ ਸੰਤੋਖ ਵਾਲਾ ਹੀ ਨਿਬਾਹ ਸਕਦਾ ਸੀ, ਕੋਈ ਭੁੱਖਾ ਜਾ ਮੰਗ ਖਾਣ ਵਾਲਾ ਨਹੀਂ। ਭਾਈ ਮਰਦਾਨੇ ਦੀ ਕਾਵਿ ਰਚਨਾਂ ਵਿਚੋਂ ਵੀ ਭਾਈ ਮਰਦਾਨਾ ਲੋਭ ਤੇ ਮੋਹ ਦੀਆਂ ਖਾਹਿਸ਼ਾਂ ਤੋਂ ਮੁਕਤ ਹੋਇਆ ਤੇ ਸੱਚ ਨਾਮ ਨੂੰ ਹੀ ਆਪਣਾ ਭੋਜਨ ਆਧਾਰ ਮੰਨਦਾ ਦਿਖਾਈ ਦਿੰਦਾ ਹੈ। ਜਨਮ ਸਾਖੀਆਂ ਦੇ ਲੇਖਕਾਂ ਦਾ ਭਾਈ ਮਰਦਾਨੇ ਨੂੰ ਗਿਆਨ ਹੀਣ ਸਾਬਤ ਕਰਨਾ ਵੀ, ਉਸ ਦੀ ਸ਼ਖਸ਼ੀਅਤ ਨਾਲ ਭਾਰੀ ਅਨਿਆਂ ਹੈ। ਭਾਵੇ ਭਾਈ ਮਰਦਾਨਾ ਨੂੰਉਚ ਵਿਦਿਆ ਪ੍ਰਾਪਤ ਕਰਨ ਦਾ ਅਧਿਕਾਰ ਪ੍ਰਾਪਤ ਨਹੀ ਹੋਇਆ, ਪਰ ਉਹ ਬ੍ਰਹਮ-ਗਿਆਨ ਦੇ ਚਿਰਾਗ ਗੁਰੂ ਨਾਨਕ ਦੇਵ ਜੀ ਦਾ ਸਾਥੀ ਸੀ। ਅਗਰ ਗੁਰੂ ਨਾਨਕ ਦੇਵ ਜੀ ਨੇ ਸਾਰੀ ਸ੍ਰਿਸ਼ਟੀ ਨੂੰ ਬ੍ਰਹਮ ਗਿਆਨ ਦਾ ਪ੍ਰਸ਼ਾਦ ਵੰਡਿਆ ਤੇ ਇਹ ਕਿਸ ਤਰ੍ਹਾਂ ਮੰਨਿਆ ਜਾ ਸਕਦਾ ਹੈ ਕਿ ਭਾਈ ਮਰਦਾਨਾ ਜੀ ਉਸ ਬ੍ਰਹਮ ਗਿਆਨ ਤੋਂ ਵਾਝਿਆ ਰਿਹਾ ਹੋਵੇਗਾ। ਭਾਈ ਮਰਦਾਨਾ ਤਾਂ ਗੁਰੂ ਨਾਨਕ ਦੇਵ ਜੀ ਨਾਲ ਪਹਿਲੀ ਮੁਲਾਕਾਤ ਵਕਤ ਹੀ ਬ੍ਰਹਮ ਗਿਆਨ ਦੇ ਪ੍ਰਸ਼ਾਦੀ ਤੀਰਾਂ ਨਾਲ ਵਿੰਨਿਆਂ ਗਿਆ ਸੀ ਤੇ ਪਿਛੋਂ ਹੋਈਆਂ ਮੁਲਾਕਾਤਾਂ ਤੋਂ ਤਾਂ ਉਸ ਨੇ ਬ੍ਰਹਮ ਗਿਆਨ ਦਾ ਦੀਪਕ ਵੀ ਆਪਣੇ ਅੰਦਰ ਜਗਾ ਲਿਆ ਸੀ। ਭਾਈ ਮਰਦਾਨੇ ਦੇ ਅੰਦਰ ਬ੍ਰਹਮ ਗਿਆਨ ਦੀ ਰੁਸ਼ਨਾਈ ਕਾਰਨ ਹੀ ਤਾਂ ਗੁਰੂ ਨਾਨਕ ਦੇਵ ਜੀ ਨੇ ਉਸ ਨੂੰ ਲੰਮੀਆਂ ਉਦਾਸੀਆਂ ਵਕਤ ਆਪਣਾ ਸਾਥੀ ਬਣਾਇਆ ਸੀ। ਕਿਸੇ ਬ੍ਰਹਮ ਗਿਆਨੀ ਦਾ ਸਾਥੀ ਬ੍ਰਹਮ ਗਿਆਨ ਬਿਹੁਣਾ ਕਿਵੇ ਹੋ ਸਕਦਾ ਸੀ। ਭਾਈ ਮਰਦਾਨਾ ਬਿਬੇਕ ਗਿਆਨ ਬਿਹੁਣਾ ਕਿਵੇ ਹੋ ਸਕਦਾ ਸੀ। ਭਾਈ ਮਰਦਾਨਾ ਬਿਬੇਕ ਗਿਆਨ ਦਾ ਮਾਲਕ ਸੀ। ਉਸ ਨੂੰ ਪਤਾ ਸੀ ਕਿ ਕਲਿਜੁਗ ਵਿਚ ਜੇ ਮਨੁੱਖ ਖੁਆਰ ਹੋ ਰਿਹਾ ਹੈ, ਤਾਂ ਉਹ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਦੀ ਮਦ ਭਰਪੂਰ ਕਟੋਰੀ ਨੂੰ ਪੀ ਕੇ ਤੇ ਕੂੜੀ ਮਜਲਸ ਦਾ ਸੰਗੀ ਸਾਥੀ, ਹੋਣ ਕਰਕੇ ਹੀ ਹੋ ਰਿਹਾ ਹੈ।

ਭਾਈ ਮਰਦਾਨੇ ਨੂੰ ਇਹ ਚੰਗੀ ਤਰ੍ਹਾਂ ਪਤਾ ਸੀ ਕਿ ਇਸ ਤਰ੍ਹਾਂ ਦੀ ਮਦ ਕਟੋਰੀ ਪੀਣ ਨਾਲ ਮਨੁੱਖ ਬਹੁਤਾ ਵਿਕਾਰਾਂ ਦੀ ਹੀ ਕਮਾਈ ਕਰ ਸਕਦਾ ਹੈ, ਵਿਕਾਰਾਂ ਦਾ ਨਾਮ, ਮਦ ਅੰਮ੍ਰਿਤ ਦੀ ਸਾਰ, ਸਤਿ ਸੰਗਤ ਦਾ ਮੇਲਾਪ, ਸੱਚੇ ਨਾਮ ਭੋਜਨ ਦਾ ਆਧਾਰ ਪ੍ਰਾਪਤ ਨਹੀ ਕਰ ਸਕਦਾ। ਭਾਈ ਮਰਦਾਨੇ ਦਾ ਦ੍ਰਿੜ ਵਿਸ਼ਵਾਸ ਸੀ, ਕਿ ਗੁਰਮੁਖ ਪਦ ਦੀ ਪ੍ਰਾਪਤੀ, ਵਿਕਾਰਾਂ ਤੋਂ ਪੂਰਨ ਰੂਪ ਵਿੱਚ ਸੁਤੰਤਰ ਹੋਣ ਨਾਲ ਹੀ ਹੋ ਸਕਦੀ ਹੈ, ਕਿਸੇ ਹੋਰ ਸਾਧਨ ਨਾਲ ਨਹੀ। ਭਾਈ ਮਰਦਾਨੇ ਦੀ ਆਪਣੀ ਬਾਣੀ ਇਸ ਵਿਚਾਰ ਦੀ ਪ੍ਰੋੜਤਾ ਕਰਦੀ ਹੈ। ਅਗਰ ਚਿੰਤਨ ਪੱਖ ਦੀ ਗਲ ਕਰੀਏ ਤਾਂ ਉਨ੍ਹਾਂ ਦਾ ਦ੍ਰਿਸ਼ਟੀਕੋਣ, ਇਕ ਤਿੰਨ ਸ਼ਲੋਕਾਂ ਤੋਂ ਜੋ ਸਮਝ ਆਉਂਦੀ ਹੈ ਕਿ ਇਹ ਸ਼ੁਧ ਰੂਪ ਵਿੱਚ ਆਤਮਕ ਹੈ। ਇਹੀ ਦ੍ਰਿਸ਼ਟੀਕੋਣ, ਗੁਰੂ ਨਾਨਕ ਦੇਵ ਜੀ ਦੀ ਸਮੂਚੀ ਬਾਣੀ ਦਾ ਹੈ। ਦਿਸ਼ਾ ਤੇ ਦ੍ਰਿਸ਼ਟੀਕੋਣ ਵਿੱਚ ਗੁਰੂ ਨਾਨਕ ਦੇਵ ਜੀ ਤੇ ਭਾਈ ਮਰਦਾਨਾ ਇਕ ਸੁਰ ਸਨ। ਕਾਵਿ ਹੁਨਰ ਪੱਖੋ ਵੀ ਭਾਈ ਮਰਦਾਨਾ ਸੱਖਣਾ ਨਹੀ ਸੀ। ਜਿਵੇਂ ਗੁਰੂ ਨਾਨਕ ਦੇਵ ਜੀ ਦੀ ਕਵਿਤਾ ਦਾ ਪ੍ਰਮੁੱਖ ਗੁਣ 'ਉਨ੍ਹਾਂ ਦੀ ਭਾਵ, ਬੁੱਧੀ ਤੇ ਕਲਾ ਵਿੱਚ

ਬੱਝਵੀ ਇਕਾਗਰਤਾ ਹੈ। ਇਸੇ ਤਰ੍ਹਾਂ ਭਾਈ ਮਰਦਾਨੇ ਦੀ ਕਵਿਤਾ ਵਿੱਚ ਵੀ ਭਾਵ, ਬੁੱਧੀ ਤੇ ਕਲਾ ਦੀ ਬੱਝਮੀ ਇਕਾਗਰਤਾ ਹੈ। ਭਾਈ ਮਰਦਾਨੇ ਦੀ ਕਵਿਤਾ ਦਾ ਪਰਯੋਜਨ, ਚਿੰਤਨ ਤੇ ਕਵਿ ਕਲਾ ਦਾ ਅਨੁਭਵ ਉਸ ਪੱਧਰ ਦਾ ਹੀ ਦਿਖਾਈ ਪੈਂਦਾ ਹੈ, ਜਿਸ ਅਨੁਭਵ ਪੱਧਰ ਦੇ ਸੁਆਮੀ ਗੁਰੂ ਨਾਨਕ ਦੇਵ ਜੀ ਸਨ। ਗੁਰੂ ਨਾਨਕ ਦੇਵ ਜੀ ਦੀ ਤਰ੍ਹਾਂ ਹੀ ਭਾਈ ਮਰਦਾਨੇ ਦੀ ਕਵਿਤਾ ਵਿੱਚ ਵੀ ਸੰਜਮ ਸਪੱਸ਼ਟ ਤੇ ਚਿੰਨ੍ਹਾਤਮਿਕ ਸ਼ੈਲੀ ਦੀ ਹੀ ਬਹੁਤੀ ਵਰਤੋਂ ਕੀਤੀ ਗਈ ਹੈ। ਅਗਰ ਭਾਈ ਮਰਦਾਨਾ ਗੁਰੂ ਜੀ ਤੋਂ ਕਾਵਿ ਹੁਨਰ ਸਿਖ ਸਕਦਾ ਸੀ, ਤਾਂ ਇਹ ਵੀ ਸੁਭਾਵਿਕ ਲਗਦਾ ਹੈ ਕਿ ਉਸ ਨੇ ਸਬਰ, ਸਿਦਕ, ਸੰਤੋਖ, ਨਿਰਭੈਤਾ ਤੇ ਤਿਆਗ ਵਰਗੀਆਂ ਦੈਵੀ ਤੇ ਆਦਰਸ਼ਕ ਕੀਮਤਾਂ ਵੀ ਪ੍ਰਾਪਤ ਕਰ ਲਈਆ ਹੋਣਗੀਆਂ।

ਭਾਈ ਮਰਦਾਨਾ ਬਾਬਾ ਜੀ ਨਾਲ ਰਹਿੰਦਾ ਰਹਿੰਦਾ ਬੜੀ ਉਚੇਰੀ ਅਵਸਥਾ ਜਾਨੀ ਕਿ ਬ੍ਰਹਮ ਗਿਆਨੀ ਹੋ ਗਏ ਸਨ। ਕਰਤਾਰਪੁਰ ਸਾਹਿਬ ਵਿਖੇ ਜਦੋਂ ਗੁਰੂ ਸਾਹਿਬ ਨੇ ਦੇਖਿਆ ਕਿ ਮਰਦਾਨੇ ਦਾ ਅੰਤ ਸਮਾ ਨੇੜੇ ਹੈ ਤਾਂ ਭਾਈ ਮਰਦਾਨੇ ਨੂੰਕਿਹਣ ਲੱਗੇ ਮਰਦਾਨਿਆਂ ਜੇ ਤੂੰ ਚਾਹੇ ਤਾਂ ਤੇਰੀ ਦੇਹੀ ਨੂੰ ਬ੍ਰਾਹਮਣ ਵਾਂਗੂੰ 'ਦਰਿਆ' ਵਿਚ ਸੁਟਵਾ ਦੇਈਏ, ਮਰਦਾਨਿਆ ਜੇ ਤੇਰੀ ਖ਼ਾਹਿਸ਼ ਹੋਵੇ ਤਾਂ ਖਤਰੀ ਵਾਂਗ ਸਾੜ ਦੇਈਏ, ਜੇ ਤੇਰੀ ਇੱਛਾ ਹੋਵੇ ਤਾਂ ਵੈਸ਼ ਵਾਂਗੂੰ ਹਵਾ ਵਿੱਚ ਸੁਟਵਾ ਦੇਈਏ, ਜੇ ਤੇਰੀ ਇੱਛਾ ਹੋਵੇ ਤਾਂ ਸ਼ੁਦਰ ਵਾਂਗ ਦਬਵਾ ਦੇਈਏ। ਮਰਦਾਨਾ ਜੀ ਨੇ ਉਤਰ ਦਿੱਤਾ ਤੇ ਕਿਹਾ: 'ਵਾਹੁ ਬਾਬਾ ਵਾਹ। ਅਜੇ ਵੀ ਸਰੀਰ ਦੇ ਚੱਕਰ ਵਿੱਚ, ਤੁਹਾਡੇ ਉਪਦੇਸ਼ ਕਰਕੇ ਤਾਂ ਦੇਹੀ ਦਾ ਖਿਆਲ ਹੀ ਮੁੱਕ ਗਿਆ ਹੈ। ਮੈਂ ਤਾਂ ਆਪਣੀ ਆਤਮਾ ਨੂੰ ਕੇਵਲ ਆਪਣੇ ਸਰੀਰ ਦਾ ਸਾਥੀ ਸਮਝਦਾ ਹਾਂ' ਫਿਰ ਬਾਬਾ ਜੀ ਨੇ ਕਿਹਾ: 'ਮਰਦਾਨਿਆ ਮੇਰਾ ਚਿੱਤ ਕਰਦਾ ਹੈ ਕਿ ਤੇਰੀ ਸਮਾਧ ਬਣਾਕੇ ਤੈਨੂੰ ਜਗਤ ਵਿੱਚ ਪ੍ਰਸਿੱਧ ਕਰੀਏ।' ਮਰਦਾਨਾ ਜੀ ਨੇ ਕੁਝ ਗੰਭੀਰ ਹੋ ਕੇ ਕਿਹਾ: 'ਬਾਬਾ ਬੜੀ ਮੁਸ਼ਕਲ ਨਾਲ ਤਾਂ ਸਰੀਰ ਰੂਪੀ ਸਮਾਧ ਵਿਚੋਂ ਨਿਕਲਣ ਲੱਗੇ ਹਾਂ, ਇਸ ਨੂੰ ਫਿਰ ਪੱਥਰ ਦੀ ਸਮਾਧ ਵਿੱਚ ਕਿਉਂ ਪਾਂਵਦੇ ਹੋ।' ਬਾਬੇ ਨੇ ਅਗਾਹ ਵਧ ਮਰਦਾਨੇ ਨੂੰ ਛਾਤੀ ਨਾਲ ਲਗਾ ਲਿਆ ਤੇ ਕਿਹਾ: 'ਤੂੰ ਬ੍ਰਹਮ ਨੂੰ ਪਛਾਣ ਲਿਆ ਹੈ, ਮਰਦਾਨਿਆ।'[17]

ਇਹ 1534 ਈਸਵੀ ਦੀ ਗਲ ਹੈ। ਗੁਰੂ ਸਾਹਿਬ ਨੇ ਫੁਰਮਾਇਆ ਕਿ ਮਰਦਾਨਿਆ ਅਸੀ ਤੈਨੂੰ ਅੱਗ ਦਾ ਦਾਗ ਦੇਵਾਂਗੇ ਅਤੇ ਰਾਵੀ ਨਦੀ ਵਿੱਚ ਤੇਰੇ ਫੁਲ ਜਲ ਪ੍ਰਵਾਹ ਕਰਾਂਗੇ।[18] ਭਾਈ ਮਨੀ ਸਿੰਘ ਜੀ ਨੇ ਗਿਆਨ ਰਤਨਾਵਲੀ ਦੀ ਪਉੜੀ ਨੰਬਰ 45 ਵਿੱਚ ਲਿਖਿਆ ਹੈ, ਮਰਦਾਨੇ ਦੀ ਆਪਣੀ ਇੱਛਾ ਅਨੁਸਾਰ ਸਾਹਿਬਾ ਨੇ ਆਪਣੇ ਹਸਤ ਕਮਲਾਂ ਨਾਲ ਭਾਈ ਮਰਦਾਨੇ ਦਾ ਸਸਕਾਰ ਕੀਤਾ। ਸਸਕਾਰ ਉਪਰੰਤ ਗੁਰਦੇਵ ਨੇ ਅੰਮ੍ਰਿਤ ਵੇਲੇ ਕੜਾਹ ਪ੍ਰਸ਼ਾਦਿ ਤਿਆਰ ਕਰਕੇ ਸੰਗਤਾਂ ਵਿੱਚ ਵਰਤਾਇਆ। ਇਸ ਮੌਕੇ ਤੇ ਮਰਦਾਨੇ ਜੀ ਦਾ ਪੁਤਰ ਸਜਾਦਾ ਮੌਜੂਦ ਸੀ, ਉਸ ਨੂੰ ਕਿਹਾ 'ਜੋ ਆਪਣੇ ਘਰ ਜਾਂਦੇ ਹਨ, ਉਨ੍ਹਾਂ ਦਾ ਸ਼ੋਕ ਨਹੀ ਕਰਨਾ। ਸੋ ਤੁਸੀ ਪਿਤਾ ਮਰਦਾਨੇ ਦਾ ਸ਼ੋਕ ਨਹੀ ਕਰਨਾ।'[19] ਇਥੇ ਮੈਂ ਕਿਸੇ ਵਿਵਾਦ ਵਿੱਚ ਨਹੀ ਪੈਣਾ ਚਾਹੁੰਦੀ ਹਾਂ ਸਿਰਫ ਇਹ ਕਿਹਣਾ ਜਰੂਰ ਚਾਹੁੰਦੀ ਹਾਂ ਕਿ ਸਾਰੇ ਲਿਖਾਰੀ ਭਾਈ ਮਰਦਾਨੇ ਦੇ ਦੇਹਾਂਤ ਦਾ ਸਾਲ 1534 ਮੰਨਦੇ ਹਨ। ਪਰ 1534 ਈਸਵੀ ਵਿੱਚ ਕਿਸੇ ਹਾਲਤ ਵਿੱਚ ਮਰਦਾਨਾ ਜੀ ਕੁਰਮ ਅਫ਼ਗਾਨਿਸਤਾਨ ਵਿਖੇ ਨਹੀ ਹੋ ਸਕਦੇ, ਜਦੋਂ ਕਿ ਪੱਛਮ ਦੀ ਉਦਾਸੀ ਤੋਂ ਗੁਰੂ ਸਾਹਿਬ 1521-22 ਵਿੱਚ ਵਾਪਸ ਆ ਗਏ ਸਨ ਤੇ ਕਰਤਾਰਪੁਰ ਵਿਖੇ ਮਰਦਾਨਾ ਤੇ ਉਸ ਦਾ ਬੇਟਾ ਸਜਾਦਾ ਰਹਿੰਦੇ ਸਨ। ਮਰਦਾਨਾ ਜੀ ਦੀ ਮੌਤ ਤੋਂ ਬਾਦ ਉਸ ਦਾ ਬੇਟਾ ਸਜਾਦਾ ਕਰਤਾਰਪੁਰ ਵਿਖੇ ਹੀ ਰਿਹਾ ਤੇ ਕੀਰਤਨ ਕਰਦਾ ਹੁੰਦਾ ਸੀ, ਪਰ ਉਨ੍ਹਾਂ ਦਾ ਦੂਸਰਾ ਬੇਟਾ ਰਜਾਦਾ ਤਲਵੰਡੀ ਹੀ ਰਿਹਾ। ਮਰਦਾਨਾ ਜੀ ਦੇ ਦੋਹਾਂ ਪੁਤਰਾਂ ਨੇ ਰਾਗ ਵਿਦਿਆ ਨੂੰ ਅੱਗੇ ਤੋਰਿਆ ਤੇ ਗੁਰੂ ਘਰ ਵਿੱਚ ਰਾਗ ਦੇ ਮਾਹਿਰ ਅਖਵਾਏ।

ਭਾਈ ਮਰਦਾਨਾ ਜੀ ਰਾਗ ਦੇ ਪਾਰੰਗਤ ਵਿਦਵਾਨ ਸਨ। ਕਿਹਾ ਜਾਂਦਾ ਹੈ ਕਿ ਰਾਗ ਦੇ ਧਨੀ ਪੰਡਿਤ ਰਹੀਦਾਸ ਜੋ ਤਾਨਸੈਨ ਦੇ ਗੁਰੂ ਸਨ ਉਹ ਮਰਦਾਨਾ ਜੀ ਦੇ ਸ਼ਗਿਰਦ ਸਨ। ਸਜਾਦਾ ਤੋਂ ਪਿਛੋਂ ਬਾਦੂ ਤੇ ਸਾਦੂ ਫਿਰ ਬਾਦੂ ਦਾ ਪੁਤਰ ਗੁਲਾਬਾ ਤੇ ਅੱਗੇ ਭਾਈ ਗਾਮੂ, ਭਾਈ ਰਹਿਮਤ ਅਲੀ, ਭਾਈ ਆਸ਼ਕ ਅਲੀ (ਲਾਲ ਜੀ) ਮੁਹੰਮਦ ਹੁਸੈਨ, ਕਰਮ ਹੁਸੈਨ ਤੇ ਮੋਤੀ, ਭਾਈ ਤਾਬਾ, ਭਾਈ ਚਾਂਦ ਆਦਿ ਇਨ੍ਹਾਂ ਸਭ ਨੇ ਭਾਈ ਮਰਦਾਨੇ ਦੀ ਰਾਗ ਸ਼ੈਲੀ ਨੂੰ ਅੱਗੇ ਤੋਰਿਆ। ਇਸ ਤਰ੍ਹਾਂ ਪ੍ਰਿੰਸੀਪਲ ਡਾ. ਮਹਿੰਦਰ ਕੌਰ ਲਿਖਦੇ ਹਨ ਕਿ ਗੁਰੂ ਨਾਨਕ ਦੇਵ ਜੀ ਦਾ ਲਗਾਇਆ ਬੂਟਾ ਮੁਰਝਾਇਆ ਨਹੀ ਸਗੋਂ ਮਰਦਾਨਾ ਜੀ ਦੇ ਬੰਸ਼ੀ ਅਜਕਲ ਵੀ

ਕੀਰਤਨ ਨਾਲ ਸੰਗਤਾਂ ਨੂੰ ਸਰਸ਼ਾਰ ਕਰਦੇ ਹਨ। ਭਾਈ ਮਰਦਾਨਾ ਬਾਬੇ ਨਾਨਕ ਦਾ ਕੀਰਤਨੀਆਂ ਖੁਦ ਕੀਰਤਨ ਦਾ ਰੂਪ ਹੀ ਹੋਇਆ ਸੀ। ਸ਼ਮਸ਼ੇਰ ਸਿੰਘ ਅਸ਼ੋਕ ਨੇ ਲਿਖਿਆ ਹੈ ਕਿ 'ਭਾਈ ਮਰਦਾਨੇ ਤੋਂ ਪਿਛੋਂ ਦੂਜੇ ਪਾਤਸ਼ਾਹ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿੱਚ ਮਰਦਾਨੇ ਦੇ ਪੁਤਰ ਸਜਾਦਾ ਕੀਰਤਨ ਕਰਦਾ ਰਿਹਾ' ਉਸ ਤੋਂ ਪਿਛੋਂ ਭਾਈ ਸੱਤਾ ਤੇ ਬਲਵੰਡ ਗੁਰੂ ਅਰਜਨ ਦੇਵ ਜੀ ਦੇ ਸਮੇ ਗੁਰੂ ਦਰਬਾਰ ਵਿੱਚ ਗੁਰਬਾਣੀ ਦਾ ਅਖੰਡ ਕੀਰਤਨ ਕਰਦੇ ਰਹੇ।[20]

ਅਖੀਰ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਭਾਈ ਮਰਦਾਨਾ ਗੁਰੂ ਨਾਨਕ ਦੇਵ ਜੀ ਦਾ ਰਬਾਬ ਸਾਥੀ ਸੀ, ਅਤਿ ਪਿਆਰਾ ਤੇ ਆਗਿਆਕਾਰੀ ਸਾਥੀ ਸੀ। ਗੁਰੂ ਨਾਨਕ ਦੇਵ ਜੀ ਵਾਂਗ, ਸਬਰ, ਸਿਦਕ, ਸੰਤੋਖ ਤੇ ਸਾਹਸ ਦਾ ਸੁਆਮੀ ਸੀ, ਧਰਤ ਲੁਕਾਈ ਨੂੰ ਸੋਧਣ ਦਾ ਦ੍ਰਿੜ ਹਾਮੀ ਸੀ, ਵੰਡ ਵਿਤਕਰਿਆਂ ਤੋਂ ਮੁਕਤ, ਨਿਰੋਲ ਆਤਮਵਾਦੀ ਤੇ ਮਾਨਵਵਾਦੀ ਸੀ, ਗੁਰੂ ਨਾਨਕ ਦੇਵ ਜੀ ਵਾਂਗ ਜਗਤ ਪ੍ਰਸਿਧੀ ਦਾ ਵਾਰਿਸ ਵੀ ਬਣ ਗਿਆ। ਸੱਚ ਮੁੱਚ ਭਾਈ ਮਰਦਾਨਾ ਮਰਦਾਨਗੀ ਦਾ ਪੁੰਜ ਸੀ।

ਡਾ. ਕਰਨਜੀਤ ਸਿੰਘ[21] ਆਪਣੀ ਪੁਸਤਕ ਭਾਈ ਮਰਦਾਨਾ ਵਿਚ ਲਿਖਦੇ ਹਨ ਕਿ ਭਾਈ ਮਰਦਾਨਾ ਕਈ ਪਹਿਲਾਂ ਦਾ ਸੁਆਮੀ ਸੀ। ਉਹ ਗੁਰੂ ਨਾਨਕ ਦਾ ਮਿਤਰ ਤਾਂ ਹੈ ਹੀ ਸੀ, ਨਾਲ ਹੀ ਉਹ ਗੁਰੂ ਦਾ ਪਹਿਲਾ ਸਿੱਖ ਵੀ ਸੀ। ਸਿੱਖ ਧਰਮ ਵਿੱਚ ਗੁਰੂ ਤੋਂ ਬਾਦ ਸ੍ਰੇਸ਼ਠ ਸਥਾਨ 'ਭਾਈ' ਨੂੰ ਪ੍ਰਾਪਤ ਹੈ। ਭਾਈ ਦਾ ਮਤਲਬ ਭਰਾ ਅਥਵਾ ਭ੍ਰਾਤਰੀ-ਭਾਵ ਹੈ। ਸਿੱਖ ਧਰਮ ਵਿੱਚ ਇਹ ਇਕ ਉਚ ਉਪਾਧੀ ਹੈ ਜਿਹੜੀ ਗੁਰੂ ਮਹਾਰਾਜ ਨੇ ਆਪਣੇ ਵਿਰਲੇ ਤੇ ਟਾਵੇਂ ਅਨਿੰਨ ਸਿੱਖ ਨੂੰ ਪ੍ਰਦਾਨ ਕੀਤੀ। ਮਰਦਾਨਾ ਸਿੱਖ ਧਰਮ ਵਿਚ ਪਹਿਲਾ ਭਾਈ ਸੀ। ਸਿੱਖ ਧਰਮ ਵਿੱਚ ਕੀਰਤਨ ਦਾ ਜੋ ਮਹੱਤਵ ਹੈ ਉਸ ਬਾਰੇ ਬਾਣੀ ਵਿੱਚ ਆਇਆ ਹੈ **'ਕਲਜੁਗ ਮਹਿ ਕੀਰਤਨ ਪਰਧਾਨਾ'** ਭਾਈ ਮਰਦਾਨਾ ਗੁਰਮਤ ਦਾ ਪਹਿਲਾ ਕੀਰਤਨੀਆ ਸੀ। ਡਾ. ਬਲਬੀਰ ਸਿੰਘ ਦੇ ਸ਼ਬਦਾ ਵਿੱਚ ਉਸ ਦਾ ਕੀਰਤਨ ਜਗ ਪਲਟ ਗਿਆ ਸੀ। ਰਬਾਬ ਕਲਜੁਗ ਨੂੰ ਸਤਿਜੁਗ ਕਰ ਦਿੰਦੀ ਸੀ। ਰਬਾਬੀ ਮਰਦਾਨਾ ਗੁਰੂ ਨਾਨਕ ਜੀ ਦੀ ਜਿੰਦ ਜਾਨ ਸੀ, ਜਿਵੇ ਕੋਈ ਅਨਿਖੜ ਅੰਗ ਹੁੰਦਾ ਹੈ। ਜਿਥੇ ਗੁਰੂ ਨਾਨਕ ਜੀ ਦਾ ਜ਼ਿਕਰ ਆਉਂਦਾ ਹੈ ਉਥੇ ਭਾਈ ਮਰਦਾਨੇ ਦਾ ਜ਼ਿਕਰ ਆਉਣਾ ਬਹੁਤ ਸੁਭਾਵਿਕ ਹੈ। ਭਾਈ ਗੁਰਦਾਸ ਜੀ ਮਰਦਾਨੇ ਤੋਂ ਬਿਨ੍ਹਾਂ ਗੁਰੂ ਨਾਨਕ ਜੀ ਦਾ ਜਿਕਰ ਨਹੀ ਕਰਦੇ।

**'ਇਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ'**

– ਡਾ. ਹਰਬੰਸ ਕੌਰ ਸੱਗੂ

**ਹਵਾਲੇ ਅਤੇ ਟਿੱਪਣੀਆਂ :**


1. ਭਾਈ ਸਾਹਿਬ ਸਿੰਘ, ਗੁਰੂ ਨਾਨਕ ਦੇਵ ਅਤੇ ਉਨ੍ਹਾਂ ਦੇ ਉਪਦੇਸ਼, ਪੰਨਾ 9
2. ਤ੍ਰਿਲੋਚਨ ਸਿੰਘ, ਜੀਵਨ ਚਰਿਤ੍ਰ: ਗੁਰੂਨਾਨਕ ਦੇਵ, ਪੰ. 47
3. ਭਾਈ ਗੁਰਦਾਸ, ਵਾਰ ਪਹਿਲੀ ਪਾਉੜੀ
4. ਭਾਈ ਵੀਰ ਸਿੰਘ, ਸ੍ਰੀ ਗੁਰੂ ਨਾਨਕ ਚਮਤਕਾਰ, ਪੂਰਬਾਰਧ ਭਾਗ, ਪੰਨਾ 107
5. ਭਾਈ ਮਰਦਾਨਾ, ਡਾ. ਕਰਨਜੀਤ ਸਿੰਘ, ਪੰਨੇ 15-16
6. ਭਾਈ ਵੀਰ ਸਿੰਘ, ਸ੍ਰੀ ਗੁਰੂ ਨਾਨਕ ਚਮਤਕਾਰ, ਉਤਰਾਰਥ ਪੰਨਾ 148
7. ਡਾ. ਕਿਰਪਾਲ ਸਿੰਘ, ਸਿੱਖ ਇਤਿਹਾਸ, ਪੰਨਾ 3
8. ਗੁਰੂ ਨਾਨਕ ਚਮਤਕਾਰ, ਪੁਰਬਾਰਧ, ਪ. 168
9. ਉਹੀ, ਪੰਨਾ 193
10. ਉਹੀ, ਪੰਨਾ 167
11. ਪ੍ਰਿੰਸੀਪਲ ਸਤਿਬੀਰ ਸਿੰਘ, ਪੁਰਾਤਨ ਇਤਿਹਾਸਕ ਜੀਵਨੀਆਂ, ਪੰਨਾ19
12. ਉਹੀ, ਪੰ. 19
13. ਭਾਈ ਗੁਰਦਾਸ, 1137
14. ਪ੍ਰਿੰਸੀਪਲ ਸਤਿਬੀਰ ਸਿੰਘ, ਉਹੀ, ਪੰਨਾ 19
15. ਉਹੀ, ਪੰਨਾ 19 ਅਤੇ ਮਹਿੰਦਰ ਕੌਰ ਗਿਲ, ਭਾਈ ਮਰਦਾਨਾ, ਪੰਨਾ 60
16. ਸ਼ਮਸ਼ੇਰ ਸਿੰਘ ਅਸ਼ੋਕ, ਮਿਰਾਸੀਆਂ ਦਾ ਪਿਛੋਕੜ ਅਤੇ ਭਾਈ ਮਰਦਾਨਾ ਪੰਨਾ.
17. ਸਤਿਬੀਰ ਸਿੰਘ, ਉਹੀ, ਪੰਨਾ 23
18. ਪ੍ਰਿੰਸੀਪਲ ਤੇਜਾ ਸਿੰਘ, ਸ਼ਬਦਾਰਥ, ਸ਼੍ਰੋ. ਗੁ. ਪ੍ਰ. ਕਮੇਟੀ, ਅੰਮ੍ਰਿਤਸਰ, ਪੰਨਾ 553
19. ਪ੍ਰਿੰਸੀਪਲ ਸਤਿਬੀਰ ਸਿੰਘ, ੳਹੀ, ਪੰਨਾ 23
20. ਡਾ. ਮਹਿੰਦਰ ਕੌਰ, ਓਹੀ, ਪੰ. 79
21. ਜਨਮ ਸਾਖੀ ਭਾਈ ਮਨੀ ਸਿੰਘ, ਪੰ. 570
22. ਸ਼ਮਸ਼ੇਰ ਸਿੰਘ ਅਸ਼ੋਕ, ਉਹੀ, ਪੰ. 35
23. ਡਾ. ਕਰਨਜੀਤ ਸਿੰਘ, ਭਾਈ ਮਰਦਾਨਾ, ਪੰ. 32

# ਵਿਸਮਾਦੀ ਸਾਸ਼ਕੀ ਵਿਵਸਥਾ ਮਾਡਲ, ਸਰੂਪ ਅਤੇ ਮਹੱਤਤਾ



ਬ੍ਰਹਿਮੰਡ ਦੇ ਅਨੰਤ ਪਸਾਰੇ ਵਿੱਚ ਮਾਨਵ ਜਾਤੀ ਦਾ ਮਹੱਤਵਪੂਰਨ ਸਥਾਨ ਹੈ।ਆਪਣੀ ਚੇਤਨਤਾ ਦੇ ਸਦਕਾ ਵਿਸ਼ੇਸ਼ ਮਹੱਤਤਾ ਰੱਖਦਾ ਹੋਇਆ ਮਨੁੱਖ 'ਸਰਦਾਰ' ਜੂਨ ਦੀ ਉਪਾਧੀ ਨੂੰ ਵੀ ਹਾਸਿਲ ਕਰਦਾ ਹੈ।ਪਰ ਕੀ ਇਸ ਸਰਦਾਰ ਮਨੁੱਖ ਨੇ ਆਪਣੀ ਸਰਦਾਰੀ ਦੀ ਮਹੱਤਤਾ, ਜ਼ਿੰਮੇਵਾਰੀ, ਭੂਮਿਕਾ ਨੂੰ ਸਮਝਿਆ ਹੈ? ਅੱਜ ਦੇ ਅਤਿ-ਆਧੁਨਿਕ ਯੁੱਗ ਵਿੱਚ ਪਹੁੰਚ ਕੇ ਵੀ ਮਨੁੱਖ ਦੀ ਲਾਲਸਾ ਭਰੀ ਪ੍ਰਵਿਰਤੀ ਦਾ ਅੰਤ ਨਹੀਂ ਹੋ ਰਿਹਾ।ਉਹ ਅਨੇਕਾਂ ਸਮੱਸਿਆਵਾਂ ਨਾਲ ਘਿਰਿਆ ਪਿਆ ਹੈ, ਜਿੰਨ੍ਹਾਂ ਦੇ ਸਿੱਟੇ ਵਜੋਂ ਉਸ ਨੂੰ ਆਪਣਾ ਅੰਤ ਸਾਫ਼ ਦਿਖਾਈ ਦੇ ਰਿਹਾ ਹੈ।ਬੌਧਿਕ ਵਿਕਾਸ ਦੇ ਨਾਲ ਮਨੁੱਖ ਨੇ ਕਈ ਸਿਧਾਂਤਾਂ ਅਤੇ ਜੀਵਨ ਮਾਡਲਾਂ ਨੂੰ ਘੜਿਆ ਅਤੇ ਉਹਨਾਂ ਨੂੰ ਲਾਗੂ ਕਰਨ ਦੀ ਕੋਸ਼ਿਸ਼ ਵੀ ਕੀਤੀ ਹੈ। ਪਰ ਵਿਚਾਰਨਯੋਗ ਮਸਲਾ ਇਹ ਹੈ ਕੀ ਮਨੁੱਖ ਦੁਆਰਾ ਘੜੇ ਗਏ ਮਾਡਲ ਅਤੇ ਸਿਧਾਂਤ ਮਨੁੱਖੀ ਸਮੱਸਿਆਵਾਂ ਦਾ ਹੱਲ ਕਰਨ ਵਿੱਚ ਕਾਮਯਾਬ ਹੋਏ ਹਨ? ਕੀ ਉਹਨਾਂ ਨੇ ਆਦਰਸ਼ਿਕ ਮਨੁੱਖ ਅਤੇ ਸਮਾਜ ਦੀ ਸਿਰਜਣਾ ਕੀਤੀ, ਜਿਸ ਵਿੱਚ ਮਾਨਵੀ ਹਿੱਤਾਂ ਦੀ ਪੂਰਤੀ ਦੇ ਨਾਲ ਮਨੁੱਖ ਬ੍ਰਹਿਮੰਡ ਅਤੇ ਕੁਦਰਤ ਦੇ ਨਾਲ ਵੀ ਸੰਤੁਲਨ ਨੂੰ ਕਾਇਮ ਰੱਖ ਸਕੇ।ਪਰ ਅਸੀਂ ਦੇਖਦੇ ਹਾਂ ਕਿ ਅਜਿਹਾ ਕੁਝ ਵੀ ਨਹੀਂ ਹੋਇਆ।

ਮਨੁੱਖੀ ਲਾਲਸਾ ਵੱਧਦੀ ਗਈ। ਮਨੁੱਖ ਨੇ ਆਪਣੇ ਸੁਆਰਥ ਅਤੇ ਨਿੱਜੀ ਹਿੱਤਾਂ ਦੀ ਪੂਰਤੀ ਲਈ ਕਿਸੇ ਵੀ ਕੁਦਰਤੀ ਪ੍ਰਬੰਧ ਦੀ ਪ੍ਰਵਾਹ ਨਾ ਕੀਤੀ।ਉਸਨੇ ਕੁਦਰਤੀ ਸਾਧਨਾਂ ਦੀ ਦੁਰਵਰਤੋਂ ਦੇ ਨਾਲ ਨਾਲ ਕੁਦਰਤੀ ਪ੍ਰਬੰਧ ਵਿੱਚ ਦਖ਼ਲ ਦੇਣਾ ਆਰੰਭ ਕਰ ਦਿੱਤਾ। ਆਪਣੇ ਜੀਵਨ ਦੇ ਵਿਗਾਸ ਨੂੰ ਅੱਖੋਂ-ਪਰੋਖੇ ਕਰਕੇ ਅਤੇ ਤਾਕਤ ਦੇ ਨਸ਼ੇ ਵਿੱਚ ਡੀਂਗਾਂ ਮਾਰਦਾ ਮਨੁੱਖ, ਆਪਣੀ ਜਾਤ ਨੂੰ ਹੀ ਪੈਰਾਂ ਹੇਠ ਲਿਤਾੜਣ ਲੱਗਾ। ਵਿਸ਼ਵ ਨੂੰ ਦੋ ਭਿਆਨਕ ਯੁੱਧਾਂ ਦਾ ਸਾਹਮਣਾ ਕਰਨਾ ਪਿਆ। ਕੁਦਰਤ ਦੇ ਅਨੰਦਾਂ ਅਤੇ ਖੇੜਿਆਂ ਨੂੰ ਭੂਗੋਲਿਕ ਹੱਦਾਬੰਦੀ ਦੇ ਦੁਆਰਾ ਸੀਮਿਤ ਕਰ ਦਿੱਤਾ ਗਿਆ। ਮਨੁੱਖ ਆਪਣੀ ਹੀ ਬਣਾਈ ਕੈਦ ਵਿੱਚ ਕੈਦੀ ਬਣ ਗਿਆ। ਇਸ ਤਰ੍ਹਾਂ ਇਹ 'ਸਰਦਾਰ (ਸ਼੍ਰੇਸ਼ਟ)' ਮਨੁੱਖ ਅੱਜ ਆਪਣੇ ਆਪ ਦਾ ਹੀ ਗੁਲਾਮ ਹੋ ਗਿਆ। ਮਨੁੱਖ ਨੂੰ ਹੋਰ ਕਿਸੇ ਜੀਵ ਜਾਂ ਜਾਨਵਰ ਤੋਂ ਇੰਨ੍ਹਾਂ ਖਤਰਾ ਨਹੀਂ, ਜਿੰਨ੍ਹਾਂ ਮਨੁੱਖ ਨੂੰ ਮਨੁੱਖ ਤੋਂ ਖਤਰਾ ਹੈ। ਇੰਨ੍ਹੇ ਵੱਡੇ ਪੱਧਰ 'ਤੇ ਤਿਆਰ ਕੀਤੇ ਗਏ ਪ੍ਰਮਾਣੂ ਵਿਸਫੋਟਕ ਹਥਿਆਰ ਕਿਸੇ ਪੰਛੀ ਜਾਂ ਜਾਨਵਰ ਦਾ ਸ਼ਿਕਾਰ ਕਰਨ ਲਈ ਨਹੀਂ ਬਣਾਏ ਗਏ। ਇਹ ਤਾਂ ਮਨੁੱਖ ਨੇ ਆਪਣੇ ਲਈ ਹੀ ਬਣਾਏ ਹਨ। ਇਕ-ਦੂਜੇ ਪ੍ਰਤੀ ਪੈਦਾ ਹੋਈ ਅਜਿਹੀ ਅਸੁਰੱਖਿਆ ਅਤੇ ਡਰ ਦੀ ਭਾਵਨਾ ਨੂੰ ਕਿਸੇ ਵੀ ਯੋਗ ਪ੍ਰਬੰਧ ਦੁਆਰਾ ਦੂਰ ਨਹੀਂ ਕੀਤਾ ਗਿਆ। ਮਨੁੱਖੀ ਜੀਵਨ ਮਾਡਲ ਇਸ ਡਰ ਨੂੰ ਦੂਰ ਕਰਨ ਵਿੱਚ ਨਾ-ਕਾਮਯਾਬ ਰਹੇ। ਜਿਸ ਦੇ ਸਿੱਟੇ ਵਜੋਂ ਵਿਸ਼ਵ ਵਿੱਚ ਅਜਿਹੀਆਂ ਅਨੇਕਾਂ ਸਮੱਸਿਆਵਾਂ ਦਾ ਜਨਮ ਹੋਇਆ ਅਤੇ ਇਹਨਾਂ ਸਮੱਸਿਆਵਾਂ ਦਾ ਹੱਲ ਕਿਸੇ ਵੀ ਮਨੁੱਖੀ ਮਾਡਲ ਦੁਆਰਾ ਹੁੰਦਾ ਦਿਖਾਈ ਨਹੀਂ ਦੇ ਰਿਹਾ।ਇਸ ਲਈ ਅੱਜ ਜਿਸ ਮਹੱਤਵਪੂਰਨ ਚੁਣੌਤੀ ਦਾ ਸਾਹਮਣਾ ਅਸੀਂ ਕਰ ਰਹੇ ਹਾਂ, ਉਸਦੇ ਹੱਲ ਲਈ ਸਾਨੂੰ ਫਿਰ ਤੋਂ ਕੁਦਰਤ ਵੱਲ ਨੂੰ ਪਰਤਣਾ ਪਵੇਗਾ। ਕੁਦਰਤ, ਕੁਦਰਤ ਤੋਂ ਅੱਗੇ ਬ੍ਰਹਿਮੰਡ ਅਤੇ ਬ੍ਰਹਿਮੰਡ ਸਿਰਜਕ ਪ੍ਰਮਾਤਮਾ ਦੀ ਸ਼ਰਣ ਵਿੱਚ ਜਾਣਾ ਹੀ ਅੱਜ ਸਾਡੇ ਕੋਲ ਯੋਗ ਅਤੇ ਢੁਕਵਾਂ ਹੱਲ ਬਚਿਆ ਹੈ। ਪਰਮ ਸੱਤਾ ਪ੍ਰਮਾਤਮਾ ਦੀ ਰੱਬੀ ਹਕੂਮਤ ਹੀ ਅਜਿਹਾ ਪ੍ਰਬੰਧ ਹੈ ਜੋ ਸਾਡੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਹੈ। ਇਸ ਲਈ ਅੱਜ ਸਾਡਾ

ਫਰਜ਼ ਬਣਦਾ ਹੈ ਕਿ ਅਸੀਂ ਇਸ ਦਿਸ਼ਾ ਵੱਲ ਕਦਮ ਉਠਾਈਏ ਅਤੇ ਆਪਣੇ ਮੂਲ ਸੱਚ ਪ੍ਰਤੀ ਜਾਗਰੂਕ ਹੋਈਏ। ਵਿਸਮਾਦੀ ਸ਼ਾਸ਼ਕੀ ਵਿਵਸਥਾ ਨੂੰ ਕਾਇਮ ਕੀਤਾ ਜਾਵੇ, ਜਿਸ ਦੁਆਰਾ ਖੇੜਿਆਂ ਭਰਪੂਰ ਵਿਸਮਾਦੀ ਆਦਰਸ਼ਿਕ ਮਨੁੱਖ ਅਤੇ ਸਮਾਜ ਦੀ ਸਿਰਜਣਾ ਹੋਵੇਗੀ।

ਵਿਸਮਾਦੀ ਸ਼ਾਸ਼ਕੀ ਵਿਵਸਥਾ 'ਵਿਕਾਸ' ਤੋਂ ਅੱਗੇ ਵਿਗਾਸ' 'ਤੇ ਅਧਾਰਿਤ ਹੈ।ਇਸ ਸ਼ਾਸ਼ਕੀ ਵਿਵਸਥਾ ਵਿੱਚ ਵਿਸਮਾਦ ਨੂੰ ਪ੍ਰਮੁੱਖਤਾ ਦਿੱਤੀ ਜਾਂਦੀ ਹੈ। ਜਿੱਥੇ ਸਮਾਜਵਾਦ ਅਤੇ ਸਾਮਵਾਦ ਪੂੰਜੀ ਕੇਂਦਰਿਤ ਹਨ। ਪੂੰਜੀਵਾਦ ਵਿੱਚ 'ਪੂੰਜੀ' ਨੂੰ ਸਾਹਮਣੇ ਰੱਖ ਕੇ ਹਰ ਪ੍ਰਬੰਧ ਉਲੀਕਿਆ ਜਾਂਦਾ ਹੈ। ਜਿੱਥੇ ਪੂੰਜੀ ਦੇ ਨਫ਼ੇ ਅਤੇ ਨੁਕਸਾਨ ਦਾ ਮੁੱਦਾ ਪ੍ਰਮੁੱਖ ਹੁੰਦਾ ਹੈ। ਇਸ ਪ੍ਰਕਾਰ ਸਾਰੇ ਸਮਾਜਿਕ ਰਿਸ਼ਤੇ ਅਤੇ ਰਾਜਨੀਤਿਕ ਪ੍ਰਬੰਧਾਂ ਨੂੰ ਪੂੰਜੀ ਪ੍ਰਭਾਵਿਤ ਕਰਦੀ ਹੈ। ਮਨੋਵਿਗਿਆਨਿਕ ਪੱਖ ਤੋਂ ਮਨੁੱਖੀ ਮਾਨਸਿਕ ਵਿਵਸਥਾ ਵੀ ਪੂੰਜੀ ਦੁਆਰਾ ਪ੍ਰਭਾਵਿਤ ਹੁੰਦੀ ਹੈ, ਜਿਸ ਵਿੱਚ ਮਨੁੱਖ ਲਾਲਚੀ ਅਤੇ ਸੁਆਰਥੀ ਬਣ ਜਾਂਦਾ ਹੈ। ਜਿਸ ਕਾਰਨ ਸਾਰੇ ਸਮਾਜੀ ਪ੍ਰਬੰਧਾਂ ਵਿੱਚ ਵਿਗਾੜ ਆ ਜਾਂਦਾ ਹੈ।

ਵਿਸਮਾਦੀ ਸ਼ਾਸ਼ਕੀ ਵਿਵਸਥਾ ਮਾਨਵ ਜਾਤੀ ਲਈ ਤੀਸਰਾ ਬਦਲ ਹੈ, ਜੋ ਮਨੁੱਖ ਲਈ ਖੇੜ੍ਹਿਆਂ ਭਰਪੂਰ ਅਨੰਦਮਈ ਅਤੇ ਵਿਗਾਸਮਈ ਪ੍ਰਬੰਧ ਦੀ ਸਿਰਜਣਾ ਕਰਦਾ ਹੈ।ਭਾਈ ਹਰਿਸਿਮਰਨ ਸਿੰਘ ਨੇ ਆਪਣੀਆਂ ਰਚਨਾਵਾਂ ਵਿਚ ਇਸ ਸੰਬੰਧੀ ਖੋਜ ਅਤੇ ਪੂਰਾ ਮਾਡਲ ਵਿਆਖਿਆ ਸਹਿਤ ਪੇਸ਼ ਕੀਤਾ ਹੈ। ਪ੍ਰਮਾਤਮਾ ਤੋਂ ਸਿਰਜਿਆ ਗਿਆ ਬ੍ਰਹਿਮੰਡ ਅਤੇ ਕੁਦਰਤ ਵਿਸਮਾਦ ਦਾ ਸਰੋਤ ਹੈ।ਜਿਸ ਵਿੱਚ ਬ੍ਰਹਿਮੰਡ ਦੇ ਅਨੰਤ ਪਸਾਰੇ ਅਤੇ ਰਹੱਸਮਈ ਭੇਦਾਂ ਨੂੰ ਦੇਖਦੇ ਹੋਏ ਮਨੁੱਖ ਹੈਰਾਨ ਹੋ ਜਾਂਦਾ ਹੈ ਅਤੇ ਉੱਥੇ ਹੀ ਕੁਦਰਤ ਦੀ ਵੰਨ-ਸਵੰਨਤਾ ਅਤੇ ਵਰਤਾਰੇ ਵਿਸਮਾਦ ਹੀ ਹਨ। ਗੁਰੂ ਨਾਨਕ ਦੇਵ ਜੀ 'ਆਸਾ ਕੀ ਵਾਰ' ਵਿੱਚ ਫੁਰਮਾਉਂਦੇ ਹਨ:-

**ਵਿਸਮਾਦੁ ਨਾਦ ਵਿਸਮਾਦੁ ਵੇਦ॥**
**ਵਿਸਮਾਦੁ ਜੀਅ ਵਿਸਮਾਦੁ ਭੇਦ॥**
**ਵਿਸਮਾਦੁ ਰੂਪ ਵਿਸਮਾਦੁ ਰੰਗ॥**
**ਵਿਸਮਾਦੁ ਨਾਗੇ ਫਿਰਹਿ ਜੰਤ॥**
**ਵਿਸਮਾਦੁ ਪਉਣੁ ਵਿਸਮਾਦੁ ਪਾਣੀ॥**
**ਵਿਸਮਾਦੁ ਅਗਨੀ ਖੇਡਹਿ ਵਿਡਾਣੀ॥**
**ਵਿਸਮਾਦੁ ਧਰਤੀ ਵਿਸਮਾਦੁ ਖਾਣੀ॥**
**ਵਿਸਮਾਦੁ ਸਾਦਿ ਲਗਹਿ ਪਰਾਣੀ॥**
**ਵਿਸਮਾਦੁ ਸੰਜੋਗੁ ਵਿਸਮਾਦੁ ਵਿਜੋਗੁ॥**
**ਵਿਸਮਾਦੁ ਭੁਖ ਵਿਸਮਾਦੁ ਭੋਗੁ॥**
**ਵਿਸਮਾਦੁ ਸਿਫਤਿ ਵਿਸਮਾਦੁ ਸਾਲਾਹ॥**
**ਵਿਸਮਾਦੁ ਉਝੜ ਵਿਸਮਾਦੁ ਰਾਹ॥**
**ਵਿਸਮਾਦੁ ਨੇੜੈ ਵਿਸਮਾਦੁ ਦੂਰਿ॥**
**ਵਿਸਮਾਦੁ ਦੇਖੈ ਹਾਜਰਾ ਹਜੂਰਿ॥**
**ਵੇਖਿ ਵਿਡਾਣੁ ਰਹਿਆ ਵਿਸਮਾਦੁ॥**
**ਨਾਨਕ ਬੁਝਣੁ ਪੂਰੈ ਭਾਗਿ॥** (ਅੰਗ : 464)

ਇਸ ਪ੍ਰਕਾਰ ਵਿਸਮਾਦੀ ਵਿਵਸਥਾ ਸਾਨੂੰ ਕੁਦਰਤ ਦੇ ਨੇੜੇ ਲੈ ਕੇ ਜਾਣੀ ਵਾਲੀ ਹੈ। ਅਸੀਂ ਕੁਦਰਤ ਦਾ ਹਿੱਸਾ ਹਾਂ।ਕੁਦਰਤੀ ਪ੍ਰਬੰਧ ਵਿੱਚ ਸਾਡਾ ਅਹਿਮ ਯੋਗਦਾਨ ਅਤੇ ਜ਼ਿੰਮੇਵਾਰੀ ਹੈ ਕਿ ਅਸੀਂ ਆਪਣੀ ਚੇਤਨਤਾ ਸਦਕਾ ਕੁਦਰਤੀ ਪ੍ਰਬੰਧ ਦਾ ਸੰਤੁਲਨ ਕਾਇਮ ਰੱਖੀਏ। ਪਰ ਅੱਜ ਦਾ ਮਨੁੱਖ ਇਸ ਦੇ ਬਿਲਕੁਲ ਹੀ ਉਲਟ ਹੋ ਗਿਆ ਹੈ।ਕੁਦਰਤ ਪਾਸ ਸਾਡੇ ਲਈ ਬਹੁਤ ਕੁਝ ਹੈ ਪਰ ਮਨੁੱਖੀ ਲਾਲਸਾ ਦੀ ਪੂਰਤੀ ਵਾਸਤੇ ਨਹੀਂ ਹੈ। ਮਨੁੱਖ ਕੁਦਰਤੀ ਪ੍ਰਬੰਧ ਵਿੱਚ ਵਿਗਾੜ ਪਾ ਰਿਹਾ ਹੈ ਜੋ ਕਿ ਸਰਾਸਰ ਗਲਤ ਹੈ।ਅੱਜ ਸਾਡੇ ਸਾਹਮਣੇ ਜੋ ਵੀ ਸਮੱਸਿਆਵਾਂ ਹਨ, ਉਹਨਾਂ ਦੇ ਹੱਲ ਲਈ ਕੁਦਰਤ ਮੁਖੀ ਪ੍ਰਬੰਧ ਸਿਰਜਣਾ ਪਵੇਗਾ।ਇਸ ਨਾਲ ਅਸੀਂ ਕੁਦਰਤ ਦੇ ਨਾਲ ਨਾਲ ਕਾਦਰ ਦੇ ਵੀ ਨੇੜੇ ਹੋ ਜਾਵਾਂਗੇ।

ਸਾਡਾ ਸ਼ਾਸ਼ਨ ਪ੍ਰਬੰਧ ਹਮੇਸ਼ਾਂ ਹੀ ਪੂੰਜੀਪਤੀ ਵਿਅਕਤੀਆਂ ਦੇ ਹੱਥ ਵਿੱਚ ਰਿਹਾ ਹੈ।ਜੋ ਆਪਣੇ ਨਿੱਜ-ਸੁਆਰਥ ਹਿਤ ਸ਼ਾਸ਼ਨ ਪ੍ਰਬੰਧ ਨੂੰ ਪ੍ਰਭਾਵਿਤ ਕਰਦੇ ਆਏ ਹਨ। ਇਤਿਹਾਸ ਵਿੱਚ ਅਸੀਂ ਅਜਿਹੀਆਂ ਅਨੇਕਾਂ ਘਟਨਾਵਾਂ ਦੇਖ ਸਕਦੇ ਹਾਂ, ਜਿੰਨ੍ਹਾਂ ਵਿੱਚ ਨਿੱਜੀ ਲਾਭਾਂ ਲਈ, ਬਸਤੀਆਂ ਕਾਇਮ ਕਰਨ ਲਈ ਹਮੇਸ਼ਾ ਆਪਸੀ ਜੱਦੋ-ਜਹਿਦ ਜ਼ਾਰੀ ਰਹੀ। ਇਸ ਸ਼ਾਸ਼ਨ ਪ੍ਰਬੰਧ ਨੇ ਲੋਕਾਂ ਤੋਂ ਆਜ਼ਾਦੀ ਖੋ ਲਈ। ਆਜ਼ਾਦੀ ਦੇ ਅਰਥ ਬਦਲ ਦਿੱਤੇ ਗਏ। ਪਰਜਾ ਰਾਜਨੀਤਿਕ ਲੋਕਾਂ ਲਈ ਕੇਵਲ ਓਬਜੈਕਿਟ ਬਣ ਕੇ ਹੀ ਰਹਿ ਗਈ।ਲੋਕਾਂ ਨੂੰ ਵਰਤਿਆ ਗਿਆ। ਉਹਨਾਂ ਨੂੰ ਮਾਮੂਲੀ ਸੁਖ ਸਹੂਲਤਾਂ ਉਪਲੱਬਧ ਕਰਵਾ ਕੇ ਜੀਵਨ ਦੇ ਖੇੜੇ ਅਤੇ ਆਜ਼ਾਦ ਸੋਚ ਤੋਂ ਦੂਰ ਰੱਖਿਆ ਗਿਆ। ਅਜੋਕੇ ਸਮੇਂ ਵਿੱਚ ਵੀ ਅਜਿਹਾ ਹੀ ਹਾਲ ਹੈ। ਪੂਰੇ ਵਿਸ਼ਵ ਵਿੱਚ

ਸਰਦਾਰੀ ਕਾਇਮ ਕਰਨ ਦੀ ਦੌੜ ਜਾਰੀ ਹੈ। ਜਿਸ ਵਿੱਚ ਆਮ ਲੋਕਾਂ ਨੂੰ ਸ਼ਰੇਆਮ ਲਿਤਾੜਿਆ ਜਾ ਰਿਹਾ ਹੈ। ਇਸ ਸ਼ਾਸਨ ਪ੍ਰਬੰਧ ਨੇ ਸਾਡੇ ਸਾਹਮਣੇ ਅਨੇਕਾਂ ਸਮੱਸਿਆਵਾਂ ਖੜ੍ਹੀਆਂ ਕਰ ਦਿੱਤੀਆਂ ਹਨ। ਜਿਸ ਵਿੱਚ ਪ੍ਰਮੁੱਖ ਡਰ ਅਤੇ ਅਸੁਰੱਖਿਆ ਦੀ ਭਾਵਨਾ ਨੂੰ ਲੋਕਾਂ ਦੀ ਮਾਨਸਿਕਤਾ 'ਤੇ ਥੋਪ ਦਿੱਤਾ ਗਿਆ ਹੈ। ਇਸ ਲਈ ਅਜਿਹੇ ਸ਼ਾਸ਼ਨੀ ਪ੍ਰਬੰਧ ਦਾ ਬਦਲ ਬਹੁਤ ਜ਼ਰੂਰੀ ਹੈ।

ਇਸ ਪ੍ਰਬੰਧ ਦੇ ਬਦਲ ਵਜੋਂ ਸਾਡੇ ਪਾਸ ਵਿਸਮਾਦੀ ਸ਼ਾਸ਼ਕੀ ਪ੍ਰਬੰਧ ਹੈ।ਜਿਸ ਦਾ ਮਾਡਲ ਸਿੱਖ ਗੁਰੂ ਸਾਹਿਬਾਨ ਦੁਆਰਾ ਸਿਰਜਿਆ ਗਿਆ ਹੈ। ਗੁਰੂ ਗ੍ਰੰਥ ਸਾਹਿਬ ਜੀ ਇਸ ਦਾ ਨਕਸ਼ਾ ਤਿਆਰ ਕਰਦੇ ਹਨ ਅਤੇ ਸਾਨੂੰ ਅਜਿਹੇ ਪ੍ਰਬੰਧ ਨੂੰ ਸਿਰਜਣ ਲਈ ਪ੍ਰੇਰਨਾ ਵੀ ਦਿੰਦੇ ਹਨ। ਵਿਸਮਾਦੀ ਸ਼ਾਸ਼ਕੀ ਪ੍ਰਬੰਧ ਵਿੱਚ ਆਦਰਸ਼ਿਕ ਮਨੁੱਖ ਅਤੇ ਸਮਾਜ ਦੀ ਉਸਾਰੀ ਕੀਤੀ ਜਾਵੇਗੀ। ਸਭ ਤੋਂ ਪਹਿਲਾਂ ਮਨੁੱਖ ਦੀ ਘਾੜਤ ਘੜੀ ਜਾਵੇਗੀ ਤਾਂ ਜੋ ਸਾਰੇ ਪ੍ਰਬੰਧਾਂ ਅਤੇ ਜੀਵਨ ਮਾਡਲਾਂ ਦੀ ਮੂਲ ਇਕਾਈ ਮਨੁੱਖ ਨੂੰ ਇਸ ਲਈ ਤਿਆਰ ਕੀਤਾ ਜਾ ਸਕੇ।ਵਿਸਮਾਦੀ ਮਨੁੱਖ ਹੀ ਵਿਗਾਸਮੁਖੀ ਅਤੇ ਆਪਣੇ ਆਪ ਤੋਂ ਉਪਰ ਉੱਠ ਕੇ ਜੀਣ ਵਾਲਾ ਹੋਵੇਗਾ।ਇਸ ਲਈ ਸਾਨੂੰ ਧਰਮ ਵੱਲ ਪਰਤਣਾ ਪਵੇਗਾ। ਧਰਮ ਸਚਿਆਰ ਮਨੁੱਖ ਦੀ ਸਿਰਜਣਾ ਕਰੇਗਾ ਅਤੇ ਇਸ ਵਿੱਚ ਧਾਰਮਿਕ ਆਗੂਆਂ ਦੀ ਪ੍ਰਮੁੱਖ ਭੂਮਿਕਾ ਹੋਵੇਗੀ ਕਿ ਉਹ ਧਾਰਮਿਕ ਸਥਾਨ ਸਫ਼ਲ ਪ੍ਰਯੋਗਸ਼ਾਲਾ ਦੇ ਰੂਪ ਵਿੱਚ ਤਿਆਰ ਕਰਨ ਅਤੇ ਇਸ ਕਾਰਜ ਨੂੰ ਅਮਲੀ ਰੂਪ ਦੇਣ। ਗੁਰਦੁਆਰਾ ਸੰਸਥਾ ਸਿੱਖਾਂ ਦੇ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਪ੍ਰਬੰਧ ਲਈ ਕੇਂਦਰੀ ਸਥਾਨ ਹੈ।ਜੋ ਹਰ ਪ੍ਰਕਾਰ ਦੇ ਸਿੱਖ ਮਸਲਿਆਂ ਨੂੰ ਨਜਿੱਠਦਾ ਹੈ। ਇਸ ਤਰ੍ਹਾਂ ਇਸ ਸੰਸਥਾ ਦੁਆਰਾ ਵਿਸਮਾਦੀ ਮਨੁੱਖ ਸਿਰਜਣ ਵਿੱਚ ਸਫਲਤਾ ਪ੍ਰਾਪਤ ਕੀਤੀ ਜਾ ਸਕਦੀ ਹੈ।

ਵਿਸਮਾਦੀ ਮਨੁੱਖ ਹੀ ਵਿਸਮਾਦੀ ਸ਼ਾਸ਼ਨੀ ਪ੍ਰਬੰਧ ਦੀ ਸਿਰਜਣਾ ਕਰਨਗੇ।ਇਹ ਸ਼ਾਸ਼ਨ ਪ੍ਰਬੰਧ ਹਰ ਮਾਨਵ ਅਤੇ ਇਸ ਸ਼੍ਰਿਸਟੀ ਦੇ ਹਰ ਜੀਵ ਦੀ ਆਜ਼ਾਦੀ ਦੀ ਬਹਾਲੀ ਨੂੰ ਯਕੀਨੀ ਬਣਾਏਗਾ। ਇਸ ਵਿਵਸਥਾ ਵਿੱਚ ਅਸੀਂ ਇਕ 'ਵਿਸ਼ਵ ਸਰਕਾਰ' ਸਿਰਜਣਾ ਕਰ ਸਕਦੇ ਹਾਂ ਜੋ 'ਰੱਬੀ ਹਕੂਮਤ' ਦੇ ਰੂਪ ਵਿੱਚ ਹੋਵੇਗੀ।ਸਾਰਾ ਸ਼ਾਸ਼ਨ ਪ੍ਰਬੰਧ ਕੁਦਰਤ ਨੂੰ ਕੇਂਦਰ ਵਿੱਚ ਰੱਖਦੇ ਹੋਏ, ਕੁਦਰਤ ਦੇ ਹਰ ਸਰੋਤ, ਜੀਵ-ਜੰਤੂਅਤੇ ਕੁਦਰਤੀ ਸਾਧਨਾਂ ਦੇ ਹਿਤ ਵਿੱਚ ਹੋਵੇਗਾ। ਮਨੁੱਖ ਲਈ ਇੱਥੇ ਇਹ ਚੁਣੌਤੀ ਹੋਵੇਗੀ ਕਿ ਉਸ ਨੂੰ ਸਹਿਜਮਈ ਬਣਨਾ ਪਵੇਗਾ।ਆਪਣੇ ਨਿੱਜ-ਸੁਆਰਥ ਤੋਂ ਉਪਰ ਉੱਠ ਕੇ ਸਹਿਜ ਹਾਸਿਲ ਕਰਨਾ ਇਕ ਅਧਿਆਤਮਿਕ ਅਵਸਥਾ ਦੇ ਨਾਲ ਇਕ ਆਦਰਸ਼ਿਕ ਮਨੁੱਖ ਦੀ ਸਿਰਜਣਾ ਅਤੇ ਮਨੁੱਖਤਾ ਦੀ ਸਿਖ਼ਰਤਾ ਵੀ ਹੈ। ਇਹ ਪ੍ਰਬੰਧ ਇਕਹਿਰੇਵਾਦ ਤੋਂ ਉੱਪਰ ਬਹੁ-ਪੱਖੀ ਹੋਵੇਗਾ। ਇਸ ਸ਼ਾਸ਼ਕੀ ਵਿਵਸਥਾਂ ਵਿੱਚ ਹਰ ਧਰਮ , ਸੱਭਿਆਚਾਰ ਅਤੇ ਸਮਾਜ ਦਾ ਵਿਕਾਸ ਯਕੀਨੀ ਬਣਾਇਆ ਜਾਵੇਗਾ। ਜਿਸ ਨਾਲ ਵਿਸ਼ਵ ਦੀ ਵੰਨ-ਸਵੰਨਤਾ ਇਕ ਗੁਲਦਸਤੇ ਦੀ ਤਰ੍ਹਾਂ ਸੁੰਦਰ ਦਿਖਾਈ ਦੇਵੇਗੀ। ਇਕ ਵਿਸ਼ਵ ਨਾਗਰਿਕ ਦੀ ਸਿਰਜਣਾ ਇਸ ਪ੍ਰਕਾਰ ਹੀ ਸੰਭਵ ਹੈ। ਅੱਜ ਹਰ ਵਿਅਕਤੀ ਆਪਣੇ ਆਪ ਨੂੰ ਕਿਸੇ ਨਾ ਕਿਸੇ ਦੇਸ਼ ਦਾ ਨਾਗਰਿਕ ਮੰਨਦਾ ਹੈ।ਉਹ ਆਪਣੇ ਦੇਸ਼ ਪ੍ਰਤੀ ਤਾਂ ਸ਼ਾਇਦ ਆਪਣੇ ਫਰਜ਼ਾਂ ਨੂੰ ਪਛਾਣ ਲਵੇ, ਪਰ ਵਿਸ਼ਵ ਪ੍ਰਤੀ ਆਪਣੇ ਕਿਸੇ ਵੀ ਫ਼ਰਜ਼ ਦੀ ਨਿਸ਼ਾਨਦੇਹੀ ਨਹੀਂ ਕਰਦਾ।ਇਸ ਲਈ ਜ਼ਰੂਰੀ ਹੈ ਕਿ ਵਿਸ਼ਵ ਨਾਗਰਿਕ ਦੀ ਸਿਰਜਣਾ ਹੋਵੇ, ਜੋ ਕਿ ਪੂਰੇ ਵਿਸ਼ਵ ਪ੍ਰਤੀ ਜਾਗਰੂਕ ਅਤੇ ਵਿਸ਼ਵ ਵਿਕਾਸ ਲਈ ਆਪਣੇ ਯੋਗਦਾਨ ਨੂੰ ਯਕੀਨੀ ਬਣਾਏ।

ਇਸ ਤਰ੍ਹਾਂ ਵਿਸਮਾਦੀ ਯੁੱਗ ਦੀ ਸ਼ੁਰੂਆਤ ਹੋਵੇਗੀ। ਇਹ ਵਿਸਮਾਦੀ ਯੁੱਗ ਸਾਨੂੰ ਕਾਦਰ ਅਤੇ ਕੁਦਰਤ ਦੀ ਗੋਦ ਵਿੱਚ ਲੈ ਜਾਵੇਗਾ। ਜਿੱਥੇ ਅਸੀਂ ਮਹਿਕਦੀ ਹੋਈ ਕੁਦਰਤ ਨਾਲ ਇਕਸੁਰ ਹੋ ਕੇ ਵਿਗਾਸਮੁਖੀ ਜੀਵਨ ਬਤੀਤ ਕਰਾਂਗੇ। ਸੋ ਅੰਤ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਵਿਸਮਾਦੀ ਸ਼ਾਸ਼ਕੀ ਵਿਵਸਥਾ ਹੀ ਸਾਡੇ ਕੋਲ ਇਕੋ ਇਕ ਹੱਲ ਹੈ ਜਿਸ ਨਾਲ ਮਾਨਵੀ ਹੋਂਦ ਅਤੇ ਇਸ ਧਰਤੀ ਨੂੰ ਬਚਾਇਆ ਜਾ ਸਕਦਾ ਹੈ। ਮਨੁੱਖਤਾ ਵਿੱਚ ਪਿਆਰ, ਏਕਤਾ ਅਤੇ ਖੇੜਿਆਂ ਨੂੰ ਕਾਇਮ ਰੱਖਣ ਲਈ ਇਸ ਪ੍ਰਬੰਧ ਦੀ ਮੱਹਤਵਪੂਰਨ ਲੋੜ ਹੈ।ਸਾਨੂੰ ਇਸ ਪ੍ਰਤੀ ਜਾਗਰੂਕ ਹੋਣ ਅਤੇ ਗਹਿਰੇ ਚਿੰਤਨ ਦੀ ਲੋੜ ਹੈ, ਜਿਸ ਦੁਆਰਾ ਅਜਿਹੇ ਪ੍ਰਬੰਧ ਨੂੰ ਅਮਲੀ ਰੂਪ ਵਿੱਚ ਲਾਗੂ ਕੀਤਾ ਜਾ ਸਕੇ।

-ਵਿਕਰਮਜੀਤ ਸਿੰਘ ਤਿਹਾੜਾ
*ਖੋਜਾਰਥੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ
ਸੰਪਰਕ ਨੰ:- +91 98555 34961

# ਗੁਰਦੁਆਰਾ ਮੋਤੀ ਬਾਗ ਸਾਹਿਬ ਵਿਖੇ ਭਾਈ ਨੰਦ ਲਾਲ ਗੋਯਾ ਜੀ ਦੇ ਨਾਮ ਤੇ ਲੰਗਰ ਹਾਲ ਦਾ ਉਦਘਾਟਨ







ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਸ. ਹਰਮੀਤ ਸਿੰਘ ਕਾਲਕਾ ਨੇ ਗੁਰਦੁਆਰਾ ਮੋਤੀ ਬਾਗ ਸਾਹਿਬ ਵਿਚ ਭਾਈ ਨੰਦ ਲਾਲ ਗੋਯਾ ਜੀ ਦੇ ਨਾਂ ’ਤੇ ਬਣੇ ਲੰਗਰ ਹਾਲ ਦੇ ਉਦਘਾਟਨ ਮੌਕੇ ਜੁੜੀ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਅਫਗਾਨਿਸਤਾਨ ਸਿੱਖ ਭਾਈਚਾਰੇ ਖਾਸ ਤੌਰ ’ਤੇ ਭਾਈ ਤੇਜਿੰਦਰ ਸਿੰਘ ਸੋਨੀ ਦਾ ਧੰਨਵਾਦ ਕਰਦੇ ਹਨ ਜਿਹਨਾਂ ਨੇ ਭਾਈ ਨੰਦ ਲਾਲ ਜੀ ਦੇ ਇਤਿਹਾਸ ਬਾਰੇ ਸਾਨੂੰ ਜਾਣੂ ਕਰਵਾਇਆ ਤੇ ਦੱਸਿਆ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਉਨ੍ਹਾਂ ਨੂੰ ਕਲਮ ਦੇ ਕੇ ਜ਼ਿੰਮੇਵਾਰੀ ਸੌਂਪੀ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਨੇ ਸਾਨੂੰ ਵੱਖੋ ਵੱਖ ਜ਼ਿੰਮੇਵਾਰੀਆਂ ਸੌਂਪੀਆਂ ਹਨ ਜੋ ਸਾਨੂੰ ਪੂਰੀਆਂ ਡੱਟ ਕੇ ਨਿਭਾਉਣੀਆਂ ਚਾਹੀਦੀਆਂ ਹਨ। ਜਦੋਂ ਭਾਈ ਨੰਦ ਲਾਲ ਜੀ ਦੀ ਸੇਵਾ ਬਾਰੇ ਸਾਨੂੰ ਜਾਣਕਾਰੀ ਮਿਲੀ ਤਾਂ ਅਸੀਂ ਉਦੋਂ ਹੀ ਫੈਸਲਾ ਕੀਤਾ ਕਿ ਭਾਈ ਸਾਹਿਬ ਦੇ ਨਾਂ ’ਤੇ ਲੰਗਰ ਹਾਲ ਦੀ ਉਸਾਰੀ ਕੀਤੀ ਜਾਵੇਗੀ ਤੇ ਉਸਾਰੀ ਦੀ ਸੇਵਾ ਬਾਬਾ ਬਚਨ ਸਿੰਘ ਜੀ ਕਾਰ ਸੇਵਾ ਵਾਲਿਆਂ ਨੇ ਸੰਪੂਰਨ ਕੀਤੀ ਹੈ।

ਇਸ ਮੌਕੇ ਉਨ੍ਹਾਂ ਨਾਲ ਕਮੇਟੀ ਮੈਂਬਰ ਬੀਬੀ ਰਣਜੀਤ ਕੌਰ, ਵਿਕਰਮ ਸਿੰਘ ਰੋਹਿਣੀ, ਆਤਮਾ ਸਿੰਘ ਲੁਬਾਣਾ, ਗੁਰਦੇਵ ਸਿੰਘ, ਗੁਰਪ੍ਰੀਤ ਸਿੰਘ ਜੱਸਾ, ਹਰਪਾਲ ਸਿੰਘ ਕੋਛੜ, ਜਤਿੰਦਰਪਾਲ ਸਿੰਘ ਗੋਲਡੀ, ਜਸਮੀਰ ਸਿੰਘ ਖਾਲਸਾ, ਪਰਮਜੀਤ ਸਿੰਘ ਭਾਟੀਆ, ਜਸਪ੍ਰੀਤ ਸਿੰਘ ਵਿੱਕੀ ਮਾਨ, ਹਰਜੀਤ ਸਿੰਘ ਬੇਦੀ, ਮਨਜੀਤ ਸਿੰਘ ਆਦਿ ਵੀ ਹਾਜ਼ਰ ਸਨ ।

## ਸ੍ਰੀ ਦਰਬਾਰ ਸਾਹਿਬ ਵਿਚ ਵਾਪਰੀ ਬੇਅਦਬੀ ਦੀ ਘਟਨਾ ਮੰਦਭਾਗੀ

ਸ. ਹਰਮੀਤ ਸਿੰਘ ਕਾਲਕਾ ਨੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਵਾਪਰੀ ਮੰਦਭਾਗੀ ਘਟਨਾ ਦੇ ਮੱਦੇਨਜ਼ਰ ਦਿੱਲੀ ਦੀਆਂ ਸਮੂਹ ਸਿੰਘ ਸਭਾਵਾਂ ਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਅਪੀਲ ਕੀਤੀ ਕਿ ਕੌਮੀ ਰਾਜਧਾਨੀ ਵਿਚ ਗੁਰਦੁਆਰਾ ਸਾਹਿਬ ਅੰਦਰ ਪੂਰੀ ਚੌਕਸੀ ਰੱਖੀ ਜਾਵੇ। ਉਨ੍ਹਾਂ ਕਿਹਾ ਕਿ ਉਹ ਗਿਆਨੀ ਬਲਜੀਤ ਸਿੰਘ ਦੇ ਅੱਗੇ ਨਤਮਸਤਕ ਹੁੰਦੇ ਹਨ ਜਿਨ੍ਹਾਂ ’ਤੇ ਗੁਰੂ ਰਾਮ ਦਾਸ ਜੀ ਨੇ ਕ੍ਰਿਪਾ ਕੀਤੀ ਤੇ ਉਹ ਬਿਨਾਂ ਵਿਚਲਤ ਹੋਏ ਨਿਰਵਿਘਨ ਰਹਰਾਸਿ ਸਾਹਿਬ ਦਾ ਪਾਠ ਕਰਦੇ ਰਹੇ ਅਤੇ ਮੌਕੇ ’ਤੇ ਹਾਜ਼ਰ ਸਿੰਘਾਂ ਨੇ ਉਸ ਦੁਸ਼ਟ ਨੂੰ ਕਾਬੂ ਕੀਤਾ। ਉਨ੍ਹਾਂ ਕਿਹਾ ਇਹ ਬਹੁਤ ਹੀ ਮੰਦਭਾਗੀ ਗੱਲ ਹੈ ਕਿ ਜਦੋਂ ਵੀ ਪੰਜਾਬ ਵਿਚ ਚੋਣਾਂ ਨੇੜੇ ਆਉਂਦੀਆਂ ਹਨ, ਬੇਅਦਬੀ ਵਰਗੀਆਂ ਮੰਦਭਾਗੀਆਂ ਘਟਨਾਵਾਂ ਗੁਰੂ ਘਰਾਂ ਵਿਚ ਵਾਪਰਣ ਲੱਗ ਪੈਂਦੀਆਂ ਹਨ ਜਿਨ੍ਹਾਂ ਦਾ ਮਕਸਦ ਕੌਮ ਨੂੰ ਦੋਫਾੜ ਕਰਨਾ, ਆਪਸੀ ਭਾਈਚਾਰਕ ਸਾਂਝ ਖਰਾਬ ਕਰਨਾ, ਸ਼ਾਂਤੀ ਤੇ ਫਿਰਕੂ ਸਦਭਾਵਨਾ ਭੰਗ ਕਰਨਾ ਹੈ।



# ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸ਼ਹੀਦੀ ਦਿਹਾੜਾ ਸ਼ਰਧਾ-ਸਤਿਕਾਰ ਨਾਲ ਮਨਾਇਆ





ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ 346ਵਾਂ ਸ਼ਹੀਦੀ ਦਿਹਾੜਾ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਮੌਕੇ ਕਮੇਟੀ ਦੇ ਵੱਖ ਵੱਖ ਗੁਰਦੁਆਰਾ ਸਾਹਿਬਾਨ ਵਿਚ ਧਾਰਮਿਕ ਦੀਵਾਨ ਸਜਾਏ ਗਏ ਤੇ ਗੁਰਮਤਿ ਸਮਾਗਮ ਆਯੋਜਿਤ ਕੀਤੇ ਗਏ।

ਮੁੱਖ ਸਮਾਗਮ ਗੁਰਦੁਆਰਾ ਰਕਾਬ ਗੰਜ ਸਾਹਿਬ ਵਿਚ ਭਾਈ ਲੱਖੀ ਸ਼ਾਹ ਵਣਜਾਰਾ ਹਾਲ ਵਿਚ ਹੋਇਆ। ਇਥੇ ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਦਿੱਲੀ ਗੁਰਦੁਆਰਾ ਕਮੇਟੀ ਦੇ ਜਨਰਲ ਸਕੱਤਰ ਸ. ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਸਿੱਖ ਕੌਮ ਦੁਨੀਆਂ ਦੀ ਇਕਲੌਤੀ ਕੌਮ ਹੈ ਜਿਸਨੂੰ ਸ਼ਹਾਦਤਾਂ ਗੁਰੂ ਸਾਹਿਬਾਨ ਵੱਲੋਂ ਵਿਰਸੇ ਵਿਚ ਮਿਲੀਆਂ ਹਨ। ਉਹਨਾਂ ਕਿਹਾ ਕਿ ਗੁਰੂਅਰਜਨ ਦੇਵ ਜੀ ਨੇ ਆਪਣੀ ਸ਼ਹੀਦੀ ਦੇ ਕੇ ਇਸਦੀ ਸ਼ੁਰੂਆਤ ਕੀਤੀ ਸੀ ਤੇ ਗੁਰੂ ਤੇਗ ਬਹਾਦਰ ਸਾਹਿਬ ਨੇ ਆਪਣੀ ਸ਼ਹਾਦਤ ਦੇ ਕੇ ਮਨੁੱਖਤਾ ਦੀ ਰਾਖੀ ਕੀਤੀ।

ਸ. ਕਾਲਕਾ ਨੇ ਕਿਹਾ ਕਿ ਦਿੱਲੀ ਕਮੇਟੀ ਵੱਲੋਂ ਪੰਥ ਦੀ ਸੇਵਾ ਵਾਸਤੇ ਜੋ ਕਾਰਜ ਕੀਤੇ ਜਾ ਰਹੇ ਹਨ, ਉਸ ਵਿਚ ਸੰਗਤ ਦਾ ਯੋਗਦਾਨ ਬਹੁਤ ਅਹਿਮੀਅਤ ਰੱਖਦਾ ਹੈ। ਭਾਵੇਂ ਕੋਈ ਵੀ ਸੇਵਾ ਹੋਵੇ, ਸੰਗਤਾਂ ਦਾ ਦਸੰਵਧ ਜਿਥੇ ਕਾਰਜਾਂ ਨੂੰ ਪ੍ਰਵਾਨ ਚੜ੍ਹਾਉਣ ਵਿਚ ਕਮੇਟੀ ਲਈ ਸਹਾਈ ਹੁੰਦਾ ਹੈ, ਉਥੇ ਹੀ ਗੁਰੂ ਸਾਹਿਬ ਦੇ ਆਸ਼ੀਰਵਾਦ ਨਾਲ ਕਮੇਟੀ ਨੂੰ ਇਹ ਕਾਰਜ ਕਰਨ ਲਈ ਤਾਕਤ ਦੀ ਬਖ਼ਸ਼ਦਾ ਹੈ।

ਉਨ੍ਹਾਂ ਕਿਹਾ ਕਿ ਗੁਰੂ ਸਾਹਿਬਾਨ ਦੇ ਨਾਲ ਭਾਈ ਸਤੀ ਦਾਸ, ਭਾਈ ਮਤੀ ਤੇ ਭਾਈ ਦਿਆਲਾ ਜੀ ਦੀ ਸ਼ਹਾਦਤ ਵੀ ਕਦੇ ਭੁੱਲੀ ਨਹੀਂ ਜਾ ਸਕਦੀ ਜਿਹਨਾਂ ਨੇ ਗੁਰੁ ਸਾਹਿਬ ਤੋਂ ਪਹਿਲਾ ਸ਼ਹਾਦਤਾਂ ਦਿੱਤੀਆਂ। ਉਹਨਾਂ ਕਿਹਾ ਕਿ ਗੁਰੂ ਸਾਹਿਬ ਨੇ ਸ਼ਹਾਦਤਾਂ ਦੇ ਕੇ ਇਹ ਨਿਆਰਾ ਪੰਥ ਚਲਾਇਆ ਤੇ ਸਿੱਖੀ ਸਰੂਪ ਵਿਚ ਸਾਨੂੰ ਜਨਮ ਦੇ ਸਾਡਾ ਜੀਵਨ ਸਫਲਾ ਕੀਤਾ। ਉਹਨਾਂ ਕਿਹਾ ਕਿ ਗੁਰੂ ਸਾਹਿਬ ਦੇ ਦਰਸਾਏ ਮਾਰਗ ’ਤੇ ਚੱਲਦਿਆਂ ਹੀ ਅਸੀਂ ਮਨੁੱਖਤਾ ਦੀ ਸੇਵਾ ਕਰ ਰਹੇ ਹਾਂ।

ਇਸ ਮੌਕੇ ਪ੍ਰੋਗਰਾਮ ਵਿਚ ਹੋਰਨਾਂ ਤੋਂ ਇਲਾਵਾ ਪੰਥ ਰਤਨ ਬਾਬਾ ਹਰਬੰਸ ਸਿੰਘ ਜੀ ਦੇ ਵਰੋਸਾਏ ਬਾਬਾ ਬਚਨ ਸਿੰਘ, ਬੀਬੀ ਰਣਜੀਤ ਕੌਰ, ਵਿਕਰਮਜੀਤ ਸਿੰਘ ਰੋਹਿਣੀ, ਸਰਵਜੀਤ ਸਿੰਘ ਵਿਰਕ, ਅਮਰਜੀਤ ਸਿੰਘ ਪਿੰਕੀ, ਗੁਰਦੇਵ ਸਿੰਘ, ਆਤਮਾ ਸਿੰਘ ਲੁਬਾਣਾ, ਹਰਜੀਤ ਸਿੰਘ ਪੱਪਾ, ਦਲਜੀਤ ਸਿੰਘ ਸਰਨਾ, ਸੁਖਬੀਰ ਸਿੰਘ, ਜਸਵੀਰ ਸਿੰਘ ਕਰਮਸਰ ਕਨਵੀਨਰ ਧਰਮ ਪ੍ਰਚਾਰ ਕਮੇਟੀ, ਇੰਦਰਜੀਤ ਸਿੰਘ ਮੋਂਟੀ, ਸੁਰਜੀਤ ਸਿੰਘ ਤੇ ਹੋਰ ਸ਼ਖਸੀਅਤਾਂ ਵੀ ਸਮਾਗਮ ਵਿਚ ਹਾਜ਼ਰ ਸਨ।

### ਕਾਲੇ ਖੇਤੀ ਕਾਨੂੰਨ ਰੱਦ ਹੋਣ ‘ਤੇ ਸ਼ੁਕਰਾਨੇ ਵੱਜੋਂ

# ਕਿਸਾਨ ਆਗੂ ਗੁ: ਬੰਗਲਾ ਸਾਹਿਬ ਹੋਏ ਨਤਮਸਤਕ

## ਕਿਸਾਨਾਂ ਨੇ ਅੰਦੋਲਨ ਦੌਰਾਨ ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਕੀਤੀ ਸੇਵਾ ਨੂੰ ਅਹਿਮ ਦੱਸਿਆ





ਤਿੰਨ ਖੇਤੀ ਕਾਨੂੰਨਾਂ ਖਿਲਾਫ ਲੱਗੇ ਕਿਸਾਨ ਮੋਰਚੇ ਵਿਚ ਜਿੱਤ ਮਿਲਣ ਉਪਰੰਤ ਗੁਰਦੁਆਰਾ ਬੰਗਲਾ ਸਾਹਿਬ ਵਿਚ ਨਤਮਸਤਕ ਹੋਣ ਆਈ ਸੰਯੁਕਤ ਕਿਸਾਨ ਮੋਰਚੇ ਦੀ ਸਮੁੱਚੀ ਟੀਮ ਦਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਸਰਦਾਰ ਹਰਮੀਤ ਸਿੰਘ ਕਾਲਕਾ ਦੀ ਅਗਵਾਈ ਹੇਠ ਸਨਮਾਨ ਕੀਤਾ ਗਿਆ। ਇਸ ਮੌਕੇ ਹੋਏ ਸੰਖੇਪ ਸਮਾਗਮ ਵਿਚ ਸ. ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਗੁਰੂ ਸਾਹਿਬ ਦੀ ਅਪਾਰ ਬਖਸ਼ਿਸ਼ ਤੇ ਰਹਿਮਤ ਸਦਕਾ ਕਿਸਾਨ ਮੋਰਚੇ ਵਿਚ ਜਿੱਤ ਹੋਈ ਹੈ। ਉਨ੍ਹਾਂ ਕਿਹਾ ਕਿ ਇਸ ਮੋਰਚੇ ਵਾਸਤੇ ਦਿੱਲੀ ਗੁਰਦੁਆਰਾ ਕਮੇਟੀ ਤੇ ਦਿੱਲੀ ਦੀਆਂ ਸੰਗਤਾਂ ਨੇ ਆਪਣੇ ਵੱਲੋਂ ਬਣਦਾ ਯੋਗਦਾਨ ਪਾਇਆ ਹੈ ਜਿਸ ਲਈ ਵੀ ਅਕਾਲ ਪੁਰਖ ਦਾ ਸ਼ੁਕਰਾਨਾ ਕਰਦੇ ਹਾਂ।

ਸੰਯੁਕਤ ਕਿਸਾਨ ਮੋਰਚੇ ਦੇ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਇਸ ਲੜਾਈ ਨੂੰ ਜਿੱਤਣ ਵਿਚ ਦਿੱਲੀ ਦੀਆਂ ਸੰਗਤਾਂ ਤੇ ਦਿੱਲੀ ਗੁਰਦੁਆਰਾ ਕਮੇਟੀ ਦਾ ਵੀ ਅਹਿਮ ਰੋਲ ਰਿਹਾ। ਉਨ੍ਹਾਂ ਕਿਹਾ ਕਿ ਦਿੱਲੀ ਦੀਆਂ ਸਰਹੱਦਾਂ ’ਤੇ ਮੋਰਚੇ ਨੂੰ ਚਲਾਉਣਾ ਸਾਡੀ ਮਜਬੂਰੀ ਸੀ ਤੇ ਇਸ ਮੋਰਚੇ ਕਾਰਨ ਦਿੱਲੀ ਦੇ ਲੋਕਾਂ ਨੂੰ ਜੋ ਤਕਲੀਫਾਂ ਹੋਈਆਂ, ਉਸ ਲਈ ਸੰਯੁਕਤ ਕਿਸਾਨ ਮੋਰਚੇ ਵੱਲੋਂ ਅਸੀਂ ਮੁਆਫੀ ਮੰਗਦੇ ਹਾਂ।

ਮੋਰਚੇ ਦੇ ਆਗੂ ਰਾਕੇਸ਼ ਟਿਕੈਤ ਨੇ ਵੀ ਦਿੱਲੀ ਦੀਆਂ ਸੰਗਤਾਂ ਅਤੇ ਦਿੱਲੀ ਕਮੇਟੀ ਦਾ ਧੰਨਵਾਦ ਕੀਤਾ। ਉਹਨਾਂ ਕਿਹਾ ਕਿ ਮੋਰਚੇ ਵਿਚ ਜਿਥੇ ਸਥਾਨਕ ਲੋਕਾਂ ਅਤੇ ਦਿੱਲੀ ਗੁਰਦੁਆਰਾ ਕਮੇਟੀ ਤੇ ਹੋਰ ਗੁਰਧਾਮਾਂ ਦਾ ਯੋਗਦਾਨ ਰਿਹਾ ਹੈ, ਉਥੇ ਹੀ ਖਾਪ ਪੰਚਾਇਤਾਂ, ਡਾਕਟਰਾਂ ਤੇ ਹਸਪਤਾਲਾਂ ਦਾ ਯੋਗਦਾਨ ਰਿਹਾ, ਸਫਾਈ ਕਰਮਚਾਰੀਆਂ ਦਾ ਵੀ ਵੱਡਾ ਯੋਗਦਾਨ ਰਿਹਾ ਹੈ। ਉਹਨਾਂ ਕਿਹਾ ਕਿ ਜੋ ਲੋਕ ਆਪਣੇ ਪਿੰਡ, ਘਰ ਤੇ ਖੇਤ ਛੱਡ ਕੇ ਆਏ, ਉਹਨਾਂ ਦਾ ਵੱਡਾ ਯੋਗਦਾਨ। ਉਹਨਾਂ ਕਿਹਾ ਕਿ ਇਹ ਅੰਦੋਲਨ ਉਹਨਾਂ ਦੀ ਬਦੌਲਤ ਚੱਲਿਆ ਜਿਹਨਾਂ ਨੇ ਹਮੇਸ਼ਾ ਸੇਵਾ ਕੀਤੀ। ਉਹਨਾਂ ਕਿਹਾ ਕਿ ਅੰਦੋਲਨ ਗੁਰੂ ਸਾਹਿਬ ਦੀ ਰਹਿਮਤ ਸਦਕਾ ਸਫਲ ਹੋਇਆ ਹੈ ਤੇ ਸਰਕਾਰਾਂ ਨੂੰ ਵੀ ਮੋਰਚਾ ਖਤਮ ਕਰਵਾਉਣ ਵਾਸਤੇ ਗੁਰੂ ਦੀ ਸ਼ਰਣ ਪੈਣਾ ਪਿਆ ਤੇ ਗੁਰਪੁਰਬ ਵਾਲੇ ਦਿਨ ਕਾਲੇ ਕਾਨੂੰਨ ਖਤਮ ਕਰਨ ਦਾ ਐਲਾਨ ਹੋਇਆ।

ਸ੍ਰੀ ਟਿਕੈਤ ਨੇ ਕਿਹਾ ਮੋਰਚੇ ਦੀ ਬਦੌਲਤ 300 ਸਾਲਾਂ ਤੋਂ ਟੁੱਟੀ ਸਾਂਝ ਮੁੜ ਪੈ ਗਈ ਹੈ। ਉਹਨਾਂ ਕਿਹਾ ਕਿ ਅੰਗਰੇਜ਼ਾਂ ਦੇ ਸਮੇਂ ਵੱਖ ਵੱਖ ਰਾਜਾਂ ਦੇ ਲੋਕਾਂ ਦੀ ਆਪਸੀ ਸਾਂਝ ਟੁੱਟਦੀ ਚਲੀ ਪਰ ਹੁਣ ਮੋਰਚੇ ਦੀ ਬਦੌਲਤ ਇਹ ਸਾਂਝ ਮੁੜ ਪੈ ਗਈ ਹੈ। ਉਨ੍ਹਾਂ ਕਿਹਾ ਕਿ ਮਹਿੰਦਰ ਸਿੰਘ ਟਿਕੈਤ ਕਹਿੰਦੇ ਹੁੰਦੇ ਸਨ ਕਿ ਪੰਜਾਬ ਅਗਵਾਈ ਕਰੇਗਾ, ਹਰਿਆਣਾ ਨਾਲ ਲੱਗੇਗਾ ਤੇ ਦਿੱਲੀ ਦੇ 300 ਕਿਲੋਮੀਟਰ ਦੇ ਘੇਰੇ ਦੇ ਲੋਕ ਇਕਜੁੱਟ ਹੋਣਗੇ ਤੇ ਉਹ ਸਮਾਂ ਆ ਗਿਆ ਤੇ ਸਫਲਤਾ ਵੀ ਮਿਲੀ ਹੈ।

ਇਸ ਮੌਕੇ ਕਿਸਾਨ ਆਗੂ ਮਨਜੀਤ ਸਿੰਘ ਰਾਏ ਤੇ ਹੋਰਨਾਂ ਨੇ ਵੀ ਵਿਚਾਰ ਰੱਖੇ।











ਕਿਸਾਨ ਆਗੂਆਂ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਿਤ ਕਰਦੇ
ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਬੰਧਕ ਅਤੇ ਮੈਂਬਰ ।

# ਅਫਗਾਨਿਸਤਾਨ ਤੋਂ ਪੁੱਜੇ ਪਾਵਨ ਸਰੂਪ ਗੁਰਮਰਿਆਦਾ ਨਾਲ ਗੁ: ਸਾਹਿਬ ਤਕ ਪਹੁੰਚਾਏ



ਅਫਗਾਨਿਸਤਾਨ ਦੀ ਰਾਜਧਾਨੀ ਕਾਬੁਲ ਤੋਂ ਇਕ ਵਿਸ਼ੇਸ਼ ਉਡਾਣ ਰਾਹੀਂ ਇਥੇ ਲਿਆਂਦੇ ਗਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦੋ ਸਰੂਪ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੂਰਨ ਗੁਰਮਰਿਆਦਾ ਨਾਲ ਇਥੇ ਗੁਰਦੁਆਰਾ ਗੁਰੂਅਰਜਨ ਦੇਵ ਜੀ ਮਹਾਵੀਰ ਨਗਰ ਵਿਖੇ ਪਹੁੰਚਾਏ ਗਏ।

ਕਮੇਟੀ ਦੇ ਲੀਗਲ ਸੈਲ ਦੇ ਚੇਅਰਮੈਨ ਜਗਦੀਪ ਸਿੰਘ ਕਾਹਲੋਂ ਤੇ ਧਰਮ ਪ੍ਰਚਾਰ ਕਮੇਟੀ ਦੇ ਕਨਵੀਨਰ ਜਸਪ੍ਰੀਤ ਸਿੰਘ ਕਰਮਸਰ ਨੇ ਦੱਸਿਆ ਕਿ ਇਨ੍ਹਾਂ ਦੋ ਸਰੂਪਾਂ ਨੂੰ ਲਿਆਉਣ ਲਈ ਵਿਸ਼ੇਸ਼ ਤੌਰ 'ਤੇ ਫੁੱਲਾਂ ਨਾਲ ਸ਼ੁਸੋਭਿਤ ਪਾਲਕੀ ਸਾਹਿਬ ਸਮੇਤ ਕਮੇਟੀ ਦੀ ਟੀਮ ਕੌਮਾਂਤਰੀ ਹਵਾਈ ਅੱਡੇ 'ਤੇ ਪਹੁੰਚੀ ਸੀ ਜਿਸ ਨੇ ਅਫਗਾਨਿਸਤਾਨ ਤੋਂ ਪਹੁੰਚੇ ਸਿੰਘਾਂ ਦਾ ਵੀ ਨਿੱਘਾ ਸਵਾਗਤ ਕੀਤਾ। ਸਰੂਪ ਲਿਆਉਣ ਵਾਲੇ ਜੱਥੇ ਵਿਚ ਸ਼ਾਮਲ ਸਿੰਘਾਂ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਸਰੂਪਾਂ ਨੂੰ ਲਿਆਉਣ ਵਾਸਤੇ ਗਏ ਜੱਥੇ ਦੀ ਅਗਵਾਈ ਪੰਜ ਪਿਆਰਿਆਂ ਨੇ ਕੀਤੀ।

ਇਸ ਮੌਕੇ ਕਮੇਟੀ ਮੈਂਬਰ ਰਮਨਜੋਤ ਸਿੰਘ, ਗੁਰਪ੍ਰੀਤ ਸਿੰਘ ਜੱਸਾ, ਜਸਮੇਨ ਸਿੰਘ ਨੋਨੀ, ਗੁਰਮੀਤ ਸਿੰਘ ਭਾਟੀਆ ਤੇ ਸੰਗਤ ਵੱਡੀ ਗਣਤੀ ਵਿਚ ਹਾਜ਼ਰ ਸੀ।

# ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਵਿਚ ਲਗਣਗੀਆਂ ਸਮਾਰਟ ਕਲਾਸਾਂ

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਚਲਾਏ ਜਾ ਰਹੇ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਵਿੱਚ ਆਉਂਦੇ ਵਿਦਿਅਕ ਸੈਸ਼ਨ ਤੋਂ ਸਮਾਰਟ ਕਲਾਸਾਂ ਸ਼ੁਰੂ ਕੀਤੀਆਂ ਜਾਣਗੀਆਂ। ਇਹ ਜਾਣਕਾਰੀ ਕਮੇਟੀ ਦੇ ਜਨਰਲ ਸਕੱਤਰ ਹਰਮੀਤ ਸਿੰਘ ਕਾਲਕਾ ਨੇ ਦਿੱਤੀ। ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਦੇ ਪ੍ਰਿੰਸੀਪਲਾਂ ਨਾਲ ਮੀਟਿੰਗ ਦੌਰਾਨ ਹਰਮੀਤ ਸਿੰਘ ਕਾਲਕਾ ਨੇ ਇਹ ਫੈਸਲਾ ਲਿਆ। ਕਾਲਕਾ ਨੇ ਦੱਸਿਆ ਕਿ ਉਨ੍ਹਾਂ ਨੇ ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਚਲਾ ਜਾ ਰਹੇ ਸਾਰੇ ਵਿਦਿਅਕ ਅਦਾਰਿਆਂ ਵਿਚ ਦਰਪੇਸ਼ ਮੁਸ਼ਕਿਲਾਂ ਤੇ ਅਗਲੇ ਸੈਸ਼ਨਾਂ ਲਈ ਰੁਪ ਰੇਖਾ ਉਲੀਕਣ ਵਾਸਤੇ ਮੀਟਿੰਗਾਂ ਦਾ ਦੌਰ ਸ਼ੁਰੂਕੀਤਾ ਹੈ। ਉਨ੍ਹਾਂ ਦੱਸਿਆ ਕਿ ਕਰੋਨਾ ਮਹਾਮਾਰੀ ਦੇ ਦੌਰ ਵਿਚ ਵਿਦਿਅਕ ਖੇਤਰ ਨੂੰ ਸਭ ਤੋਂ ਵੱਧ ਮਾਰ ਪਈ ਹੈ, ਜਿਸ ਕਾਰਨ ਸਟਾਫ ਦੀਆਂ ਤਨਖਾਹਾਂ ਤੇ ਹੋਰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ ਹੈ।

# ਗੁਰੂ ਗ੍ਰੰਥ ਸਾਹਿਬ ਅਧਿਐਨ ਸ਼ਾਰਟ ਟਰਮ ਕੋਰਸ ਲਈ ਦਾਖਲੇ ਸ਼ੁਰੂ

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਚੱਲ ਰਹੇ ਗੁਰਮਤਿ ਕਾਲਜ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਸ਼ਾਰਟ ਟਰਮ ਕੋਰਸ ਲਈ ਦਾਖਲੇ ਸ਼ੁਰੂ ਕਰ ਦਿੱਤੇ ਗਏ ਹਨ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਕਮੇਟੀ ਦੇ ਧਰਮ ਪ੍ਰਚਾਰ ਸੈੱਲ ਦੇ ਕਨਵੀਨਰ ਜਸਪ੍ਰੀਤ ਸਿੰਘ ਕਰਮਸਰ ਨੇ ਦੱਸਿਆ ਕਿ ਇਹ ਤਿੰਨ ਮਹੀਨੇ ਦਾ ਕੋਰਸ ਹੈ, ਜਿਸਦੀਆਂ ਕਲਾਸਾਂ ਸ਼ਨਿਚਰਵਾਰ ਨੂੰ ਦੁਪਹਿਰ 2.30 ਤੋਂ ਸ਼ਾਮ 4.30 ਵਜੇ ਤੱਕ ਤੇ ਐਤਵਾਰ ਸਵੇਰੇ 11 ਵਜੇ ਤੋਂ ਦੁਪਹਿਰ 1 ਵਜੇ ਤੱਕ ਲੱਗਣਗੀਆਂ। ਉਨ੍ਹਾਂ ਦੱਸਿਆ ਕਿ ਇਹ ਕੋਰਸ ਕਿਸੇ ਵੀ ਉਮਰ ਦਾ ਵਿਅਕਤੀ ਕਰ ਸਕਦਾ ਹੈ।

ਸ. ਕਰਮਸਰ ਨੇ ਦੱਸਿਆ ਕਿ ਕੋਰਸ ਦੌਰਾਨ ਪੰਜਾਬੀ ਲਿਖਣ ਤੇ ਪੜ੍ਹਨ ਦੀ ਸਿਖਲਾਈ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਚਾਹਵਾਨ ਆਪਣੀ ਰਜਿਸਟਰੇਸ਼ਨ ਕਰਵਾ ਸਕਦੇ ਹਨ।

# ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਚਿੱਠਾ ਆਮਦਨ-ਖਰਚ ਮਹੀਨਾ ਅਕਤੂਬਰ 2021 (ਆਮਦਨ ਭਾਗ)

| ਅਕਾਊਂਟਸ ਖਰਚ | ਗੁਰਦੁਆਰਾ ਬਦਰਪੁਰ ਸਾਹਿਬ | ਗੁਰਦੁਆਰਾ ਬਾਲਾ ਸਾਹਿਬ | ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ | ਗੁਰਦੁਆਰਾ ਬੰਗਲਾ ਸਾਹਿਬ | ਗੁਰਦੁਆਰਾ ਭਾਈ ਲਾਲੋ ਜੀ | ਗੁਰਦੁਆਰਾ ਦਮਦਮਾ ਸਾਹਿਬ | ਗੁਰਦੁਆਰਾ ਦਰਿਆ ਗੰਜ | ਗੁਰਦੁਆਰਾ ਚੱਕਾਧੀਰ ਪੁਰ | ਗੁਰਦੁਆਰਾ ਕਰੋਲ ਬਾਗ | ਗੁਰਦੁਆਰਾ ਮਜਨੂੰ ਟਿੱਲਾ ਸਾਹਿਬ | ਗੁਰਦੁਆਰਾ ਮਾਤਾ ਸੁੰਦਰੀ ਜੀ | ਗੁਰਦੁਆਰਾ ਮੋਤੀ ਬਾਗ ਸਾਹਿਬ | ਗੁਰਦੁਆਰਾ ਨਾਨਕ ਪਿਆਉ | ਗੁ: ਪੀਪਲ ਮਹਾਦੇਵ ਸਾਹਿਬ | ਗੁਰਦੁਆਰਾ ਰਕਾਬ ਗੰਜ ਸਾਹਿਬ | ਗੁਰਦੁਆਰਾ ਰਣਜੀਤ ਨਗਰ | ਗੁਰਦੁਆਰਾ ਆਰ.ਕੇ. ਪੁਰਮ | ਗੁਰਦੁਆਰਾ ਸੀਸ ਗੰਜ ਸਾਹਿਬ | ਦਿੱਲੀ ਕਮੇਟੀ ਐਡਮਿਨ-ਸਟ੍ਰੇਸ਼ਨ | ਹਸਪਤਾਲ ਅਤੇ ਡਿਸਪੈਂਸਰੀ | ਜਾਇਦਾਦ ਅਕਾਊਂਟਸ | ਸਕੂਲ/ਕਾਲਜ ਅਤੇ ਇੰਸਟੀਚਿਊਟ |
|---|---|---|---|---|---|---|---|---|---|---|---|---|---|---|---|---|---|---|---|---|---|---|
| ਚੜ੍ਹਤ / ਗੋਲਕ | --- | 154907 | 4280 | 27041657 | 5520 | 1500 | --- | 1676 | --- | 87892 | 790320 | 390387 | 2126340 | --- | 1791370 | 3780 | --- | 13464560 | --- | --- | --- | --- |
| ਲੰਗਰ | 6121 | 75052 | 37366 | 9826430 | 25413 | 253748 | --- | 5867 | 21183 | 262717 | 26617 | 881125 | 1361988 | --- | 1592686 | --- | 8300 | 2769290 | --- | --- | --- | --- |
| ਪ੍ਰਸ਼ਾਦਿ | --- | 365495 | 1601 | 9728568 | 21600 | 182459 | --- | 3925 | 17550 | 309453 | 32130 | 664262 | 2376920 | --- | 984876 | 5700 | --- | 4238549 | --- | --- | --- | --- |
| ਸ੍ਰੀ ਆਖੰਡ ਪਾਠ | --- | 36600 | 91500 | 2360700 | 24400 | 24400 | 30500 | 6100 | 12200 | 128100 | 36600 | 198443 | 414800 | --- | 207400 | 6100 | 6100 | 945500 | --- | --- | --- | --- |
| ਕਿਊ.ਐਮ.ਸੀ. | 875 | 23003 | 645 | --- | 690 | 3057 | 550 | 780 | 1455 | 9640 | 13063 | 7148 | 16387 | 300 | 34246 | 750 | --- | 19805 | --- | --- | --- | --- |
| ਸਰਾਂ | --- | 5000 | --- | 1092250 | --- | 52700 | --- | --- | --- | 39700 | --- | 555550 | --- | --- | 154100 | --- | --- | 569725 | --- | --- | --- | --- |
| ਬਿਲਡਿੰਗ | --- | --- | --- | 352050 | 8600 | 1500 | --- | --- | --- | --- | --- | 42800 | --- | --- | 14220 | 11500 | 5100 | --- | --- | --- | --- | --- |
| ਫੁਟਕਲ | --- | 563 | --- | 379931 | --- | --- | --- | --- | --- | --- | 9600 | 674 | 22464 | --- | 25064 | 19500 | --- | 279649 | --- | --- | 1025611 | --- |
| ਅਨੰਦ ਕਾਰਜ ਭੇਟਾ | --- | --- | --- | --- | --- | 65100 | --- | --- | --- | --- | --- | --- | 32300 | --- | 304500 | --- | --- | --- | --- | --- | --- | --- |
| ਗੁਰਪੁਰਬ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 2600 | --- | --- | --- |
| ਸੈਂਟ੍ਰਾਲਾਈਜ਼ ਡੋਨੇਸ਼ਨ | --- | --- | --- | 8550063 | --- | --- | --- | --- | --- | --- | --- | --- | --- | --- | --- | --- | --- | 617528 | --- | --- | --- | --- |
| ਸੂਦ/ਜੁਰਮਾਨਾ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 30675 | --- | --- | --- |
| ਮੈਡੀਕਲ ਫੀਸ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 4231776 | --- | --- |
| ਐਜੂਕੇਸ਼ਨ ਫੰਡ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 1910000 | --- | --- | --- |
| ਗੁ. ਬਾਬਾ ਬੁੱਢਾ ਜੀ TDI City | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 9105 | --- | --- | --- |
| ਗੁ: ਮਿਲਾਪ ਨਗਰ, ਉਤਮ ਨਗਰ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 260 | --- | --- | --- |
| ਗੁਰੂ ਨਾਨਕ ਸੁਖਸ਼ਾਲਾ ਬਿਰਧ ਘਰ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 10310 | --- | --- | --- |
| ਐਫ.ਸੀ.ਆਰ.ਏ. ਡੋਨੇਸ਼ਨ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 635911 | --- | --- | --- |
| ਐਜੂਕੇਸ਼ਨ ਫੀਸ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 698740 |
| ਪ੍ਰਿੰਟਿੰਗ ਪ੍ਰੈਸ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 46500 | --- | --- | --- |
| ਪ੍ਰਚਾਰ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 39950 | --- | --- | --- |
| ਪਿੰਨੀ ਪ੍ਰਸ਼ਾਦ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 304000 | --- | --- | --- |
| ਰਾਗੀ ਭੇਟਾ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 26950 | --- | --- | --- |
| ਜੋੜ | 6996 | 660620 | 135392 | 59331649 | 86223 | 584464 | 31050 | 18348 | 52388 | 837502 | 908330 | 2740389 | 6351199 | 300 | 5108462 | 47330 | 19500 | 22904606 | 3016261 | 4231776 | 1025611 | 698740 |

Note : The information in this documents in unaudited, therefore these are subject to change without notice and should not be construed as a commitment by DSGMC.

# ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਚਿੱਠਾ ਆਮਦਨ-ਖਰਚ ਮਹੀਨਾ ਅਕਤੂਬਰ 2021 (ਖਰਚ ਭਾਗ)

| ਅਕਾਊਂਟਸ ਆਮਦਨ | ਗੁਰਦੁਆਰਾ ਬਦਰਪੁਰ ਸਾਹਿਬ | ਗੁਰਦੁਆਰਾ ਬਾਲਾ ਸਾਹਿਬ | ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ | ਗੁਰਦੁਆਰਾ ਬੰਗਲਾ ਸਾਹਿਬ | ਗੁਰਦੁਆਰਾ ਭਾਈ ਲਾਲੋ | ਗੁਰਦੁਆਰਾ ਦਮਦਮਾ ਸਾਹਿਬ | ਗੁਰਦੁਆਰਾ ਦਰਿਆ ਗੰਜ | ਗੁਰਦੁਆਰਾ ਢੱਕਾਪੀਰ ਪੁਰ | ਗੁਰਦੁਆਰਾ ਕਰੋਲ ਬਾਗ | ਗੁਰਦੁਆਰਾ ਮਜਨੂੰ ਟਿੱਲਾ ਸਾਹਿਬ | ਗੁਰਦੁਆਰਾ ਮਾਤਾ ਸੁੰਦਰੀ ਜੀ | ਗੁਰਦੁਆਰਾ ਮੋਤੀ ਬਾਗ ਸਾਹਿਬ | ਗੁਰਦੁਆਰਾ ਨਾਨਕ ਪਿਆਉ | ਗੁਰਦੁਆਰਾ ਪਿਪਲ ਮਹਾਂਦੇਵ | ਗੁਰਦੁਆਰਾ ਰਕਾਬ ਗੰਜ ਸਾਹਿਬ | ਗੁਰਦੁਆਰਾ ਰਣਜੀਤ ਨਗਰ | ਗੁਰਦੁਆਰਾ ਆਰ.ਕੇ. ਪੁਰਮ | ਗੁਰਦੁਆਰਾ ਸੀਸ ਗੰਜ ਸਾਹਿਬ | ਦਿੱਲੀ ਕਮੇਟੀ ਦੀ ਹੋਰ ਆਮਦਨ | ਹਸਪਤਾਲ ਅਤੇ ਡਿਸਪੈਂਸਰੀ | ਜਾਇਦਾਦ ਅਕਾਊਂਟਸ | ਸਕੂਲ/ਕਾਲਜ ਅਤੇ ਇੰਸਟੀਚਿਊਟ |
|---|---|---|---|---|---|---|---|---|---|---|---|---|---|---|---|---|---|---|---|---|---|---|
| ਲੰਗਰ | 36520 | 276832 | 36446 | 3650109 | 1234 | 105765 | 3404 | 20465 | 24080 | 345105 | 96047 | 791140 | 513590 | --- | 1100719 | 5114 | 5016 | 2316180 | --- | --- | --- | --- |
| ਪ੍ਰਸ਼ਾਦਿ/ਪ੍ਰਸ਼ਾਦਿ ਹਜ਼ੂਰੀ | 8460 | 303805 | 10382 | 3607672 | 22100 | 71504 | 7125 | 21485 | 32198 | 221164 | 15860 | 267538 | 2140823 | – | 503707 | – | – | 2361989 | – | – | – | – |
| ਸ੍ਰੀ ਆਖੰਡ ਪਾਠ | – | 76750 | 9600 | 1261054 | 4800 | 40081 | 24000 | 4800 | 4800 | 131208 | 24657 | 227230 | 313677 | – | 123992 | 4800 | 15360 | 390569 | – | – | – | – |
| ਬਿਜਲੀ / ਪਾਣੀ | – | 776169 | 15440 | – | 36830 | 129400 | 6340 | 11260 | 168810 | 163980 | 53780 | 378250 | 942643 | – | 1082854 | 32930 | 14570 | 1733691 | – | – | – | – |
| ਫੁਟਕਲ | 44544 | 118020 | 24344 | 646431 | 6677 | 52478 | 24645 | – | 8840 | 163527 | 99642 | 169855 | 551437 | – | 330626 | 21796 | 16923 | 236724 | – | – | – | – |
| ਟੈਲੀਫੋਨ | – | 667 | – | 8298 | 667 | 667 | – | – | 667 | 1102 | 667 | 984 | 2166 | – | 3433 | – | – | 667 | – | – | – | – |
| ਸਫਾਈ ਤੇ ਰੱਖਰਖਾਵ | --- | 71484 | 780 | 678705 | --- | 141600 | 204 | 275 | 743 | 2300 | 70915 | 266745 | 197862 | --- | 604045 | --- | --- | 614640 | --- | --- | --- | --- |
| ਕਨਵੈਂਸ ਚਾਰਜਿਸ | --- | 8500 | 2670 | 3350 | 300 | 950 | 150 | 350 | --- | 950 | 160 | 1150 | 710 | --- | 3460 | --- | 240 | 2000 | --- | --- | --- | --- |
| ਬਿਲਡਿੰਗ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 7588760 | --- | --- |
| ਰਿਪੇਅਰ ਤੇ ਰੱਖਰਖਾਵ | --- | 284429 | 1780 | 669955 | 9000 | 61340 | --- | 7480 | --- | 21742 | 67800 | 75255 | 120140 | --- | 346645 | --- | --- | 197385 | --- | --- | --- | 97990 |
| ਕਿਰਾਇਆ ਸਾਊਂਡ ਸਿਸਟਮ | --- | 8500 | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- |
| ਕਿਰਾਇਆ ਟੈਂਟ | --- | --- | --- | 1123598 | --- | --- | --- | --- | --- | --- | --- | 5302 | 159579 | --- | --- | --- | --- | --- | --- | --- | --- | --- |
| ਐਡਵਰਟਾਇਜ਼ਮੈਂਟ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 175000 | --- | --- | --- |
| ਆਡਿਟ ਫੀਸ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 472000 | --- | --- | --- |
| ਕੰਪਿਊਟਰ ਰਿਪੇਅਰ ਤੇ ਰੱਖ ਰਖਾਵ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 40147 | --- | --- | --- |
| ਐਜੂਕੇਸ਼ਨ ਖਰਚ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 1506399 |
| ਮੁਲਾਜ਼ਮ ਭਲਾਈ ਖਰਚ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 414236 | --- | --- | --- |
| ਗੁ. ਬਾਬਾ ਬੁੱਢਾ ਜੀ T.D.I City | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 72929 | --- | --- | --- |
| ਗੁ. ਮੰਗੋਲਪੁਰੀ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 28335 | --- | --- | --- |
| ਗੁ. ਮਿਲਾਪ ਨਗਰ, ਉਤਮ ਨਗਰ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 14891 | --- | --- | --- |
| ਗੁਰੂ ਨਾਨਕ ਸੁਖਸ਼ਾਲਾ ਬਿਰਧ ਘਰ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 124457 | --- | --- | --- |
| ਗੁਰਪੁਰਬ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 773940 | --- | --- | --- |
| ਸਹਾਇਤਾ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 2729884 | --- | --- | --- |
| ਲੀਗਲ ਐਂਡ ਪ੍ਰੋਫੈਸਨਲ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 2525194 | --- | --- | --- |
| ਮੈਡੀਕਲ ਚਾਰਜਿਸ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 5722533 | --- | --- |
| ਆਫਿਸ ਖਰਚੇ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 1898911 | --- | --- | --- |
| ਪ੍ਰਚਾਰ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 6319980 | --- | --- | --- |
| ਪੈਟਰੋਲ, ਡੀਜਲ ਤੇ ਸੀ.ਐਨ.ਜੀ. | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 802415 | --- | --- | --- |
| ਪਿੰਨੀ ਪ੍ਰਸ਼ਾਦਿ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 199000 | --- | --- | --- |
| ਪ੍ਰਿੰਟਿੰਗ ਪ੍ਰੈਸ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 16058 | --- | --- | --- |
| ਜਾਇਦਾਦ ਰੱਖ-ਰਖਾਵ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 452474 | --- |
| ਰਾਗੀ ਭੇਟਾ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 741632 | --- | --- | --- |
| ਰਿਪੇਅਰ ਅਤੇ ਰੱਖ ਰਖਾਵ ਗੱਡੀਆਂ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 171432 | --- | --- | --- |
| ਤਨਖਾਹ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 35612940 | --- | --- | --- |
| ਸੋਲਰ ਸਿਸਟਮ ਪਲਾਂਟ | --- | --- | --- | 39520 | --- | --- | --- | --- | --- | --- | --- | --- | 50160 | --- | 464740 | --- | --- | --- | --- | --- | --- | --- |
| ਸਟੀਚਿੰਗ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 35382 | --- | --- | --- |
| ਜੋੜ | 89524 | 1925156 | 101442 | 11688692 | 81608 | 603785 | 65868 | 66115 | 240138 | 1051078 | 429528 | 2183449 | 4992787 | | 4564221 | 64640 | 52109 | 7853845 | 53168763 | 13311293 | 452474 | 1604389 |

Note : The information in this documents in unaudited, therefore these are subject to change without notice and should not be construed as a commitment by DSGMC.

# ਜਨਵਰੀ ਮਹੀਨੇ ਦੀਆਂ ਸਿੱਖ ਇਤਿਹਾਸਕ ਘਟਨਾਵਾਂ...

1 ਜਨਵਰੀ: * ਕ੍ਰਿਪਾਨ 'ਤੇ ਲੱਗੀ ਪਾਬੰਦੀ ਵਿਰੁੱਧ ਲੱਗੇ ਮੋਰਚੇ ਵਿੱਚ ਪਹਿਲੇ ਜਥੇ ਨੇ ਗ੍ਰਿਫ਼ਤਾਰੀ ਦਿੱਤੀ। (ਸੰਨ 1936 ਈ.)

2 ਜਨਵਰੀ: * ਭਾਈ ਸੁੱਖਾ ਸਿੰਘ ਤੇ ਭਾਈ ਮਹਿਤਾਬ ਸਿੰਘ ਨੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਅੰਦਰ ਮੱਸੇ ਰੰਘੜ ਦਾ ਸਿਰ ਵੱਢਿਆ ਤੇ ਬੁੱਢਾ ਜੋਹਰ ਸੰਗਤਾਂ ਦੇ ਸਨਮੁੱਖ ਪੇਸ਼ ਕੀਤਾ। (ਸੰਨ 1741 ਈ.)

3 ਜਨਵਰੀ: * ਸਾਈਂ ਮੀਆਂ ਮੀਰ ਜੀ ਨੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਨੀਂਹ ਰੱਖੀ। (ਸੰਨ 1588 ਈ.)

* ਸਰਕਾਰ ਨੇ ਅਕਾਲੀ ਦਲ ਦੇ ਨੇਤਾਵਾਂ ਨਾਲ ਗੱਲਬਾਤ ਕਰਨ ਲਈ ਮਾਸਟਰ ਤਾਰਾ ਸਿੰਘ ਨੂੰ ਜੇਲ੍ਹ ਤੋਂ ਰਿਹਾਅ ਕੀਤਾ। (ਸੰਨ 1961 ਈ.)

4 ਜਨਵਰੀ: * ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਵਿੱਚ ਪਹਿਲੀ ਚੋਣ ਲੜੀ। (ਸੰਨ 1937 ਈ.)

5 ਜਨਵਰੀ: * ਗੁਰਦੁਆਰਾ ਭਾਈ ਫੇਰੂ ਲਾਹੌਰ ਦਾ ਮੋਰਚਾ ਸ਼ੁਰੂ ਹੋਇਆ (ਸੰਨ 1924 ਈ.)

* ਅਕਾਲੀ ਲਹਿਰ ਦੇ ਮੋਢੀ ਮਾਸਟਰ ਸੁੰਦਰ ਸਿੰਘ ਜੀ ਅਕਾਲ ਚਲਾਣਾ ਕਰ ਗਏ। (ਸੰਨ 1969 ਈ.)

6 ਜਨਵਰੀ: * ਭਾਈ ਕੇਹਰ ਸਿੰਘ ਤੇ ਸਤਵੰਤ ਸਿੰਘ ਨੂੰ ਫਾਂਸੀ ਦਿੱਤੀ ਗਈ। (1989 ਈ.)

7 ਜਨਵਰੀ: * ਪੁਲਿਸ ਵੱਲੋਂ ਸ਼੍ਰੋਮਣੀ ਕਮੇਟੀ ਦੇ ਦੂਜੇ ਜਥੇ ਦੇ 62 ਮੈਂਬਰਾਂ ਨੂੰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਗ੍ਰਿਫ਼ਤਾਰ ਕਰ ਲਿਆ। (ਸੰਨ 1924 ਈ.)

8 ਜਨਵਰੀ: * ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਮਾਸਟਰ ਤਾਰਾ ਸਿੰਘ ਤੇ ਭਾਰਤ ਦੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਵਿਚਕਾਰ ਪੰਜਾਬੀ ਸੂਬੇ ਸਬੰਧੀ ਗੱਲਬਾਤ ਹੋਈ। (ਸੰਨ 1961 ਈ.)

9 ਜਨਵਰੀ: * ਅਕਾਲੀ ਲਹਿਰ ਦੇ ਮੋਢੀ ਮਾਸਟਰ ਮੋਤਾ ਸਿੰਘ ਜੀ ਜਲੰਧਰ ਵਿਖੇ ਅਕਾਲ ਚਲਾਣਾ ਕਰ ਗਏ। (ਸੰਨ 1960 ਈ.)

10 ਜਨਵਰੀ: * ਸਿੰਘਾਂ ਨੇ ਦਿੱਲੀ ਉੱਪਰ ਪਾਣੀਪਤ ਵੱਲੋਂ ਹਮਲਾ ਕੀਤਾ ਤੇ ਜਿੱਤ ਪ੍ਰਾਪਤ ਕੀਤੀ। (ਸੰਨ 1770 ਈ.)

* ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਮਾਸਟਰ ਤਾਰਾ ਸਿੰਘ ਜੀ ਨੇ ਪੰਜਾਬੀ ਸੂਬੇ ਦੀ ਸੰਵਿਧਾਨਕ ਲੜਾਈ ਲੜਣ ਦਾ ਐਲਾਨ ਕੀਤਾ। (ਸੰਨ 1961 ਈ.)

11 ਜਨਵਰੀ: * ਜਹਾਨ ਖਾਨ ਦੀਆਂ ਫ਼ੌਜਾਂ ਤੇ ਸਿੰਘਾਂ ਵਿਚਕਾਰ ਸ੍ਰੀ ਅੰਮ੍ਰਿਤਸਰ ਦੇ ਨੇੜੇ ਟੱਕਰ ਹੋਈ। (ਸੰਨ 1797 ਈ.)

* ਸ਼੍ਰੋਮਣੀ ਅਕਾਲੀ ਦਲ ਦੇ ਆਗੂ ਜਥੇਦਾਰ ਊਧਮ ਸਿੰਘ ਨਾਗੋਕੇ ਦਾ ਚੰਡੀਗੜ੍ਹ ਵਿਖੇ ਅਕਾਲ ਚਲਾਣਾ ਹੋਇਆ। (ਸੰਨ 1966 ਈ.)

12 ਜਨਵਰੀ: * ਸਿੱਖ ਹਿਸਟਰੀ ਸੁਸਾਇਟੀ ਨੇ ਇੱਕ ਮੀਟਿੰਗ ਕਰਕੇ ਸਿੱਖ ਸੈਂਟਰਲ ਲਾਇਬ੍ਰੇਰੀ ਖੋਲ੍ਹਣ ਦਾ ਫ਼ੈਸਲਾ ਕੀਤਾ। (ਸੰਨ 1946 ਈ.)

* ਪੰਥ ਨੇ ਸ੍ਰੀ ਅਨੰਦਪੁਰ ਸਾਹਿਬ ਦਾ ਪ੍ਰਬੰਧ ਸੰਭਾਲਿਆ। (ਸੰਨ 1923 ਈ.)

13 ਜਨਵਰੀ: * ਸਿੱਖਾਂ ਅਤੇ ਅੰਗ੍ਰੇਜ਼ਾਂ ਵਿਚਕਾਰ ਜੰਗ ਚਿਲਿਆਂ ਵਾਲੀ ਵਿਖੇ ਹੋਇਆ। (ਸੰਨ 1849 ਈ.)

* ਸ੍ਰ. ਲਛਮਣ ਸਿੰਘ ਗਿੱਲ ਮੁੱਖ ਮੰਤਰੀ ਪੰਜਾਬ ਨੇ ਪੰਜਾਬੀ ਨੂੰ ਜ਼ਿਲ੍ਹਾ ਪੱਧਰ 'ਤੇ ਜਾਰੀ ਕੀਤਾ। (ਸੰਨ 1968 ਈ.)

14 ਜਨਵਰੀ: * ਸਿੰਘਾਂ ਨੇ ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਵਿੱਚ ਸਰਹਿੰਦ ਫ਼ਤਹਿ ਕੀਤੀ। (ਸੰਨ 1764 ਈ.)

* ਅੰਗ੍ਰੇਜ਼ ਸਰਕਾਰ ਨੇ ਗੁਰਦੁਆਰਾ ਰਕਾਬ ਗੰਜ ਸਾਹਿਬ ਦੀ ਕੰਧ ਢਾਹੀ। (ਸੰਨ 1914 ਈ.)

15 ਜਨਵਰੀ: * ਭਗਤ ਨਾਮਦੇਵ ਜੀ ਜੋਤੀ ਜੋਤਿ ਸਮਾਏ।

* ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਚੜ੍ਹਾਈ ਕਰ ਗਏ।

* ਪੁੰਡਰੀ ਹਰਿਆਣਾ ਵਿਖੇ ਇੱਕ ਸਾਕੇ ਦੌਰਾਨ 4 ਸਿੰਘ ਸ਼ਹੀਦ ਕੀਤੇ ਗਏ। (ਸੰਨ 1978 ਈ.)

16 ਜਨਵਰੀ: * ਸ਼੍ਰੋਮਣੀ ਅਕਾਲੀ ਦਲ ਦੇ ਆਗੂ ਜਥੇਦਾਰ ਊਧਮ ਸਿੰਘ ਨਾਗੋਕੇ ਦੀ ਪ੍ਰਧਾਨਗੀ ਹੇਠ ਹੋਈ ਇਕੱਤਰਤਾ ਵਿੱਚ ਸਾਈਮਨ ਕਮਿਸ਼ਨ ਦੇ ਬਾਈਕਾਟ ਦਾ ਐਲਾਨ ਕੀਤਾ। (ਸੰਨ 1928 ਈ.)

* ਸ੍ਰ. ਚੜ੍ਹਤ ਸਿੰਘ ਸ਼ੁਕਰਚੱਕੀਆ ਨੇ ਗੁਜਰਾਂਵਾਲਾ ’ਤੇ ਕਬਜ਼ਾ ਕੀਤਾ। (ਸੰਨ 1766 ਈ.)

17 ਜਨਵਰੀ: * ਸ਼੍ਰੋਮਣੀ ਅਕਾਲੀ ਦਲ ਵੱਲੋਂ ਅਮਰਜੈਂਸੀ ਵਿਰੁੱਧ ਲਗਾਇਆ ਮੋਰਚਾ ਫ਼ਤਹਿ ਹੋਇਆ। (ਸੰਨ 1977 ਈ.)

* ਸ੍ਰ. ਜੱਸਾ ਸਿੰਘ ਆਹਲੂਵਾਲੀਆ ਤੇ ਹੋਰ ਸਿੰਘ ਸਰਦਾਰਾਂ ਨੇ ਅੰਮ੍ਰਿਤਸਰ ਵਿਖੇ ਅਹਿਮਦ ਸ਼ਾਹ ਅਬਦਾਲੀ ਤੇ ਜਰਨੈਲ ਬਖਸ਼ੀ ਜਹਾਨ ਖਾਨ ਨੂੰ ਲੱਕ ਤੋੜਵੀਂ ਹਾਰ ਦਿੱਤੀ। (ਸੰਨ 1767 ਈ.)

18 ਜਨਵਰੀ: * 16 ਨਾਮਧਾਰੀ ਸਿੱਖ ਬਗ਼ਾਵਤ ਦੇ ਕੇਸ ਵਿੱਚ ਅੰਗ੍ਰੇਜ਼ਾਂ ਵੱਲੋਂ ਤੋਪਾਂ ਨਾਲ ਉਡਾ ਕੇ ਸ਼ਹੀਦ ਕੀਤੇ ਗਏ।

* ਗਿਆਨੀ ਗੁਰਮੁਖ ਸਿੰਘ ਮੁਸਾਫ਼ਰ ਅਕਾਲ ਚਲਾਣਾ ਕਰ ਗਏ। (ਸੰਨ 1976 ਈ.)

19 ਜਨਵਰੀ: * ਸਰਦਾਰ ਸੇਵਾ ਸਿੰਘ ਠੀਕਰੀ ਵਾਲੇ ਨੇ ਲੰਬੀ ਭੁੱਖ ਭੁਗਤਣ ਉਪਰੰਤ ਸ਼ਹੀਦੀ ਪਾਈ। (ਸੰਨ 1935 ਈ.)

* ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦਾ ਮੋਰਚਾ ਫ਼ਤਹਿ ਹੋਇਆ- ਸੰਨ 1922 ਈ., ਜਦੋਂ ਅੰਗ੍ਰੇਜ਼ਾਂ ਨੇ ਬਾਬਾ ਖੜਕ ਸਿੰਘ ਜੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸੱਜੇ ਦੀਵਾਨ ਵਿੱਚ ਚਾਬੀਆਂ ਸਪੁਰਦ ਕੀਤੀਆਂ।

20 ਜਨਵਰੀ: * ਬੱਬਰ ਅਕਾਲੀ ਕੇਸ ਦੀ ਸੁਣਵਾਈ ਦੌਰਾਨ 5 ਨੂੰ ਫ਼ਾਂਸੀ, 11 ਨੂੰ ਉਮਰ ਕੈਦ ਅਤੇ 38 ਬੱਬਰਾਂ ਨੂੰ 4-4 ਸਾਲ ਦੀ ਕੈਦ ਦਾ ਹੁਕਮ ਸੁਣਾਇਆ ਗਿਆ। (1926 ਈ.)

* ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਦੀਆਂ ਵਿਰੋਧੀ ਪਾਰਟੀਆਂ ਨੂੰ ਨਾਲ ਲੈ ਕੇ ਪੰਜਾਬ ਅਸੈਂਬਲੀ ਦਾ ਜ਼ਬਰਦਸਤ ਘੇਰਾਉ ਕੀਤਾ। (ਸੰਨ 1981 ਈ.)

21 ਜਨਵਰੀ: * ਗਵਰਨਰ ਪੰਜਾਬ ਨੇ ਗੁਰਦੁਆਰਾ ਬਿੱਲ ਦਾ ਖਰੜਾ ਪ੍ਰਕਾਸ਼ਤ ਕਰਵਾਇਆ। (ਸੰਨ 1925 ਈ.)

* ਅੰਗ੍ਰੇਜ਼ਾਂ ਤੇ ਸਿੱਖਾਂ ਵਿੱਚ ਬੱਦੋਵਾਲ ਦੀ ਲੜਾਈ ਹੋਈ। (ਸੰਨ 1846 ਈ.)

22 ਜਨਵਰੀ: * ਮੁਲਤਾਨ ਦਾ ਹਿੱਸਾ ਵੀ ਪੰਜਾਬ ਵਾਂਗ ਅੰਗ੍ਰੇਜ਼ਾਂ ਦੇ ਕਬਜ਼ੇ ਵਿੱਚ ਆਇਆ। (ਸੰਨ 1848 ਈ.)

23 ਜਨਵਰੀ: * ਪੰਜਾਬੀ ਸੂਬੇ ਮੋਰਚੇ ਦੌਰਾਨ ਸ੍ਰ. ਤੀਰਥ ਸਿੰਘ ਦੀ ਸ਼ਹੀਦੀ ਹੋਈ। (ਸੰਨ 1960 ਈ.)

24 ਜਨਵਰੀ: * ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁੱਖ ਭਰੇ ਦੀਵਾਨ ਵਿੱਚ ਇੱਕ ਬੀਬੀ ਵੱਲੋਂ ਸ੍ਰੀ ਤਰਨਤਾਰਨ ਵਿਖੇ ਪੁਜਾਰੀਆਂ ਦੇ ਅੱਤਿਆਚਾਰ ਬਾਰੇ ਦੱਸਿਆ ਗਿਆ। (ਸੰਨ 1921 ਈ.)

25 ਜਨਵਰੀ: * ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਥ ਦੀ ਅਰਦਾਸ ਵਿੱਚ ਜਿਨ੍ਹਾਂ ਗੁਰਧਾਮਾਂ ਨੂੰ ਪੰਥ ਤੋਂ ਵਿਛੋੜਿਆ ਗਿਆ ਹੈ, ਸ਼ਾਮਲ ਕਰਨ ਲਈ ਕਿਹਾ। (ਸੰਨ 1952 ਈ.)

* ਜਥੇਦਾਰ ਤੇਜਾ ਸਿੰਘ ਭੁੱਚਰ ਦੀ ਅਗਵਾਈ ਹੇਠ 40 ਸਿੰਘਾਂ ਦਾ ਜਥਾ ਗੁਰਦੁਆਰਾ ਸਾਹਿਬ ਦੀ ਅਜ਼ਾਦੀ ਲਈ ਸ੍ਰੀ ਤਰਨਤਾਰਨ ਵਿਖੇ ਪੁੱਜਿਆ। (ਸੰਨ 1921 ਈ.)

26 ਜਨਵਰੀ: * ਪੁਜਾਰੀਆਂ ਦੇ ਕਬਜ਼ੇ ਵਿੱਚੋਂ ਸ੍ਰੀ ਦਰਬਾਰ ਸਾਹਿਬ ਸ੍ਰੀ ਤਰਨਤਾਰਨ ਦਾ ਪ੍ਰਬੰਧ ਪੰਥਕ ਹੱਥਾਂ ਵਿੱਚ ਆਇਆ। (ਸੰਨ 1921 ਈ.)

27 ਜਨਵਰੀ: * ਸਿੱਖ ਪੰਥ ਦੇ ਉੱਘੇ ਜਰਨੈਲ ਬਾਬਾ ਦੀਪ ਸਿੰਘ ਜੀ (ਸ਼ਹੀਦ) ਦਾ ਜਨਮ ਪਿੰਡ ਪਹੁਵਿੰਡ ਵਿਖੇ ਹੋਇਆ। (ਸੰਨ 1682 ਈ.)

28 ਜਨਵਰੀ: * ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀ ਚੌਥੀ ਉਦਾਸੀ ਦੌਰਾਨ ਮੱਕੇ ਪਹੁੰਚੇ। (ਸੰਨ 1520 ਈ.)

29 ਜਨਵਰੀ: * ਸ੍ਰ. ਦਰਸ਼ਨ ਸਿੰਘ ਫੇਰੂਮਾਨ ਦੀ ਅਗਵਾਈ ਹੇਠ 500 ਸਿੰਘਾਂ ਦਾ 14ਵਾਂ ਸ਼ਹੀਦੀ ਜਥਾ ਜੈਤੋ ਵਿਖੇ ਗ੍ਰਿਫ਼ਤਾਰ ਕੀਤਾ ਗਿਆ। (ਸੰਨ 1925 ਈ.)

* ਅੰਗ੍ਰੇਜ਼ਾਂ ਤੇ ਸਿੱਖਾਂ ਦੀ ਜੰਗ ਪਿੰਡ ਆਲੀਵਾਲ (ਜਗਰਾਉਂ) ਵਿਖੇ ਹੋਈ, ਜਿਸ ਵਿੱਚ ਸਿੱਖਾਂ ਦਾ ਭਾਰੀ ਨੁਕਸਾਨ ਹੋਇਆ। (ਸੰਨ 1846 ਈ.)

30 ਜਨਵਰੀ: * ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਜਥੇਦਾਰ ਉਜਾਗਰ ਸਿੰਘ ਸੇਖਵਾਂ ਅਕਾਲ ਚਲਾਣਾ ਕਰ ਗਏ। (ਸੰਨ 1990 ਈ.)

31 ਜਨਵਰੀ: * ਕ੍ਰਿਪਾਨ ’ਤੇ ਲੱਗੀ ਪਾਬੰਦੀ ਵਿਰੁੱਧ ਮੋਰਚਾ ਸਰਕਾਰ ਵੱਲੋਂ ਦਫ਼ਾ 144 ਹਟਾਏ ਜਾਣ ’ਤੇ ਖ਼ਤਮ ਹੋਇਆ। (ਸੰਨ 1936 ਈ.)

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਧਰਮਿੰਦਰ ਸਿੰਘ ਜਨਰਲ ਮੈਨੇਜਰ, ਪ੍ਰਿੰਟਰ ਤੇ ਪਬਲੀਸ਼ਰ ਨੇ ਗੁਰ ਉਪਦੇਸ਼ ਪ੍ਰਿੰਟਰਜ਼, ਗੁਰੂ ਗ੍ਰੰਥ ਸਾਹਿਬ ਭਵਨ,
ਗੁਰਦੁਆਰਾ ਰਕਾਬ ਗੰਜ ਸਾਹਿਬ ਤੋਂ ਕੰਪੋਜ਼ ਕਰਵਾ ਅਤੇ ਛਪਵਾ ਕੇ ਗੁਰੂ ਗੋਬਿੰਦ ਸਿੰਘ ਭਵਨ, ਗੁਰਦੁਆਰਾ ਰਕਾਬ ਗੰਜ ਸਾਹਿਬ, ਨਵੀਂ ਦਿੱਲੀ-110001 ਤੋਂ ਪ੍ਰਕਾਸ਼ਤ ਕੀਤਾ।

# ਸਰਬੰਸਦਾਨੀ

ਪਟਨਾ ਸ਼ਹਿਰ ਵਿਖੇ ਅੱਜ ਪ੍ਰਕਾਸ਼ ਭਰਪੂਰ ਹੋਇਆ
ਪ੍ਰਗਟ ਜੱਗ ਅੰਦਰ ਦਸਮ ਰੱਬੀ ਨੂਰ ਹੋਇਆ ।

ਸਾਜਨ ਲਈ ਪੰਥ ਖਾਲਸਾ ਆਪ ਹਾਜ਼ਰ ਹਜ਼ੂਰ ਹੋਇਆ
ਗੁਰੂ ਗ੍ਰੰਥ ਦੇ ਲੜ ਲਾਉਣ ਲਈ ਜੱਗ ਜਾਹਿਰਾ ਜਹੂਰ ਹੋਇਆ

ਸੱਜਦਾ ਕਰਨ ਉਸ ਨੂਰਾਨੀ ਜੋਤ ਵੱਲ
ਭੀਖਣ ਸ਼ਾਹ ਸੀ ਦਿਲੋਂ ਮਜ਼ਬੂਰ ਹੋਇਆ ।

ਧੰਨ ਧੰਨ ਸਤਿਗੁਰੂ ਆਈ ਅਵਾਜ਼ ਅੰਦਰੋਂ
ਲਾਲ ਗੁਜਰੀ ਦਾ ਵੇਖ ਨਿਹਾਲ ਪੀਰ ਹੋਇਆ ।

ਕੇਸਗੜ੍ਹ ਵਿੱਚ ਲਾਇਆ ਦੀਵਾਨ ਚੋਜੀ
ਗੂੰਜਿਆ ਪੰਡਾਲ ਨਾਲ ਜੈਕਾਰਿਆਂ ਸੀ ।

ਧਰਮ ਯੁੱਧ ਲਈ ਕੀਤਾ ਤਿਆਰ ਪੰਥ ਖਾਲਸਾ
ਪਾਹੁਲ ਖੰਡੇ ਦੀ ਦਿੱਤੀ ਪੰਜਾਂ ਪਿਆਰਿਆਂ ਸੀ ।

ਆਪੇ ਗੁਰ ਚੇਲਾ ਦੀ ਰੀਤ ਚਲਾ ਕੇ
ਦਾਤਾ ਮਾਣ ਬਖ਼ਸ਼ਿਆ ਤੂੰ ਗੁਰੂ ਦੁਲਾਰਿਆਂ ਸੀ ।

ਦੀਨਾ ਦੁਖੀਆਂ ਤੇ ਦਰਦੀਆਂ ਨੂੰ
ਖਤਾਬ ਸਿੰਘ ਦਾ ਦੇ ਕੇ ਸਤਕਾਰਿਆ ਸੀ ।

'ਕੌਰ' ਬਖ਼ਸ਼ਿਆ ਖਿਤਾਬ ਬੀਬੀਆਂ ਨੂੰ
ਨਾਲ 'ਸਿੰਘ' ਦੇ 'ਕੌਰ' ਨੂੰ ਖਲਾਰਿਆ ਸੀ ।

ਚਿੜੀਆਂ ਤੋਂ ਬਾਜ਼ ਤੁੜਵਾਣ ਵਾਲਿਆ
ਤੂੰ ਆਪ ਸੌਂਪੀਆਂ ਮਜ਼ਲੂਮਾਂ ਨੂੰ ਸਰਦਾਰੀਆਂ ਸੀ ।

ਜਾਤ ਵਰਨ ਛੂਤ-ਛਾਤ ਸਭ ਛੱਡ ਦੇਵੋ
ਇਹ ਸੰਦੇਸ਼ ਖਾਲਸੇ ਨੂੰ ਕਰ ਗਿਆ ਸੀ ।

ਵਹਿਮਾਂ ਭਰਮਾਂ ਤੇ ਰਸਮਾਂ ਨੂੰ ਕੱਢ ਦੇਵੋ
ਐਸਾ ਪੈਗਾਮ ਖਾਲਸੇ ਵੱਲ ਧਰ ਗਿਆ ਸੀ ।

ਰਹਿਤਵਾਨ ਹੋ ਕੇ ਵਿਚਰਨਾ ਤੁਸੀਂ ਜੀਵਨ ਅੰਦਰ
ਇਹ ਆਦੇਸ਼ ਖਾਲਸੇ ਨੂੰ ਕਰ ਗਿਆ ਸੀ ।

ਤਿਲਕ ਜੰਞੂ ਦੀ ਰੱਖਿਆ ਕਰਨ ਖਾਤਿਰ
ਸੀਸ ਪਿਤਾ ਦਾ ਇਸ ਜੱਗ ਤੋਂ ਵਾਰਿਆ ਸੀ ।

ਨੀਹਾਂ ਵਿੱਚ ਚਿਣਵਾ ਕੇ ਲਾਲ ਛੋਟੇ-ਛੋਟੇ
ਮਹਿਲ ਸਿੱਖੀ ਦਾ ਵੱਡਾ ਉਸਾਰਿਆ ਸੀ ।

ਭਾਜੜਾਂ ਪੈ ਗਈਆਂ ਸਨ ਮੈਦਾਨ-ਏ-ਜੰਗ ਅੰਦਰ
ਧਮਕ 'ਅਜੀਤ' ਤੇ 'ਜੁਝਾਰ' ਦੀ ਜਦੋਂ ਲਲਕਾਰਿਆ ਸੀ ।

ਸਮਸ਼ੀਰ ਤੇਰੀ ਮਿਆਨੋ ਤਾ ਫੜਕ ਕੇ ਬਾਹਰ ਨਿਕਲੀ
ਜਦੋਂ ਇਨ੍ਹਾਂ ਬਗੈਰਤਾਂ ਆਣ ਪੁਕਾਰਿਆ ਸੀ ।

ਤੇਰੀ ਤੇਗ ਤੋਂ ਤੋਬਾ ਤੋਬਾ ਵੈਰੀ ਕਰਨ ਲੱਗੇ
ਜਦੋਂ ਤਿੱਖੀਆਂ ਨੇ ਪ੍ਰਚੰਡ ਸ਼ਿੰਗਾਰਿਆ ਸੀ ।

-ਸ. ਹਰਚਰਨ ਸਿੰਘ ਸੂਦਨ
ਜੰਮੂ-ਕਸ਼ਮੀਰ, ਮੋ. - 9419624278

Sis Ganj
Published : January 1, 2022
Posting : 5-10 January 2022, LPC, Delhi RMS
Delhi-110006
**JANUARY 2022**

DL (ND)-11/6040/2021-22-2023
U(C)-224/2021-23
RNI 10622/64

